Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Punjab Mail USA
Chief Editor: Gurjatinder Singh Randhawa



REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 805, 06 to 12 June, 2024, Ph: 916-320-9444, E-mail: punjabmailusa@yahoo.com, Web: punjabmailusa.com

### 7 ਜੂਨ ਨੂੰ ਹੋਵੇਗੀ ਐੱਨ.ਡੀ.ਏ. ਦੀ ਮੀਟਿੰਗ!

## ਨਰਿੰਦਰ ਮੋਦੀ 8 ਜੂਨ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਦੀ ਚੁੱਕਣਗੇ ਸਹੁੰ

- ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਸੌਂਪਿਆ ਅਸਤੀਫ਼ਾ!
- ਰਾਸ਼ਟਰਪਤੀ ਵੱਲੋਂ ਮੋਦੀ ਨੂੰ ਨਵੀਂ ਸਰਕਾਰ ਦੇ ਚਾਰਜ ਸੰਭਾਲਣ ਤੱਕ ਆਪਣੇ ਅਹੁਦੇ 'ਤੇ ਬਣੇ ਰਹਿਣ ਦੀ ਬੇਨਤੀ





**ਨਵੀਂ ਦਿੱਲੀ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਿਵਾਸ 'ਤੇ ਐੱਨ.ਡੀ.ਏ. ਦੀ ਬੈਠਕ 'ਚ ਗਠਜੋੜ ਦੇ ਨੇਤਾ ਦੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਮੋਹਰ ਲੱਗ ਗਈ। ਸਾਰੇ ਨੇਤਾਵਾਂ ਨੇ ਭਾਜਪਾ ਦਾ ਸਮਰਥਨ ਕੀਤਾ। ਇਸ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੇ ਅਹੁਦੇ ਤੋਂ ਮੋਦੀ ਦਾ ਅਸਤੀਫਾ ਸਵੀਕਾਰ ਕਰ ਲਿਆ। ਰਾਸ਼ਟਰਪਤੀ ਮੁਰਮੂ ਨੇ ਮੋਦੀ ਨੂੰ ਨਵੀਂ ਸਰਕਾਰ ਦੇ ਚਾਰਜ ਸੰਭਾਲਣ ਤੱਕ ਆਪਣੇ ਅਹੁਦੇ 'ਤੇ ਬਣੇ ਰਹਿਣ ਦੀ ਬੇਨਤੀ ਕੀਤੀ।

ਨਰਿੰਦਰ ਮੋਦੀ ਦੇ 8 ਜੂਨ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਦੀ ਸੰਭਾਵਨਾ ਹੈ। ਐੱਨ.ਡੀ.ਏ. ਨੇ 292 ਸੀਟਾਂ ਜਿੱਤ ਕੇ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਹੈ।

ਸੂਤਰਾਂ ਅਨੁਸਾਰ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸਰਕਾਰ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਚਾਹੁੰਦੇ ਹਨ ਅਤੇ ਚਾਹੁੰਦੇ ਹਨ ਕਿ ਨਰਿੰਦਰ ਮੋਦੀ 'ਤੇਜ਼ ਕਾਰਵਾਈ' ਕਰਨ। ਐੱਨ.ਡੀ.ਏ. ਦੀ ਮੀਟਿੰਗ ਦੌਰਾਨ ਉਨ੍ਹਾਂ ਨੇ ਪੀ.ਐੱਮ. ਮੋਦੀ ਨੂੰ ਕਿਹਾ, "ਜਲਦੀ ਕਰੋ। ਸਰਕਾਰ ਬਣਾਉਣ 'ਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਸਾਨੂੰ ਇਹ ਜਲਦੀ ਤੋਂ ਜਲਦੀ ਕਰਨਾ ਚਾਹੀਦਾ ਹੈ। ਇਹ ਮੀਟਿੰਗ ਲੋਕ ਸਭਾ ਚੋਣ ਨਤੀਜਿਆਂ ਦੇ ਐਲਾਨ ਤੋਂ ਇੱਕ ਦਿਨ ਬਾਅਦ ਹੋਈ, ਜਿਸ ਵਿਚ ਐੱਨ.ਡੀ.ਏ. ਨੇ 292 ਸੀਟਾਂ ਜਿੱਤੀਆਂ ਸਨ। ਇਸ ਮੀਟਿੰਗ ਵਿਚ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਟੀ.ਡੀ.ਪੀ. ਮੁਖੀ ਚੰਦਰਬਾਬੂ ਨਾਇਡੂ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਜੇ.ਡੀ.ਯੂ. ਆਗੂ ਲਲਨ ਸਿੰਘ ਅਤੇ ਸੰਜੇ ਝਾਅ ਮੌਜੂਦ ਸਨ। ਜੇਕਰ ਐੱਨ.ਡੀ.ਏ. ਸਰਕਾਰ ਬਣਾਉਂਦੀ ਹੈ, ਤਾਂ ਮੋਦੀ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਬਾਅਦ ਤੀਜੀ ਵਾਰ ਸੱਤਾ ਸੰਭਾਲਣ ਵਾਲੇ ਦੂਜੇ ਨੇਤਾ ਹੋਣਗੇ। ਸੂਤਰਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਿਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਜਾਇਜ਼ਾ ਲੈਣ ਲਈ ਕੇਂਦਰੀ ਕੈਬਨਿਟ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਅਗਲੀ ਸਰਕਾਰ ਦੇ ਗਠਨ ਨਾਲ ਸਬੰਧਤ ਮਾਮਲਿਆਂ 'ਤੇ ਵੀ ਚਰਚਾ ਕੀਤੀ।

ਪ੍ਰਧਾਨ ਮੰਤਰੀ ਨਿਵਾਸ 'ਤੇ ਸ਼ੁਰੂ ਹੋਈ ਮੋਦੀ 2.0 ਕੈਬਨਿਟ ਅਤੇ ਮੰਤਰੀ ਮੰਡਲ ਦੀ ਇਹ ਆਖਰੀ ਬੈਠਕ ਸੀ। ਐੱਨ.ਡੀ.ਏ. ਨੇਤਾਵਾਂ ਦੇ ਸਰਕਾਰ ਗਠਨ ਦੇ ਵੇਰਵਿਆਂ 'ਤੇ ਚਰਚਾ ਕਰਨ ਦੀ ਸੰਭਾਵਨਾ ਹੈ। ਜੇ.ਡੀ.ਯੂ. ਨੇਤਾ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਤੇਲਗੂ ਦੇਸ਼ਮ ਪਾਰਟੀ ਦੇ ਪ੍ਰਧਾਨ ਚੰਦਰਬਾਬੂ ਨਾਇਡੂ, ਜੋ ਆਂਧਰਾ ਪ੍ਰਦੇਸ਼ ਦੇ ਅਗਲੇ ਮੁੱਖ ਮੰਤਰੀ ਬਣਨ ਜਾ ਰਹੇ ਹਨ, ਮੀਟਿੰਗ 'ਚ ਸ਼ਾਮਲ ਹੋਏ।

## ਰਾਸ਼ਟਰਪਤੀ ਬਾਇਡਨ ਵੱਲੋਂ ਅਮਰੀਕਾ-ਮੈਕਸੀਕੋ ਬਾਰਡਰ ਨੂੰ ਪੂਰਨ ਤੌਰ 'ਤੇ ਬੰਦ ਕਰਨ ਦਾ ਐਲਾਨ

- ਰਾਜਨੀਤਿਕ ਸ਼ਰਨ ਲੈਣ ਵਾਲੇ ਲੋਕਾਂ ਨਾਲ ਵੀ ਸਖਤੀ ਨਾਲ ਨਜਿੱਠਣ ਦੇ ਆਦੇਸ਼ ਜਾਰੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਕ ਕਾਰਜਕਾਰੀ ਆਦੇਸ਼ ਜਾਰੀ ਕੀਤੇ ਗਏ ਹਨ, ਜਿਸ ਰਾਹੀਂ ਉਨ੍ਹਾਂ ਨੇ ਅਮਰੀਕਾ 'ਚ ਬਾਰਡਰ ਟੱਪ ਕੇ ਮੈਕਸੀਕੋ ਤੋਂ ਆਉਣ ਵਾਲੇ ਗੈਰ ਕਾਨੂੰਨੀ ਲੋਕਾਂ ਨੂੰ ਆਉਣ ਦੀ ਸਖਤੀ ਕਰਨ 'ਤੇ ਜ਼ੋਰ ਦਿੱਤਾ ਹੈ ਅਤੇ ਰਾਜਨੀਤਿਕ ਸ਼ਰਨ ਲੈਣ ਵਾਲੇ ਲੋਕਾਂ ਨਾਲ ਵੀ ਸਖਤੀ ਨਾਲ ਨਜਿੱਠਣ ਦੇ ਆਦੇਸ਼ ਜਾਰੀ ਕੀਤੇ ਹਨ।

ਜ਼ਿਕਰਯੋਗ ਹੈ ਕਿ ਇਸ ਰਸਤੇ ਰਾਹੀਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਬਾਰਡਰ ਟੱਪ ਕੇ ਅਮਰੀਕਾ ਵਿਚ ਦਾਖਲ ਹੁੰਦੇ ਰਹੇ ਹਨ ਅਤੇ ਬਾਇਡਨ ਪ੍ਰਸ਼ਾਸਨ ਦੌਰਾਨ ਹੀ ਇਸ ਦੀ ਜ਼ਿਆਦਾ ਖੁੱਲ੍ਹ ਦਿੱਤੀ ਗਈ ਸੀ। ਦੁਨੀਆਂ ਭਰ ਤੋਂ ਲੋਕਾਂ ਨੇ ਇਥੋਂ ਘੁਸਪੈਠ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਨ੍ਹਾਂ ਵਿਚ ਪੰਜਾਬੀਆਂ ਦੀ ਗਿਣਤੀ ਵੀ ਭਾਰੀ ਤਦਾਦ ਵਿਚ ਰਹੀ ਹੈ। ਇਹ ਹੁਕਮ ਦਸਤਖ਼ਤ ਕੀਤੇ ਜਾਣ ਤੋਂ ਤੁਰੰਤ ਬਾਅਦ ਲਾਗੂ ਹੋ ਗਏ ਹਨ।

ਅਮਰੀਕਾ ਦੀਆਂ ਚੋਣਾਂ ਨੂੰ ਕੁੱਝ ਮਹੀਨੇ ਹੀ ਰਹਿੰਦੇ ਹਨ। ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਜੋਅ ਬਾਇਡਨ 'ਤੇ ਪਿਛਲੇ ਲੰਮੇ ਸਮੇਂ ਤੋਂ ਇਹ ਬਾਰਡਰ ਸੀਲ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ, ਜਿਸ ਕਰਕੇ ਹੁਣ ਰਾਸ਼ਟਰਪਤੀ ਬਾਇਡਨ ਨੇ ਇਹ ਬਾਰਡਰ ਸੀਲ ਕਰਨ ਦੇ ਹੁਕਮ ਦਿੱਤੇ ਹਨ ਅਤੇ ਉਥੇ ਤਾਇਨਾਤ ਅਧਿਕਾਰੀਆਂ ਨੂੰ ਘੁਸਪੈਠ ਕਰਨ ਵਾਲੇ ਲੋਕਾਂ ਨੂੰ ਵਾਪਸ ਭੇਜਣ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ।

ਆਮ ਤੌਰ 'ਤੇ ਪ੍ਰਵਾਸੀ ਜੋ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਦੀ ਸਰਹੱਦ ਪਾਰ ਕੇ ਆਉਂਦੇ ਹਨ, ਉਹ ਇਥੇ ਸ਼ਰਨ ਲੈਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਉਡੀਕ ਕਰਨ ਲਈ ਅਮਰੀਕਾ ਦਾਖਲ ਹੋਣ ਦਿੱਤਾ ਜਾਂਦਾ ਹੈ, ਜਿੱਥੇ ਉਹ ਆਪਣੇ ਕੇਸਾਂ ਦੀ ਪੈਰਵੀ ਕਰ ਸਕਦੇ ਸਨ। ਇਸ ਵੇਲੇ ਇਕ ਵੱਡਾ ਬੈਕਲਾਗ ਇਨ੍ਹਾਂ ਕੇਸਾਂ ਵਿਚ ਬਣ ਗਿਆ ਹੈ, ਜਿਸ ਕਰਕੇ ਸ਼ਰਨ ਲੈਣ ਵਾਲਿਆਂ ਦੇ ਕੇਸ ਨਿਪਟਾਉਣ ਲਈ ਬਹੁਤ ਲੰਮਾ ਸਮਾਂ ਲੱਗ ਸਕਦਾ ਹੈ। ਬਹੁਤ ਸਾਰੇ ਡੈਮੋਕ੍ਰੇਟ ਆਗੂਆਂ ਨੇ ਆਪਣੀ ਹੀ ਪਾਰਟੀ ਦੇ ਰਾਸ਼ਟਰਪਤੀ ਦੀ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਹੈ। ਕੈਲੀਫੋਰਨੀਆ ਦੇ ਡੈਮੋਕ੍ਰੇਟ ਸੈਨੇਟਰ ਐਲਕਸ ਪਡੀਲਾ ਨੇ ਕਿਹਾ ਹੈ ਕਿ ਜੋਅ ਬਾਇਡਨ ਨੇ ਰਿਪਬਲੀਕਨਾਂ ਪਿੱਛੇ ਲੱਗ ਕੇ ਅਮਰੀਕੀ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕੀਤਾ ਹੈ। ਵਿਦੇਸ਼ੀ ਅੱਤਿਆਚਾਰ, ਹਿੰਸਾ ਅਤੇ ਤਾਨਾਸ਼ਾਹੀ ਤੋਂ ਭੱਜ ਰਹੇ ਲੋਕਾਂ ਨੂੰ ਅਮਰੀਕਾ ਵਿਚ ਸ਼ਰਨ ਲੈਣ ਦਾ ਮੌਕਾ ਪ੍ਰਦਾਨ ਕਰਨ ਲਈ ਸਾਡੇ ਦੇਸ਼ ਦੀਆਂ ਜ਼ਿੰਮੇਵਾਰੀਆਂ ਨੂੰ ਤਿਆਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਇਡਨ ਵੀ ਹੁਣ ਟਰੰਪ ਦੇ ਰਾਹ 'ਤੇ ਚੱਲ ਪਏ ਹਨ।

ਜ਼ਿਕਰਯੋਗ ਹੈ ਕਿ ਬਹੁਤ ਸਾਰੇ ਪੰਜਾਬੀ ਲੱਖਾਂ ਰੁਪਇਆ ਦੇ ਕੇ ਇਸ ਬਾਰਡਰ ਰਾਹੀਂ ਅਮਰੀਕਾ ਪਹੁੰਚਦੇ ਸਨ, ਜਿਨ੍ਹਾਂ 'ਤੇ ਹੁਣ ਖਤਰੇ ਦੀ ਤਲਵਾਰ ਲਟਕ ਗਈ ਹੈ।

## ਖਡੂਰ ਸਾਹਿਬ 'ਚ ਵੱਡੀ ਜਿੱਤ ਹਾਸਲ ਕਰਨ ਬਾਅਦ ਅੰਮ੍ਰਿਤਪਾਲ ਦੀ ਪਤਨੀ ਡਿਬਰੂਗੜ੍ਹ ਜੇਲ੍ਹ ਪਹੁੰਚੀ

- ਅੰਮ੍ਰਿਤਪਾਲ ਸਿੰਘ ਦੀ ਜਿੱਤ 'ਤੇ ਮਾਤਾ-ਪਿਤਾ ਵੱਲੋਂ ਧੰਨਵਾਦ



**ਚੰਡੀਗੜ੍ਹ, (ਪੰਜਾਬ ਮੇਲ)-** ਪੰਥਕ ਸੀਟ ਖਡੂਰ ਸਾਹਿਬ ਤੋਂ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਜਿੱਥੇ ਉਹ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰੇਗੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਕ ਦਿਨ ਬਾਅਦ ਹੀ ਕਿਰਨਦੀਪ ਕੌਰ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰਨ ਲਈ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਆਜ਼ਾਦ ਤੌਰ 'ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਦਾਨ ਵਿਚ ਉਤਰੇ ਅੰਮ੍ਰਿਤਪਾਲ ਸਿੰਘ ਨੇ ਇਥੇ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਖਡੂਰ ਸਾਹਿਬ ਤੋਂ ਆਏ ਨਤੀਜਿਆਂ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਜੇਲ੍ਹ ਵਿਚ ਹੋਣ ਦੇ ਬਾਵਜੂਦ ਅੰਮ੍ਰਿਤਪਾਲ ਇਥੇ 2 ਲੱਖ ਦੇ ਕਰੀਬ ਮਾਰਜਨ ਨਾਲ ਜਿੱਤਿਆ ਹੈ। ਅੰਮ੍ਰਿਤਪਾਲ ਸਿੰਘ ਦੀ ਇਹ ਜਿੱਤ ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹੈ।

ਅੰਮ੍ਰਿਤਪਾਲ ਸਿੰਘ ਨੂੰ ਇਥੇ 404430 ਰਿਕਾਰਡ ਵੋਟਾਂ ਹਾਸਲ ਹੋਈਆਂ ਸਨ। ਜਦਕਿ ਉਨ੍ਹਾਂ ਦੇ ਵਿਰੋਧੀ ਕੁਲਬੀਰ ਜ਼ੀਰਾ ਨੂੰ 207310 ਵੋਟਾਂ ਪਈਆਂ, ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ 194836 ਵੋਟਾਂ ਪਈਆਂ। ਇਸ ਤੋਂ ਇਲਾਵਾ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਇਥੇ ਮਹਿਜ਼ 86416 ਵੋਟਾਂ 'ਤੇ ਹੀ ਸੁੰਗੜ ਕੇ ਰਹਿ ਗਏ। ਪੁੱਤਰ ਦੀ ਜਿੱਤ 'ਤੇ ਅੰਮ੍ਰਿਤਪਾਲ ਦੇ ਮਾਤਾ-ਪਿਤਾ ਨੇ ਕੌਮ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਾਰੇ ਪੰਥ ਅਤੇ ਪੰਜਾਬ ਲਈ ਖੁਸ਼ੀ ਦੀ ਗੱਲ ਹੈ ਪਰ ਨਾਲ ਹੀ ਇਹ ਵੀ ਅਪੀਲ ਕੀਤੀ ਕਿ ਕੋਈ ਵੀ 6 ਜੂਨ ਤਕ ਕਿਸੇ ਕਿਸਮ ਦਾ ਜਸ਼ਨ ਨਾ ਮਨਾਵੇ ਕਿਉਂਕਿ ਸਾਡੇ ਸ਼ਹੀਦੀ ਦਿਹਾੜੇ ਚੱਲ ਰਹੇ ਹਨ। ਉਨ੍ਹਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ ਤੇ 6 ਜੂਨ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਜਿੱਤ ਸਾਡੇ ਸ਼ਹੀਦ ਸਿੰਘਾਂ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜਿੱਤਣ ਮਗਰੋਂ ਨਸ਼ੇ, ਬੰਦੀ ਸਿੰਘ ਅਤੇ ਬੇਅਦਬੀ ਦੇ ਮਾਮਲੇ ਪਹਿਲ ਦੇ ਅਧਾਰ 'ਤੇ ਚੁੱਕੇ ਜਾਣਗੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਰਕਾਰ ਨੂੰ ਬਿਨਾਂ ਕਿਸੇ ਕਾਨੂੰਨੀ ਲੜਾਈ ਦੇ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ, ਤਾਂ ਜੋ ਉਹ ਲੋਕਾਂ ਵਿਚ ਵਿਚਰ ਕੇ ਨਸ਼ਿਆਂ ਖ਼ਿਲਾਫ਼ ਜਾਗਰੁਕਤਾ ਪੈਦਾ ਕਰ ਸਕੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਹੱਕ ਵਿਚ ਆਵਾਜ਼ ਬੁਲੰਦ ਕਰੇਗਾ।

## ਪੰਜਾਬ 'ਚ 'ਆਪ' ਤੇ ਕਾਂਗਰਸ ਦਾ ਵੋਟ ਸ਼ੇਅਰ ਰਿਹਾ ਬਰਾਬਰ!

- ਭਾਰਤੀ ਜਨਤਾ ਪਾਰਟੀ ਰਹੀ ਤੀਜੇ ਸਥਾਨ 'ਤੇ
- ਸ਼੍ਰੋਮਣੀ ਅਕਾਲੀ ਦਲ ਦੇ ਵੋਟ ਸ਼ੇਅਰ 'ਚ ਭਾਰੀ ਗਿਰਾਵਟ ਆਈ




**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ 13 ਲੋਕ ਸਭਾ ਸੀਟਾਂ ਲਈ ਚੋਣ ਨਤੀਜੇ ਐਲਾਨਣ ਪਿੱਛੋਂ ਚੋਣ ਕਮਿਸ਼ਨ ਨੇ ਸੂਬੇ 'ਚ ਵੱਖ-ਵੱਖ ਪਾਰਟੀਆਂ ਨੂੰ ਮਿਲੇ ਵੋਟ ਸ਼ੇਅਰ ਦੇ ਅੰਕੜੇ ਵੀ ਰਿਲੀਜ਼ ਕਰ ਦਿੱਤੇ ਹਨ। ਚੋਣ ਕਮਿਸ਼ਨ ਨੇ ਅੰਕੜਿਆਂ ਅਨੁਸਾਰ ਪੰਜਾਬ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਵੋਟ ਸ਼ੇਅਰ 26-26 ਫ਼ੀਸਦੀ ਦੇ ਲਗਭਗ ਰਿਹਾ ਹੈ। ਹਾਲਾਂਕਿ ਕਾਂਗਰਸ ਨੇ 7 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ ਪਰ ਉਸ ਦਾ ਵੋਟ ਸ਼ੇਅਰ 30 ਫ਼ੀਸਦੀ ਤੋਂ ਘੱਟ ਹੋ ਕੇ 26.30 ਫ਼ੀਸਦੀ 'ਤੇ ਪਹੁੰਚ ਗਿਆ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਵੋਟ ਸ਼ੇਅਰ 'ਚ ਵੀ ਕਮੀ ਦਰਜ ਕੀਤੀ ਗਈ ਹੈ। ਉਸ ਦਾ ਵੋਟ ਸ਼ੇਅਰ 26.02 ਫ਼ੀਸਦੀ ਰਿਹਾ। ਵੋਟ ਸ਼ੇਅਰ ਦੇ ਹਿਸਾਬ ਨਾਲ ਕਾਂਗਰਸ ਪਹਿਲੇ ਸਥਾਨ 'ਤੇ ਅਤੇ ਆਮ ਆਦਮੀ ਪਾਰਟੀ ਦੂਜੇ ਸਥਾਨ 'ਤੇ ਰਹੀ।

ਸੂਬੇ 'ਚ ਭਾਜਪਾ ਆਪਣੇ ਵੋਟ ਸ਼ੇਅਰ ਨੂੰ ਸਾਢੇ 12 ਫ਼ੀਸਦੀ ਤੋਂ ਵਧਾ ਕੇ 18.56 ਫ਼ੀਸਦੀ ਕਰਨ 'ਚ ਕਾਮਯਾਬ ਰਹੀ ਹਾਲਾਂਕਿ ਉਸ ਨੂੰ 1 ਵੀ ਸੀਟ 'ਤੇ ਜਿੱਤ ਹਾਸਲ ਨਹੀਂ ਹੋਈ। ਵੋਟ ਸ਼ੇਅਰ ਦੇ ਹਿਸਾਬ ਨਾਲ ਭਾਜਪਾ ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਸ਼ੇਅਰ 'ਚ ਭਾਰੀ ਗਿਰਾਵਟ ਆਈ ਹੈ। ਪਹਿਲਾਂ ਅਕਾਲੀ ਦਲ ਦੀ ਵੋਟ ਸ਼ੇਅਰ 25 ਫ਼ੀਸਦੀ ਤੋਂ ਵੱਧ ਹੁੰਦੀ ਸੀ, ਜਦਕਿ ਇਸ ਵਾਰ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਅਕਾਲੀ ਦਲ ਦੀ ਵੋਟ ਸ਼ੇਅਰ 13.42 ਫ਼ੀਸਦੀ ਰਹੀ। ਵੋਟ ਸ਼ੇਅਰ ਦੇ ਹਿਸਾਬ ਨਾਲ ਅਕਾਲੀ ਦਲ ਚੌਥੇ ਸਥਾਨ 'ਤੇ ਰਿਹਾ, ਜਦਕਿ ਆਜ਼ਾਦ ਉਮੀਦਵਾਰਾਂ ਨੇ ਵੀ ਸ੍ਰੀ ਖਡੂਰ ਸਾਹਿਬ ਅਤੇ ਫਰੀਦਕੋਟ ਲੋਕ ਸਭਾ ਦੀਆਂ ਸੀਟਾਂ ਜਿੱਤੀਆਂ ਹਨ ਅਤੇ ਉਨ੍ਹਾਂ ਦਾ ਵੋਟ ਸ਼ੇਅਰ 12.51 ਫ਼ੀਸਦੀ ਰਿਹਾ। ਬਹੁਜਨ ਸਮਾਜ ਪਾਰਟੀ ਦੇ ਵੋਟ ਸ਼ੇਅਰ 'ਚ ਵੀ ਭਾਰੀ ਗਿਰਾਵਟ ਆਈ ਹੈ। ਇਸ ਵਾਰ ਲੋਕ ਸਭਾ ਚੋਣਾਂ 'ਚ ਬਸਪਾ ਦਾ ਵੋਟ ਸ਼ੇਅਰ ਸਿਰਫ਼ 2.49 ਫ਼ੀਸਦੀ ਰਿਹਾ। ਸੀ.ਪੀ.ਆਈ. ਦਾ ਵੋਟ ਸ਼ੇਅਰ 0.16 ਫ਼ੀਸਦੀ ਅਤੇ ਸੀ.ਪੀ.ਐੱਮ. ਦਾ ਵੋਟ ਸ਼ੇਅਰ 0.04 ਫ਼ੀਸਦੀ ਰਿਹਾ। ਨੋਟਾ ਦਾ ਵੋਟ ਸ਼ੇਅਰ 0.49 ਫ਼ੀਸਦੀ ਰਿਹਾ।

## ਸਰਬਜੀਤ ਸਿੰਘ ਖ਼ਾਲਸਾ ਨੇ ਫਰੀਦਕੋਟ ਤੋਂ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ



- 'ਆਜ਼ਾਦ' ਉਮੀਦਵਾਰ ਵਜੋਂ ਲੜੀ ਸੀ ਚੋਣ; ਕਰਮਜੀਤ ਅਨਮੋਲ ਨੂੰ ਪਛਾੜਿਆ

**ਫਰੀਦਕੋਟ, (ਪੰਜਾਬ ਮੇਲ)-** ਇਸ ਵਾਰ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੇ ਆਪ ਉਮੀਦਵਾਰ ਕਰਮਜੀਤ ਅਨਮੋਲ ਨੂੰ ਵੱਡੀ ਲੀਡ ਨਾਲ ਹਰਾਇਆ ਹੈ। ਸਰਬਜੀਤ ਸਿੰਘ ਖ਼ਾਲਸਾ ਨੇ ਪਹਿਲੇ ਰੁਝਾਨ ਤੋਂ ਲੈ ਕੇ ਆਖਰੀ ਰੁਝਾਨ ਤੱਕ ਲੀਡ 'ਤੇ ਰਹਿ ਕੇ ਕਰਮਜੀਤ ਅਨਮੋਲ ਨੂੰ ਪਛਾੜਿਆ।

ਜ਼ਿਕਰਯੋਗ ਹੈ ਕਿ ਸਰਬਜੀਤ ਸਿੰਘ ਖ਼ਾਲਸਾ ਸਾਲ 2015 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮੁੱਦਾ ਉਠਾਉਣ ਕਾਰਨ ਸੁਰਖੀਆਂ ਵਿਚ ਆਏ ਸਨ। ਦਰਅਸਲ, ਫਰੀਦਕੋਟ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦਾ ਕੇਂਦਰ ਸੀ, ਜੋ ਜ਼ਿਲ੍ਹੇ ਦੇ ਪਿੰਡ ਬਰਗਾੜੀ 'ਚ ਵਾਪਰੀ ਸੀ। ਸਰਬਜੀਤ ਦਾ ਇਤਿਹਾਸ ਇਸ ਲਈ ਵੀ ਵਿਵਾਦਪੂਰਨ ਹੈ ਕਿਉਂਕਿ ਉਹ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਵਿਚ ਸ਼ਾਮਲ ਬੇਅੰਤ ਸਿੰਘ ਦਾ ਪੁੱਤਰ ਹੈ।




# VALLEJO TEEYAN

# MELA 2024

## Sunday, July 21st, 2024 from 12-6pm

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

Special Attractions include Mehndi, Indian Clothing and Jewelry Booths.



Come and enjoy a day filled with entertainment and festiveties, including Punjabi Folk songs and dances, Gidha, Boliyan and much more...

Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**






Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
D D Sharma
Real Estate Consultant
DRE #01744678
707-365-9385(cell)
Residential, Loan Mod, Short Sale & Commercial Real Estate



Indian Care Association — Making a Difference

ੴ

PUNJABU MAIL USA TV Channel

# INDIAN CARE ASSOCIATION

*Presents*

# ਜ਼ਫ਼ਰਨਾਮਾ

## ਫ਼ਤਹਿ ਦਾ ਪੱਤਰ

# ZAFARNAMAH

*Declaration of Victory*

ظفرنامہ

*Punjabi Play by PUNJAB LOK RANG*

**Written & Directed by Surinder Singh Dhanoa**

---

## Saturday - June 15th, 2024

---

**Ray & Joan Kroc Corps Community Center**

---

**586 E. Wigeon Way, Suisun City, CA 94585**

---

**"NO ENTRY FEE" - "FIRST COME FIRST SERVE"**

**Doors Open : 4:00 PM II Show Starts : 5:00 PM**







**For tickets & more details, contact:**
**Harjinder Dhami : (707) 315-2468**
**Shashi Paul: (707) 372-5657**

*Page Sponsored by*

**Gurjatinder S. Randhawa**
REALTOR CA DRE licence # 01490567

**Ph: 916-320-9444**

# ਪੰਜਾਬ 'ਚ 'ਆਪ' ਦਾ ਮਿਸ਼ਨ '13-0' ਦਾ ਸੁਪਨਾ ਨਹੀਂ ਹੋਇਆ ਪੂਰਾ

**ਕਾਂਗਰਸ : 7 | ਆਪ : 3 | ਸ਼ਿਅਦ : 1 | ਆਜ਼ਾਦ : 2 | ਭਾਜਪਾ : 0**

- **ਕਾਂਗਰਸ ਨੇ 7 ਸੀਟਾਂ 'ਤੇ ਜਿੱਤ ਦਰਜ ਕਰਕੇ ਮਾਰੀ ਬਾਜ਼ੀ**
- **'ਆਪ' ਨੇ 3 ਸੀਟਾਂ 'ਤੇ ਜਿੱਤ ਦਰਜ ਕੀਤੀ**
- **ਖਾਤਾ ਵੀ ਨਹੀਂ ਖੋਲ੍ਹ ਸਕੀ ਭਾਜਪਾ**

**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਵਿਚ ਪੰਜਾਬ ਦੀ ਸੱਤਾਧਾਰੀ ਪਾਰਟੀ ਦੀ ਕਰਾਰੀ ਹਾਰ ਹੋਈ ਹੈ। 13-0 ਮਿਸ਼ਨ ਲੈ ਕੇ ਸਾਰੀਆਂ ਸੀਟਾਂ 'ਤੇ ਪੰਜ ਮੰਤਰੀਆਂ ਤੇ ਤਿੰਨ ਵਿਧਾਇਕਾਂ ਸਮੇਤ ਉਤਰੀ ਪਾਰਟੀ ਸਿਰਫ 3 ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕੀ ਹੈ, ਜਦਕਿ ਪਾਰਟੀ ਦੇ 5 ਮੰਤਰੀਆਂ ਵਿਚੋਂ 4 ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਿੱਤਣ ਵਾਲਿਆਂ ਵਿਚ ਮੰਤਰੀ ਮੀਤ ਹੇਅਰ ਸੰਗਰੂਰ ਤੋਂ, ਰਾਜਕੁਮਾਰ ਚੱਬੇਵਾਲ ਹੁਸ਼ਿਆਰਪੁਰ ਤੋਂ ਤੇ ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਸ਼ਾਮਲ ਹਨ।

ਇਨ੍ਹਾਂ ਸੀਟਾਂ ਤੋਂ ਇਲਾਵਾ ਪਾਰਟੀ ਨੂੰ ਬਾਕੀ ਸਾਰੀਆਂ 10 ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ 'ਚੋਂ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਚੰਨੀ ਨੇ ਜਿੱਤ ਹਾਸਲ ਕੀਤੀ ਹੈ, ਜਦਕਿ 'ਆਪ' ਉਮੀਦਵਾਰ ਪਵਨ ਟੀਨੂੰ ਤੀਜੇ ਸਥਾਨ 'ਤੇ ਰਹੇ। ਇਸ ਤੋਂ ਬਾਅਦ ਫਰੀਦਕੋਟ ਤੋਂ ਵੀ ਪਾਰਟੀ ਉਮੀਦਵਾਰ ਕਰਮਜੀਤ ਅਨਮੋਲ ਨੂੰ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਹੱਥੋਂ ਹਾਰ ਮਿਲੀ ਹੈ।

ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਪਟਿਆਲਾ ਤੋਂ ਡਾ. ਬਲਬੀਰ ਸਿੰਘ ਫਤਿਹਗੜ੍ਹ ਸਾਹਿਬ ਤੋਂ ਗੁਰਪ੍ਰੀਤ ਸਿੰਘ ਜੀ.ਪੀ., ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ, ਗੁਰਦਾਸਪੁਰ ਤੋਂ ਅਮਨਸ਼ੇਰ ਕਲਸੀ ਤੇ ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ ਨੂੰ ਵੀ ਇਨ੍ਹਾਂ ਚੋਣਾਂ 'ਚ ਜਿੱਤ ਨਸੀਬ ਨਹੀਂ ਹੋ ਸਕੀ। ਇਨ੍ਹਾਂ ਚੋਣਾਂ 'ਚ ਕਾਂਗਰਸ ਨੇ ਬਾਜ਼ੀ ਮਾਰਨ 'ਚ ਕਾਮਯਾਬੀ ਹਾਸਲ ਕੀਤੀ ਹੈ, ਜਿਸ ਨੇ 13 'ਚੋਂ 7 ਸੀਟਾਂ 'ਤੇ ਕਬਜ਼ਾ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ 1 (ਬਠਿੰਡਾ) ਸੀਟ 'ਤੇ ਜਿੱਤ ਮਿਲੀ ਹੈ, ਜਦਕਿ 2 ਸੀਟਾਂ (ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ, ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ) ਤੋਂ ਆਜ਼ਾਦ ਉਮੀਦਵਾਰਾਂ ਨੇ ਬਾਜ਼ੀ ਮਾਰੀ ਹੈ। ਦਿਲਚਸਪ ਗੱਲ ਇਹ ਰਹੀ ਕਿ ਇਨ੍ਹਾਂ ਚੋਣਾਂ 'ਚ ਕੇਂਦਰ ਦੀ ਭਾਜਪਾ ਪਾਰਟੀ ਦਾ ਪੰਜਾਬ 'ਚ ਖਾਤਾ ਵੀ ਨਹੀਂ ਖੁੱਲ੍ਹ ਸਕਿਆ। ਇਸ ਦਾ ਸਭ ਤੋਂ ਵੱਡਾ ਕਾਰਨ ਕਿਸਾਨ ਅੰਦੋਲਨ ਨੂੰ ਮੰਨਿਆ ਜਾ ਰਿਹਾ ਹੈ।

## ਜੇਤੂ ਉਮੀਦਵਾਰ



ਚਰਨਜੀਤ ਸਿੰਘ ਚੰਨੀ, ਜਲੰਧਰ
ਕੁੱਲ ਵੋਟਾਂ : 390053



ਗੁਰਜੀਤ ਸਿੰਘ ਔਜਲਾ, ਅੰਮ੍ਰਿਤਸਰ
ਕੁੱਲ ਵੋਟਾਂ : 255181



ਅਮਰਿੰਦਰ ਸਿੰਘ ਰਾਜਾ ਵੜਿੰਗ, ਲੁਧਿਆਣਾ
ਕੁੱਲ ਵੋਟਾਂ : 322224



ਅਮਰ ਸਿੰਘ, ਫਤਿਹਗੜ੍ਹ ਸਾਹਿਬ
ਕੁੱਲ ਵੋਟਾਂ : 332591



ਸ਼ੇਰ ਸਿੰਘ ਘੁਬਾਇਆ, ਫਿਰੋਜ਼ਪੁਰ
ਕੁੱਲ ਵੋਟਾਂ : 266626



ਡਾ. ਧਰਮਵੀਰ ਗਾਂਧੀ, ਪਟਿਆਲਾ
ਕੁੱਲ ਵੋਟਾਂ : 305616



ਸੁਖਜਿੰਦਰ ਸਿੰਘ ਰੰਧਾਵਾ, ਗੁਰਦਾਸਪੁਰ
ਕੁੱਲ ਵੋਟਾਂ : 364043



ਹਰਸਿਮਰਤ ਕੌਰ ਬਾਦਲ, ਬਠਿੰਡਾ
ਕੁੱਲ ਵੋਟਾਂ : 376558



ਡਾ. ਰਾਜ ਕੁਮਾਰ ਚੱਬੇਵਾਲ, ਹੁਸ਼ਿਆਰਪੁਰ
ਕੁੱਲ ਵੋਟਾਂ : 303859



ਮਾਲਵਿੰਦਰ ਸਿੰਘ ਕੰਗ, ਅਨੰਦਪੁਰ ਸਾਹਿਬ
ਕੁੱਲ ਵੋਟਾਂ : 313217



ਗੁਰਮੀਤ ਸਿੰਘ ਮੀਤ ਹੇਅਰ, ਸੰਗਰੂਰ
ਕੁੱਲ ਵੋਟਾਂ : 364085



ਅੰਮ੍ਰਿਤਪਾਲ ਸਿੰਘ, ਖਡੂਰ ਸਾਹਿਬ
ਕੁੱਲ ਵੋਟਾਂ : 404430



ਸਰਬਜੀਤ ਸਿੰਘ ਖਾਲਸਾ, ਫਰੀਦਕੋਟ
ਕੁੱਲ ਵੋਟਾਂ : 298062

# ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਫਿਰ ਖਿੜਿਆ 'ਕਮਲ'

## 60 ਮੈਂਬਰਾਂ ਵਾਲੀ ਵਿਧਾਨ ਸਭਾ 'ਚ ਭਾਜਪਾ ਨੇ 46 ਸੀਟਾਂ ਜਿੱਤੀਆਂ

ਈਟਾਨਗਰ, (ਪੰਜਾਬ ਮੇਲ)- ਭਾਰਤੀ ਜਨਤਾ ਪਾਰਟੀ ਐਤਵਾਰ ਨੂੰ 60 ਮੈਂਬਰੀ ਵਿਧਾਨ ਸਭਾ 'ਚ 46 ਸੀਟਾਂ ਜਿੱਤ ਕੇ ਲਗਾਤਾਰ ਤੀਜੀ ਵਾਰ ਅਰੁਣਾਚਲ ਪ੍ਰਦੇਸ਼ ਦੀ ਸੱਤਾ ਵਿਚ ਪਰਤੀ। ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਰੁਣਾਚਲ ਪ੍ਰਦੇਸ਼ ਵਿਚ 50 ਵਿਧਾਨ ਸਭਾ ਸੀਟਾਂ ਲਈ ਐਤਵਾਰ ਸਵੇਰੇ 6 ਵਜੇ ਸਖ਼ਤ ਸੁਰੱਖਿਅਤ ਵਿਚਾਲੇ ਵੋਟਾਂ ਦੀ ਗਿਣਤੀ ਸ਼ੁਰੂ ਹੋਈ। ਭਾਜਪਾ ਨੇ 60 ਮੈਂਬਰੀ ਵਿਧਾਨ ਸਭਾ 'ਚੋਂ 10 ਸੀਟਾਂ ਪਹਿਲਾਂ ਹੀ ਨਿਰਵਿਰੋਧ ਜਿੱਤ ਲਈਆਂ ਹਨ। ਅਰੁਣਾਚਲ ਪ੍ਰਦੇਸ਼ ਵਿਚ ਚੋਣਾਂ ਦੇ ਪਹਿਲੇ ਗੇੜ 'ਚ 19 ਅਪ੍ਰੈਲ ਨੂੰ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਲਈ ਇਕੋ ਨਾਲ ਮਤਦਾਨ ਹੋਇਆ ਸੀ। ਭਾਜਪਾ ਨੇ ਬਾਕੀ ਰਹਿੰਦੀਆਂ 50 ਵਿਚੋਂ 36 ਸੀਟਾਂ ਜਿੱਤ ਲਈਆਂ ਹਨ। ਮੁੱਖ ਮੰਤਰੀ ਪੇਮਾ ਖਾਂਡੂ ਨਿਰਵਿਰੋਧ ਜਿੱਤਣ ਵਾਲੇ 10 ਉਮੀਦਵਾਰਾਂ 'ਚੋਂ ਇਕ ਹਨ। ਉੱਧਰ, ਨੈਸ਼ਨਲ ਪੀਪਲਜ਼ ਪਾਰਟੀ (ਐੱਨ.ਪੀ.ਪੀ.) ਨੇ ਪੰਜ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਪੀਪਲਜ਼ ਪਾਰਟੀ ਆਫ਼ ਅਰੁਣਾਚਲ ਪ੍ਰਦੇਸ਼ ਨੇ ਦੋ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਤਿੰਨ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਕਾਂਗਰਸ ਦੇ ਇਕ ਉਮੀਦਵਾਰ ਤੋਂ ਇਲਾਵਾ ਤਿੰਨ ਆਜ਼ਾਦ ਉਮੀਦਵਾਰ ਵੀ ਜਿੱਤ ਹਾਸਲ ਕਰਨ 'ਚ ਸਫ਼ਲ ਰਹੇ ਹਨ।

# ਪੰਜਾਬ 'ਚ 5 ਸੀਟਾਂ 'ਤੇ ਹੋਣਗੀਆਂ ਜ਼ਿਮਨੀ ਚੋਣਾਂ

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ ਲੋਕ ਸਭਾ ਸੀਟਾਂ ਦੇ ਨਤੀਜੇ ਆਉਣ ਤੋਂ ਬਾਅਦ ਹੁਣ ਅਗਲੇ 6 ਮਹੀਨਿਆਂ ਦੇ ਅੰਦਰ 5 ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਹੋਣਗੀਆਂ। ਸੰਗਰੂਰ ਲੋਕ ਸਭਾ ਸੀਟ ਤੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਚੋਣ ਜਿੱਤ ਲਈ ਹੈ। ਇਸ ਲਈ ਚੋਣ ਕਮਿਸ਼ਨ ਵੱਲੋਂ ਹੁਣ ਉਨ੍ਹਾਂ ਦੀ ਬਰਨਾਲਾ ਵਿਧਾਨ ਸਭਾ ਸੀਟ ਨੂੰ ਖ਼ਾਲੀ ਐਲਾਨ ਦਿੱਤਾ ਜਾਵੇਗਾ। ਇਹ ਸੀਟ ਇਸ ਸਮੇਂ ਆਮ ਆਦਮੀ ਪਾਰਟੀ ਦੇ ਕੋਲ ਹੈ। ਇਸੇ ਤਰ੍ਹਾਂ ਗਿੱਦੜਬਾਹਾ ਵਿਧਾਨ ਸਭਾ ਸੀਟ 'ਤੇ ਵੀ ਜ਼ਿਮਨੀ ਚੋਣ ਹੋਵੇਗੀ ਕਿਉਂਕਿ ਗਿੱਦੜਬਾਹਾ ਤੋਂ ਕਾਂਗਰਸ ਵਿਧਾਇਕ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੁਧਿਆਣਾ ਲੋਕ ਸਭਾ ਸੀਟ ਨੂੰ ਜਿੱਤ ਲਿਆ ਹੈ। ਗਿੱਦੜਬਾਹਾ ਸੀਟ ਇਸ ਸਮੇਂ ਕਾਂਗਰਸ ਦੇ ਕੋਲ ਹੈ।

ਡੇਰਾ ਬਾਬਾ ਨਾਨਕ ਤੋਂ ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਗੁਰਦਾਸਪੁਰ ਲੋਕ ਸਭਾ ਸੀਟ ਤੋਂ ਚੋਣ ਜਿੱਤ ਲਈ ਹੈ, ਇਸ ਲਈ ਡੇਰਾ ਬਾਬਾ ਨਾਨਕ ਸੀਟ ਨੂੰ ਵੀ ਖ਼ਾਲੀ ਐਲਾਨ ਦਿੱਤਾ ਜਾਵੇਗਾ। ਚੱਬੇਵਾਲ ਵਿਧਾਨ ਸਭਾ ਸੀਟ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਵੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਚੋਣ ਜਿੱਤ ਗਏ ਹਨ। ਅਜਿਹੀ ਹਾਲਤ 'ਚ ਚੱਬੇਵਾਲ ਵਿਧਾਨ ਸਭਾ ਸੀਟ 'ਤੇ ਵੀ ਚੋਣ ਕਮਿਸ਼ਨ ਨੂੰ ਉਪ-ਚੋਣ ਕਰਵਾਉਣੀ ਪਵੇਗੀ। ਜਲੰਧਰ ਪੱਛਮੀ ਵਿਧਾਨ ਸਭਾ ਸੀਟ ਨੂੰ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਖ਼ਾਲੀ ਐਲਾਨ ਕਰ ਚੁੱਕੇ ਹਨ ਕਿਉਂਕਿ ਵਿਧਾਇਕ ਸ਼ੀਤਲ ਅੰਗੁਰਾਲ ਦਾ ਵਿਧਾਨ ਸਭਾ ਮੈਂਬਰਸ਼ਿਪ ਤੋਂ ਅਸਤੀਫ਼ਾ ਉਨ੍ਹਾਂ ਨੇ ਪ੍ਰਵਾਨ ਕਰ ਲਿਆ ਸੀ। ਇਸ ਸੀਟ ਨੂੰ ਖ਼ਾਲੀ ਐਲਾਨਣ ਪਿੱਛੋਂ ਇਥੇ ਵੀ ਜ਼ਿਮਨੀ ਚੋਣ ਕਰਵਾਉਣ ਦਾ ਰਾਹ ਸਾਫ਼ ਹੋ ਗਿਆ ਹੈ।


ਪੰਜ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਨੂੰ ਵੇਖਦੇ ਹੋਏ ਸੂਬੇ ਦੀਆਂ ਸਿਆਸੀ ਪਾਰਟੀਆਂ ਦਾ ਧਿਆਨ ਆਉਣ ਵਾਲੇ 6 ਮਹੀਨਿਆਂ 'ਚ ਚੋਣ ਕਾਰਜਾਂ 'ਚ ਹੀ ਲੱਗਿਆ ਰਹੇਗਾ। ਇਨ੍ਹਾਂ ਜ਼ਿਮਨੀ ਚੋਣਾਂ 'ਚ ਵੀ ਸਿੱਧਾ ਮੁਕਾਬਲਾ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਦਰਮਿਆਨ ਹੋਵੇਗਾ। ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਧਿਆਨ ਵੀ ਹੁਣ ਇਨ੍ਹਾਂ ਜ਼ਿਮਨੀ ਚੋਣਾਂ ਵੱਲ ਰਹੇਗਾ। ਸਰਕਾਰ ਨੂੰ ਇਨ੍ਹਾਂ ਖ਼ਾਲੀ ਹੋਣ ਵਾਲੀਆਂ ਵਿਧਾਨ ਸਭਾ ਸੀਟਾਂ 'ਤੇ ਫੋਕਸ ਕਰਨਾ ਪਵੇਗਾ ਅਤੇ ਵਿਕਾਸ ਕਾਰਜਾਂ ਨੂੰ ਵੱਡੇ ਪੱਧਰ 'ਤੇ ਕਰਵਾਉਣਾ ਪਵੇਗਾ। ਹਾਲਾਂਕਿ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਉਮੀਦਵਾਰ ਚੋਣ ਮੈਦਾਨ 'ਚ ਉਤਾਰਨਗੀਆਂ ਪਰ ਫਿਰ ਵੀ ਜ਼ਿਮਨੀ ਚੋਣਾਂ ਦੇ ਨਤੀਜੇ ਆਉਣ ਵਾਲੇ ਮਹੀਨਿਆਂ 'ਚ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਨਗੇ।




# ਪੰਜਾਬ 'ਚ 28 ਸਾਲਾਂ ਬਾਅਦ ਭਾਜਪਾ ਦਾ ਫਿਰ ਨਹੀਂ ਖੁੱਲ੍ਹਿਆ ਖਾਤਾ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਭਾਜਪਾ ਇਸ ਗੱਲ ਦਾ ਮਾਣ ਕਰ ਸਕਦੀ ਹੈ ਕਿ ਸੂਬੇ 'ਚ ਉਸ ਦੀ ਵੋਟ ਪ੍ਰਤੀਸ਼ਤਤਾ ਵਧ ਕੇ ਤੀਜੇ ਨੰਬਰ 'ਤੇ ਪਹੁੰਚ ਗਈ ਹੈ ਪਰ 28 ਸਾਲਾਂ ਬਾਅਦ ਆਪਣਾ ਖਾਤਾ ਨਾ ਖੁੱਲ੍ਹਣਾ ਉਸ ਲਈ ਬਹੁਤ ਵੱਡਾ ਝਟਕਾ ਹੈ। ਇਸ ਤੋਂ ਪਹਿਲਾਂ 1996 'ਚ ਭਾਜਪਾ ਨੂੰ ਇਕ ਵੀ ਸੀਟ ਨਹੀਂ ਸੀ ਮਿਲੀ। ਹਾਲਾਂਕਿ ਇਸ ਤੋਂ ਬਾਅਦ ਅਕਾਲੀ ਦਲ ਨਾਲ ਗੱਠਜੋੜ ਕਰ ਕੇ ਲੋਕ ਸਭਾ 'ਚ ਇਸ ਦੀ ਮੌਜੂਦਗੀ ਹਮੇਸ਼ਾ ਬਣੀ ਰਹੀ। 1998 'ਚ 3 ਸੀਟਾਂ 'ਤੇ ਚੋਣ ਜਿੱਤਣ 'ਚ ਸਫਲ ਰਿਹਾ। ਉਦੋਂ ਭਾਜਪਾ ਦੇ ਸੂਬਾ ਪ੍ਰਧਾਨ ਦਇਆ ਸਿੰਘ ਸੋਢੀ ਅੰਮ੍ਰਿਤਸਰ ਤੋਂ ਤੇ ਕਮਲ ਚੌਧਰੀ ਹੁਸ਼ਿਆਰਪੁਰ ਤੋਂ ਜਿੱਤੇ ਸਨ। ਇਸ ਦੇ ਨਾਲ ਹੀ ਅਦਾਕਾਰ ਵਿਨੋਦ ਖੰਨਾ ਵੀ ਗੁਰਦਾਸਪੁਰ ਤੋਂ ਪਹਿਲੀ ਵਾਰ ਲੋਕ ਸਭਾ ਲਈ ਚੁਣੇ ਗਏ ਸਨ।

## ■ ਭਾਜਪਾ ਰਹੀ ਤੀਜੇ ਸਥਾਨ 'ਤੇ ■ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਸ਼ੇਅਰ 'ਚ ਭਾਰੀ ਗਿਰਾਵਟ ਆਈ




1999 'ਚ ਪੰਜਾਬ ਤੋਂ ਵਿਨੋਦ ਖੰਨਾ ਦੇ ਰੂਪ 'ਚ ਸਿਰਫ਼ ਇਕ ਭਾਜਪਾ ਸੰਸਦ ਮੈਂਬਰ ਲੋਕ ਸਭਾ 'ਚ ਪੁੱਜਾ ਸੀ। 2004 'ਚ ਇਸ ਦੇ 3 ਮੈਂਬਰ ਲੋਕ ਸਭਾ ਚੋਣ ਜਿੱਤ ਗਏ ਸਨ। ਵਿਨੋਦ ਖੰਨਾ ਨੇ ਫਿਰ ਇਹ ਸੀਟ ਬਰਕਰਾਰ ਰੱਖੀ, ਜਦਕਿ ਕ੍ਰਿਕਟਰ ਨਵਜੋਤ ਸਿੱਧੂ ਅੰਮ੍ਰਿਤਸਰ ਤੋਂ ਜਿੱਤੇ ਤੇ ਅਵਿਨਾਸ਼ ਰਾਏ ਖੰਨਾ ਪਹਿਲੀ ਵਾਰ ਹੁਸ਼ਿਆਰਪੁਰ ਤੋਂ ਚੋਣ ਜਿੱਤੇ ਸਨ ਪਰ 2009 'ਚ ਭਾਜਪਾ ਇਕ ਵਾਰ ਫਿਰ ਇਕ ਸੀਟ ਤੋਂ ਅੱਗੇ ਨਾ ਵਧ ਸਕੀ ਅਤੇ ਫਿਰ ਨਵਜੋਤ ਸਿੱਧੂ ਹੀ ਚੋਣ ਜਿੱਤੇ ਸਨ। 2014 'ਚ ਵਿਨੋਦ ਖੰਨਾ ਗੁਰਦਾਸਪੁਰ ਤੋਂ ਤੇ ਵਿਜੇ ਸਾਂਪਲਾ ਪਹਿਲੀ ਵਾਰ ਹੁਸ਼ਿਆਰਪੁਰ ਤੋਂ ਲੋਕ ਸਭਾ ਪੁੱਜੇ, ਜਦਕਿ 2019 'ਚ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੇ ਅਦਾਕਾਰ ਸੰਨੀ ਦਿਓਲ ਗੁਰਦਾਸਪੁਰ ਤੋਂ ਚੋਣ ਜਿੱਤੇ ਸਨ।

ਤਾਜ਼ਾ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਇਕ ਵੀ ਸੀਟ ਨਾ ਮਿਲਣ ਪਿੱਛੇ ਕਿਸਾਨਾਂ ਦਾ ਵਿਰੋਧ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਰਾਮ ਮੰਦਰ ਦੀ ਉਸਾਰੀ ਵਰਗਾ ਮੁੱਦਾ ਵੀ ਇੱਥੇ ਪ੍ਰਫੁੱਲਤ ਨਹੀਂ ਹੋਇਆ। ਮੌਜੂਦਾ ਸੰਸਦ ਮੈਂਬਰ ਰਵਨੀਤ ਬਿੱਟੂ, ਪ੍ਰਨੀਤ ਕੌਰ ਤੇ ਸੁਸ਼ੀਲ ਰਿੰਕੂ ਵਰਗੇ ਹੋਰ ਪਾਰਟੀਆਂ ਦੇ ਆਗੂ ਵੀ ਭਾਜਪਾ 'ਚ ਸ਼ਾਮਲ ਹੋ ਕੇ ਆਪਣੀ ਤਾਕਤ ਨਹੀਂ ਦਿਖਾ ਸਕੇ। ਹਾਲਾਂਕਿ ਇਸ ਸਭ ਦਰਮਿਆਨ ਭਾਜਪਾ ਲਈ ਵੱਡੀ ਰਾਹਤ ਇਹ ਹੈ ਕਿ ਸੂਬੇ 'ਚ ਉਸ ਦੀ ਵੋਟ ਪ੍ਰਤੀਸ਼ਤਤਾ 18.5 ਦੇ ਆਸ-ਪਾਸ ਹੋ ਗਈ ਹੈ। ਸਿਰਫ਼ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਹੀ ਇਸ ਤੋਂ ਵੱਧ ਵੋਟਾਂ ਮਿਲੀਆਂ ਹਨ, ਜੋ 26-26 ਫ਼ੀਸਦੀ ਤੋਂ ਵੱਧ ਵੋਟਾਂ ਹਾਸਲ ਕਰਨ 'ਚ ਕਾਮਯਾਬ ਰਹੀਆਂ। ਪਹਿਲੀ ਵਾਰ ਭਾਜਪਾ ਨੇ ਸਾਰੀਆਂ ਸੀਟਾਂ 'ਤੇ ਇਕੱਲਿਆਂ ਹੀ ਚੋਣਾਂ ਲੜੀਆਂ ਸਨ ਤੇ ਅਕਾਲੀ ਦਲ ਨਾਲੋਂ ਵੱਧ ਵੋਟਾਂ ਹਾਸਲ ਕੀਤੀਆਂ, ਜੋ ਖ਼ੁਦ 10 ਸੀਟਾਂ 'ਤੇ ਚੋਣ ਲੜਦਿਆ ਉਸ ਲਈ ਸਿਰਫ਼ 3 ਸੀਟਾਂ ਹੀ ਛੱਡਦਾ ਸੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਿਰਫ਼ 13.5 ਫ਼ੀਸਦੀ ਵੋਟਾਂ ਮਿਲੀਆਂ ਹਨ।

# ਪੰਜਾਬ ਦੀ ਜਨਤਾ ਨੇ ਦਲ-ਬਦਲੂਆਂ ਨੂੰ ਨਕਾਰਿਆ

## ■ ਕਾਂਗਰਸ ਛੱਡ ਕੇ ਜਾਣ ਵਾਲੇ ਕਾਂਗਰਸੀਆਂ ਤੋਂ ਹੀ ਹਾਰੇ

**ਲੁਧਿਆਣਾ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ 'ਚ ਨੇਤਾਵਾਂ ਵੱਲੋਂ ਪਾਰਟੀਆਂ ਬਦਲਣ ਦਾ ਰਿਕਾਰਡ ਕਾਇਮ ਕੀਤਾ ਗਿਆ ਹੈ। ਇਨ੍ਹਾਂ 'ਚ ਪੰਜਾਬ ਦੇ ਨੇਤਾ ਵੀ ਪਿੱਛੇ ਨਹੀਂ ਰਹੇ, ਜਿਨ੍ਹਾਂ 'ਚ ਕਈ ਨੇਤਾ ਦੂਜੀਆਂ ਪਾਰਟੀਆਂ 'ਚ ਜਾ ਕੇ ਟਿਕਟ ਹਾਸਲ ਕਰਨ 'ਚ ਵੀ ਕਾਮਯਾਬ ਰਹੇ। ਇਸੇ ਤਰ੍ਹਾਂ ਦੇ ਨੇਤਾਵਾਂ ਦੀ ਜਿੱਤ ਹਾਰ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ ਪਰ ਉਨ੍ਹਾਂ 'ਚੋਂ ਸਿਰਫ 3 ਦਲ ਬਲਦੂਆਂ ਨੂੰ ਸਫਲਤਾ ਮਿਲੀ ਹੈ, ਜਿਨ੍ਹਾਂ 'ਚ ਮੁੱਖ ਤੌਰ 'ਤੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ 'ਚ ਗਏ ਮੌਜੂਦਾ ਵਿਧਾਇਕ ਰਾਜ ਕੁਮਾਰ ਚੱਬੇਵਾਲ ਦਾ ਨਾਂ ਸ਼ਾਮਲ ਹੈ, ਜੋ ਹੁਸ਼ਿਆਰਪੁਰ ਤੋਂ ਜਿੱਤ ਦਰਜ ਕਰਨ 'ਚ ਕਾਮਯਾਬ ਰਹੇ ਹਨ।

ਇਸੇ ਤਰ੍ਹਾਂ ਪਹਿਲਾਂ ਆਮ ਆਦਮੀ ਪਾਰਟੀ 'ਚ ਰਹੇ ਪਟਿਆਲਾ ਦੇ ਧਰਮਵੀਰ ਗਾਂਧੀ ਨੇ ਇਸ ਵਾਰ ਕਾਂਗਰਸ 'ਚ ਸ਼ਾਮਲ ਹੋ ਕੇ ਜਿੱਤ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਫਿਰੋਜ਼ਪੁਰ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤਣ ਵਾਲੇ ਸ਼ੇਰ ਸਿੰਘ ਘੁਬਾਇਆ ਵੀ ਪਹਿਲਾਂ ਅਕਾਲੀ ਦਲ 'ਚ ਰਹਿ ਚੁੱਕੇ ਹਨ।

ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਖਾਸ ਗੱਲ ਇਹ ਰਹੀ ਕਿ ਕਾਂਗਰਸ ਛੱਡ ਕੇ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੋ ਕੇ ਚੋਣ ਲੜਨ ਵਾਲਿਆਂ ਨੂੰ ਕਾਂਗਰਸੀਆਂ ਨੇ ਹੀ ਹਰਾਇਆ ਹੈ। ਇਨ੍ਹਾਂ 'ਚੋਂ ਸਭ ਤੋਂ ਵੱਡਾ ਨਾਂ ਰਵਨੀਤ ਬਿੱਟੂ ਦਾ ਹੈ, ਜੋ ਕਿ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ ਤੇ ਜਿਨ੍ਹਾਂ ਨੂੰ ਰਾਜਾ ਵੜਿੰਗ ਨੇ ਲੁਧਿਆਣਾ ਤੋਂ ਹਰਾਇਆ ਹੈ। ਇਸੇ ਤਰ੍ਹਾਂ ਪਟਿਆਲਾ ਤੋਂ ਪਰਨੀਤ ਕੌਰ ਨੂੰ ਧਰਮਵੀਰ ਗਾਂਧੀ ਤੇ ਫਿਰੋਜ਼ਪੁਰ ਤੋਂ ਰਾਣਾ ਸੋਢੀ ਨੂੰ ਸ਼ੇਰ ਸਿੰਘ ਘੁਬਾਇਆ ਨੇ ਹਰਾਇਆ ਹੈ।

ਇਸ ਤੋਂ ਇਲਾਵਾ ਜਲੰਧਰ ਤੋਂ ਚਰਨਜੀਤ ਨੇ ਇਕੱਠੇ ਕਾਂਗਰਸ ਛੱਡਣ ਵਾਲੇ 2 ਨੇਤਾਵਾਂ ਸੁਸ਼ੀਲ ਰਿੰਕੂ, ਮਹਿੰਦਰ ਕੇ.ਪੀ. ਅਤੇ ਫਤਿਹਗੜ੍ਹ ਸਾਹਿਬ ਤੋਂ ਡਾ. ਅਮਰ ਸਿੰਘ ਨੇ ਗੁਰਪ੍ਰੀਤ ਜੀ.ਪੀ. ਅਤੇ ਗੇਜਾ ਰਾਮ ਨੂੰ ਹਰਾਇਆ ਹੈ।

ਇਸ ਤੋਂ ਇਲਾਵਾ ਹੋਰ ਵੀ ਦਲ ਬਦਲੂਆਂ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚ ਅੰਮ੍ਰਿਤਸਰ 'ਚ ਭਾਜਪਾ ਛੱਡ ਕੇ ਅਕਾਲੀ ਦਲ 'ਚ ਗਏ ਅਨਿਲ ਜੋਸ਼ੀ, ਖਡੂਰ ਸਾਹਿਬ 'ਚ ਅਕਾਲੀ ਦਲ ਛੱਡ ਕੇ ਭਾਜਪਾ 'ਚ ਗਏ ਮਨਜੀਤ ਸਿੰਘ ਮੀਆਂਵਿੰਡ, ਜਲੰਧਰ 'ਚ ਅਕਾਲੀ ਦਲ ਛੱਡ ਕੇ 'ਆਪ' 'ਚ ਗਏ ਪਵਨ ਟੀਨੂ, 'ਆਪ' ਤੋਂ ਭਾਜਪਾ 'ਚ ਗਏ ਸੁਸ਼ੀਲ ਰਿੰਕੂ ਅਤੇ ਕਾਂਗਰਸ ਤੋਂ ਅਕਾਲੀ ਦਲ 'ਚ ਗਏ ਮਹਿੰਦਰ ਸਿੰਘ ਕੇ.ਪੀ., ਹੁਸ਼ਿਆਰਪੁਰ 'ਚ 'ਆਪ' ਤੋਂ ਕਾਂਗਰਸ 'ਚ ਗਈ ਯਾਮਿਨੀ ਗੋਮਰ, ਫਰੀਦਕੋਟ 'ਚ ਅਕਾਲੀ ਦਲ ਤੋਂ ਕਾਂਗਰਸ 'ਚ ਗਈ ਅਮਰਜੀਤ ਕੌਰ ਸਾਹੋਕੇ, ਬਠਿੰਡਾ 'ਚ ਅਕਾਲੀ ਦਲ ਤੋਂ ਭਾਜਪਾ 'ਚ ਗਈ ਪਰਮਪਾਲ ਕੌਰ ਮਲੂਕਾ ਅਤੇ ਕਾਂਗਰਸ 'ਚ ਗਏ ਜੀਤ ਮਹਿੰਦਰ ਸਿੱਧੂ, ਸੰਗਰੂਰ 'ਚ ਕਾਂਗਰਸ ਛੱਡ ਕੇ ਭਾਜਪਾ 'ਚ ਗਏ ਅਰਵਿੰਦ ਖੰਨਾ ਸ਼ਾਮਲ ਹਨ। ਜਲੰਧਰ 'ਚ ਸਭ ਤੋਂ ਜ਼ਿਆਦਾ ਦਲ ਬਦਲੀਆਂ ਹੋਈਆਂ।

## ਬਠਿੰਡਾ ਸੀਟ ਨੇ ਬਚਾਈ ਅਕਾਲੀ ਦਲ ਦੀ ਸਾਖ਼

# ਚੌਥੀ ਵਾਰ ਜਿੱਤੇ ਹਰਸਿਮਰਤ ਕੌਰ ਬਾਦਲ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਲੋਕ ਸਭਾ ਚੋਣਾਂ ਦੇ ਨਤੀਜੇ ਸਾਹਮਣੇ ਆ ਗਏ ਹਨ। ਇਸ ਵਾਰ ਕਾਂਗਰਸ ਨੂੰ ਜਿੱਥੇ 7 ਸੀਟਾਂ ਮਿਲੀਆਂ ਹਨ, ਤਾਂ ਆਮ ਆਦਮੀ ਪਾਰਟੀ 3 ਸੀਟਾਂ ਹਾਸਲ ਕਰ ਸਕੀ ਹੈ। ਇਸ ਤੋਂ ਇਲਾਵਾ 2 ਸੀਟਾਂ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਹਨ ਪਰ ਪੰਥਕ ਪਾਰਟੀ ਕਹੇ ਜਾਣ ਵਾਲੇ ਅਕਾਲੀ ਦਲ ਨੂੰ ਸਿਰਫ ਇਕ ਸੀਟ ਹਾਸਲ ਹੋਈ ਹੈ। ਜੇਕਰ ਬਾਕੀ ਸੀਟਾਂ ਦੀ ਗੱਲ ਕੀਤੀ ਜਾਵੇ ਤਾਂ ਪਾਰਟੀ ਦੇ ਉਮੀਦਵਾਰ ਚੌਥੇ ਨੰਬਰ 'ਤੇ ਹੀ ਰਹੇ ਹਨ। ਅਕਾਲੀ ਦਲ ਨੇ ਸਿਰਫ ਬਠਿੰਡਾ ਸੀਟ 'ਤੇ ਜਿੱਤ ਹਾਸਲ ਕੀਤੀ ਹੈ ਅਤੇ ਹਰਸਿਮਰਤ ਕੌਰ ਬਾਦਲ ਜੇਤੂ ਰਹੇ ਹਨ। ਕਿਸੇ ਵੇਲੇ ਪੰਜਾਬ ਦੀ ਮੁੱਖ ਪਾਰਟੀ ਰਹੇ ਅਕਾਲੀ ਦਲ ਕੋਲ ਸਿਰਫ 13.42 ਫ਼ੀਸਦੀ ਵੋਟ ਰਹਿ ਗਏ ਹਨ, ਜਦੋਂਕਿ ਭਾਜਪਾ ਕੋਲ ਹੁਣ ਪੰਜਾਬ 'ਚ 18.56 ਫ਼ੀਸਦੀ ਵੋਟ ਹਨ। ਪੰਜਾਬ 'ਚ ਲੰਬਾ ਸਮਾਂ ਕਾਂਗਰਸ ਅਤੇ ਅਕਾਲੀ ਦਲ ਹੀ ਮੁੱਖ ਧਿਰਾਂ ਰਹੀਆਂ ਹਨ ਪਰ ਹੁਣ ਪੰਜਾਬ 'ਚੋਂ ਅਕਾਲੀ ਦਲ ਦਾ ਆਧਾਰ ਖ਼ਤਮ ਹੁੰਦਾ ਜਾਪ ਰਿਹਾ ਹੈ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਲਗਾਤਾਰ ਚੌਥੀ ਵਾਰ ਜਿੱਤੇ ਹਨ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ ਨੂੰ 49656 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਹਰਸਿਮਰਤ ਕੌਰ ਬਾਦਲ ਨੂੰ ਕੁੱਲ 376558 ਵੋਟਾਂ ਹਾਸਲ ਹੋਈਆਂ, ਜਦੋਂ ਕਿ ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ 326902 ਵੋਟਾਂ ਹਾਸਲ ਕਰਕੇ ਦੂਜੇ ਨੰਬਰ 'ਤੇ ਰਹੇ।

# ਲੋਕ ਸਭਾ ਚੋਣ ਨਤੀਜੇ : ਜੇਲ੍ਹ 'ਚ ਬੰਦ 2 ਉਮੀਦਵਾਰਾਂ ਨੇ ਜਿੱਤੀ ਚੋਣ

**ਜਲੰਧਰ, (ਪੰਜਾਬ ਮੇਲ)**- ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 2024 'ਚ ਕਰੀਬੀ ਮੁਕਾਬਲਾ ਦੇਖਣ ਨੂੰ ਮਿਲਿਆ। ਇਸ ਦੌਰਾਨ ਦੋ ਉਮੀਦਵਾਰ ਅਜਿਹੇ ਹਨ, ਜੋ ਜੇਲ੍ਹ ਵਿਚ ਬੈਠ ਕੇ ਚੋਣ ਜਿੱਤ ਚੁੱਕੇ ਹਨ। ਦਰਅਸਲ ਅਬਦੁਲ ਰਸ਼ੀਦ ਸ਼ੇਖ ਬਾਰਾਮੂਲਾ ਹਲਕੇ ਤੋਂ ਅਤੇ ਅੰਮ੍ਰਿਤਪਾਲ ਸਿੰਘ ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਜਿੱਤੇ ਹਨ। ਅਬਦੁਲ ਰਾਸ਼ਿਦ ਸ਼ੇਖ ਨੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਬਹੁਤ ਹੀ ਆਸਾਨ ਫਰਕ ਨਾਲ ਹਰਾਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਜੇਤੂ ਉਮੀਦਵਾਰਾਂ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਜਾਵੇਗਾ, ਜਾਂ ਫਿਰ ਉਨ੍ਹਾਂ ਨੂੰ ਆਪਣੀ ਸੀਟ ਛੱਡਣੀ ਪਵੇਗੀ। ਰਾਸ਼ਿਦ ਸ਼ੇਖ ਨੇ ਜੰਮੂ-ਕਸ਼ਮੀਰ ਦੇ ਦੋ ਵਾਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਵੀ ਹਰਾਇਆ।

ਲੋਕ ਪ੍ਰਤੀਨਿਧਤਾ ਐਕਟ, 1951 ਦੇ ਤਹਿਤ, ਭਾਰਤ ਦਾ ਹਰ ਨਾਗਰਿਕ ਜਿਸ ਦੀ ਉਮਰ ਘੱਟੋ-ਘੱਟ 18 ਸਾਲ ਹੈ ਅਤੇ ਆਮ ਤੌਰ 'ਤੇ ਕਿਸੇ ਹਲਕੇ ਵਿਚ ਰਹਿੰਦਾ ਹੈ। ਉਹ ਉਸ ਹਲਕੇ ਦੀ ਵੋਟਰ ਸੂਚੀ ਵਿਚ ਦਰਜ ਹੋਣ ਦਾ ਹੱਕਦਾਰ ਹੈ। ਹਾਲਾਂਕਿ, ਜੇਲ ਵਿਚ ਜਾਂ ਕਾਨੂੰਨੀ ਹਿਰਾਸਤ ਵਿਚ ਨਜ਼ਰਬੰਦ ਵਿਅਕਤੀ ਨੂੰ ਉਸਦੀ ਨਜ਼ਰਬੰਦੀ ਦੇ ਸਥਾਨ ਦਾ ਆਮ ਤੌਰ 'ਤੇ ਨਿਵਾਸੀ ਨਹੀਂ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ, ਕਾਨੂੰਨ ਅਜਿਹੇ ਵਿਅਕਤੀਆਂ ਨੂੰ ਉਦੋਂ ਤੱਕ ਚੋਣ ਲੜਨ ਤੋਂ ਨਹੀਂ ਰੋਕਦਾ, ਜਦੋਂ ਤੱਕ ਉਹ ਕੁਝ ਖਾਸ ਅਪਰਾਧਾਂ ਲਈ ਦੋਸ਼ੀ ਨਹੀਂ ਠਹਿਰਾਏ ਜਾਂਦੇ। ਇਸ ਤਰ੍ਹਾਂ ਇੰਜੀਨੀਅਰ ਰਸ਼ੀਦ ਅਤੇ ਸਿੰਘ ਜੇਲ੍ਹ 'ਚ ਰਹਿੰਦਿਆਂ ਹੀ ਚੋਣ ਲੜ ਸਕੇ ਸਨ।

ਜੇਲ੍ਹ ਵਿਚ ਬੰਦ ਚੁਣੇ ਹੋਏ ਨੁਮਾਇੰਦਿਆਂ ਨੂੰ ਅਹੁਦੇ ਦੀ ਸਹੁੰ ਚੁੱਕਣ ਲਈ ਅਕਸਰ ਅਸਥਾਈ ਤੌਰ 'ਤੇ ਜ਼ਮਾਨਤ ਜਾਂ ਪੈਰੋਲ 'ਤੇ ਰਿਹਾਅ ਕੀਤਾ ਜਾਂਦਾ ਹੈ। ਭਾਰਤੀ ਅਦਾਲਤਾਂ ਨੇ ਲੋਕਤੰਤਰੀ ਪ੍ਰਕਿਰਿਆ ਨੂੰ ਕਾਇਮ ਰੱਖਣ ਲਈ ਲਗਾਤਾਰ ਅਜਿਹੀਆਂ ਅਸਥਾਈ ਰਾਹਤਾਂ ਦਿੱਤੀਆਂ ਹਨ। ਉਦਾਹਰਣ ਵਜੋਂ, 2020 ਵਿਚ, ਇਲਾਹਾਬਾਦ ਹਾਈ ਕੋਰਟ ਨੇ ਬਹੁਜਨ ਸਮਾਜ ਪਾਰਟੀ (ਬੀ.ਐੱਸ.ਪੀ.) ਦੇ ਨੇਤਾ ਅਤੁਲ ਰਾਏ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਪੈਰੋਲ ਦਿੱਤੀ। ਇਸੇ ਤਰ੍ਹਾਂ, 2022 ਵਿਚ, ਸਮਾਜਵਾਦੀ ਪਾਰਟੀ ਦੇ ਵਿਧਾਇਕ ਨਾਹਿਦ ਹਸਨ ਨੂੰ ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕਣ ਲਈ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਇਸ ਨਾਲ ਇੰਜੀਨੀਅਰ ਰਾਸ਼ਿਦ ਅਤੇ ਸਿੰਘ ਨੂੰ ਲੋਕ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕਣ ਲਈ ਅਸਥਾਈ ਤੌਰ 'ਤੇ ਰਿਹਾਈ ਦਿੱਤੀ ਜਾ ਸਕਦੀ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਉਹ ਆਪਣੀ ਕੈਦ ਦੇ ਬਾਵਜੂਦ ਰਸਮੀ ਤੌਰ 'ਤੇ ਆਪਣੀ ਭੂਮਿਕਾ ਨਿਭਾ ਸਕਦੇ ਹਨ।

## ■ ਜੇਲ੍ਹ 'ਚ ਬੰਦ ਉਮੀਦਵਾਰ ਚੋਣ ਲੜਨ ਦੇ ਯੋਗ ਕਿਵੇਂ ਹੋਏ ?



**ਕੀ ਸੰਸਦ ਮੈਂਬਰ ਤੇ ਵਿਧਾਇਕ ਜੇਲ੍ਹ ਤੋਂ ਨਿਭਾ ਸਕਦੇ ਹਨ ਆਪਣੀ ਡਿਊਟੀ :** ਸਵਾਲ ਇਹ ਹੈ ਕਿ ਕੀ ਸੰਸਦ ਮੈਂਬਰ ਅਤੇ ਵਿਧਾਇਕ ਜੇਲ੍ਹ ਤੋਂ ਆਪਣੀ ਡਿਊਟੀ ਨਿਭਾ ਸਕਦੇ ਹਨ। ਇਤਿਹਾਸਕ ਤੌਰ 'ਤੇ, ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਦੋਂ ਜੇਲ੍ਹ ਵਿਚ ਬੰਦ ਚੁਣੇ ਹੋਏ ਨੁਮਾਇੰਦਿਆਂ ਨੇ ਜੇਲ੍ਹ ਵਿਚੋਂ ਆਪਣੇ ਫਰਜ਼ ਨਿਭਾਉਣੇ ਜਾਰੀ ਰੱਖੇ ਹਨ। ਉਦਾਹਰਨ ਲਈ, ਸੰਚਾਰ ਚੈਨਲਾਂ ਦੀ ਸਹੂਲਤ ਦਿੱਤੀ ਗਈ ਹੈ ਅਤੇ ਮੀਟਿੰਗਾਂ ਦੀ ਇਜਾਜ਼ਤ ਦਿੱਤੀ ਗਈ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੋਟਰਾਂ ਦੀ ਨੁਮਾਇੰਦਗੀ ਕੀਤੀ ਜਾਂਦੀ ਹੈ ਅਤੇ ਜੇਲ ਵਿਚ ਬੰਦ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਮਦਦ ਕੀਤੀ ਜਾਂਦੀ ਹੈ। ਉਹ ਇਨ੍ਹਾਂ ਵਿਚੋਲਿਆਂ ਰਾਹੀਂ ਹਦਾਇਤਾਂ ਦਾ ਸੰਚਾਰ ਕਰ ਸਕਦੇ ਹਨ ਅਤੇ ਵਿਧਾਨਕ ਗਤੀਵਿਧੀਆਂ ਵਿਚ ਸ਼ਾਮਲ ਹੋ ਸਕਦੇ ਹਨ। ਹਾਲਾਂਕਿ, ਸੰਸਦੀ ਸੈਸ਼ਨਾਂ ਅਤੇ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣ ਦੀ ਉਸਦੀ ਯੋਗਤਾ ਬੁਰੀ ਤਰ੍ਹਾਂ ਸੀਮਤ ਹੈ।


## ਦੋਸ਼ੀ ਪਾਏ ਜਾਣ 'ਤੇ ਤੁਰੰਤ ਅਯੋਗ ਕਰਾਰ ਦਿੱਤਾ ਜਾਵੇ

- ਸੁਪਰੀਮ ਕੋਰਟ ਨੇ 2013 ਵਿਚ ਇੱਕ ਇਤਿਹਾਸਕ ਫੈਸਲੇ ਵਿਚ ਕਿਹਾ ਸੀ ਕਿ ਸੰਸਦ ਮੈਂਬਰਾਂ (ਐੱਮ.ਪੀਜ਼) ਅਤੇ ਵਿਧਾਨ ਸਭਾ ਦੇ ਮੈਂਬਰਾਂ (ਵਿਧਾਇਕਾਂ) ਨੂੰ ਕਿਸੇ ਵੀ ਅਪਰਾਧ ਲਈ ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਦੇ ਅਹੁਦਿਆਂ 'ਤੇ ਰਹਿਣ ਲਈ ਤੁਰੰਤ ਅਯੋਗ ਕਰਾਰ ਦਿੱਤਾ ਜਾਵੇਗਾ।
- ਫੈਸਲੇ ਨੇ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 8(4) ਨੂੰ ਖਤਮ ਕਰ ਦਿੱਤਾ, ਜਿਸ ਨੇ ਪਹਿਲਾਂ ਦੋਸ਼ੀ ਸੰਸਦ ਮੈਂਬਰਾਂ ਨੂੰ ਆਪਣੀ ਸਜ਼ਾ ਦੇ ਖਿਲਾਫ ਅਪੀਲ ਕਰਨ ਲਈ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਸੀ।
- ਜੇ ਇੰਜੀਨੀਅਰ ਰਸ਼ੀਦ ਜਾਂ ਸਿੰਘ ਨੂੰ ਉਨ੍ਹਾਂ ਦੇ ਦੋਸ਼ਾਂ 'ਚ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਹ ਤੁਰੰਤ ਲੋਕ ਸਭਾ ਵਿਚ ਆਪਣੀ ਸੀਟ ਗੁਆ ਦੇਣਗੇ।
- ਰਾਸ਼ਿਦ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਜੇਲ੍ਹ ਵਿਚ ਹੈ। ਉਹ ਮਾਰੇ ਗਏ ਹੁਰੀਅਤ ਨੇਤਾ ਅਤੇ ਜੇ.ਕੇ.ਪੀ.ਸੀ. ਦੇ ਸੰਸਥਾਪਕ ਅਬਦੁਲ ਗਨੀ ਲੋਨ, ਸੱਜਾਦ ਲੋਨ ਦੇ ਪਿਤਾ ਦਾ ਨਜ਼ਦੀਕੀ ਸਹਿਯੋਗੀ ਸੀ। ਦੂਜੇ ਪਾਸੇ, ਸਿੰਘ ਇੱਕ ਖਾਲਿਸਤਾਨੀ ਨੇਤਾ ਹੈ, ਜੋ ਰਾਸ਼ਟਰੀ ਸੁਰੱਖਿਆ ਐਕਟ (ਐੱਨ.ਐੱਸ.ਏ.) ਦੇ ਤਹਿਤ ਜੇਲ੍ਹ ਵਿਚ ਬੰਦ ਹੈ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com Web Page: gurneknagra.com



International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(3.00pm to 6.30 pm)
Free Entry
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
Only For Ladies
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਹਰਿਆਣਾ 'ਚ ਭਾਜਪਾ ਤੇ ਕਾਂਗਰਸ ਨੇ ਜਿੱਤੀਆਂ 5-5 ਸੀਟਾਂ ਜਿੱਤੀਆਂ

- ਜੇ.ਜੇ.ਪੀ. ਤੇ ਇਨੈਲੋ ਦਾ ਹੋਇਆ ਸਫਾਇਆ;
- ਰੋਹਤਕ ਤੋਂ ਦੀਪੇਂਦਰ ਹੁੱਡਾ ਤੇ ਕਰਨਾਲ ਤੋਂ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਜਿੱਤੇ



ਜਿੱਤਣ ਮਗਰੋਂ ਖ਼ੁਸ਼ੀ ਦੇ ਰੌਂਅ ਵਿਚ ਦੀਪੇਂਦਰ ਹੁੱਡਾ।

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਵਿਚ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਵੱਡਾ ਝਟਕਾ ਲੱਗਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਦੀਆਂ ਸਾਰੀਆਂ 10 ਸੀਟਾਂ ਜਿੱਤਣ ਵਾਲੀ ਭਾਜਪਾ ਐਤਕੀਂ ਸਿਰਫ਼ 5 ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ ਹੈ। ਇਸ ਦੇ ਨਾਲ ਹੀ ਭਾਜਪਾ ਦੇ ਵੋਟ ਫੀਸਦੀ ਵਿਚ ਵੀ 12 ਫ਼ੀਸਦੀ ਦੀ ਕਟੌਤੀ ਦਰਜ ਕੀਤੀ ਗਈ ਹੈ। ਭਾਜਪਾ ਨੂੰ ਇਸ ਵਾਰ 46 ਫ਼ੀਸਦੀ ਦੇ ਕਰੀਬ ਵੋਟਾਂ ਪਈਆਂ ਹਨ, ਜਦੋਂਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ 58 ਫ਼ੀਸਦੀ ਵੋਟ ਪਈ ਸੀ। ਇਸੇ ਤਰ੍ਹਾਂ ਕਾਂਗਰਸ ਨੂੰ 44 ਫ਼ੀਸਦੀ ਵੋਟਾਂ ਪਈਆਂ ਹਨ, ਜਦੋਂ ਕਿ ਪਿਛਲੀ ਚੋਣਾਂ ਵਿਚ 28 ਫ਼ੀਸਦੀ ਵੋਟਾਂ ਪਈਆਂ ਸਨ। ਭਾਜਪਾ ਹਰਿਆਣਾ 'ਚ ਕਰਨਾਲ, ਕੁਰੂਕਸ਼ੇਤਰ, ਫਰੀਦਾਬਾਦ, ਗੁਰੂਗ੍ਰਾਮ ਅਤੇ ਭਿਵਾਨੀ-ਮਹਿੰਦਰਗੜ੍ਹ ਸੀਟਾਂ 'ਤੇ ਜਿੱਤ ਹਾਸਲ ਕਰਨ ਵਿਚ ਕਾਮਯਾਬ ਰਹੀ ਹੈ, ਜਦੋਂ ਕਿ ਕਾਂਗਰਸ ਪਾਰਟੀ ਅੰਬਾਲਾ, ਸੋਨੀਪਤ, ਹਿਸਾਰ, ਸਿਰਸਾ ਅਤੇ ਰੋਹਤਕ ਦੀ ਸੀਟ 'ਤੇ ਜਿੱਤ ਗਈ ਹੈ। ਲੋਕ ਸਭਾ ਚੋਣਾਂ ਦੌਰਾਨ ਸੂਬੇ ਵਿਚੋਂ ਜੇ.ਜੇ.ਪੀ. ਤੇ ਇਨੈਲੋ ਦਾ ਵੀ ਸਫਾਇਆ ਹੋ ਗਿਆ ਹੈ।

ਰੋਹਤਕ ਤੋਂ ਕਾਂਗਰਸੀ ਉਮੀਦਵਾਰ ਦੀਪੇਂਦਰ ਹੁੱਡਾ ਨੇ ਸੂਬੇ ਵਿਚ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੇ 3.5 ਲੱਖ ਦੇ ਕਰੀਬ ਵੋਟਾਂ ਦੇ ਫਰਕ ਨਾਲ ਆਪਣੇ ਵਿਰੋਧੀ ਤੇ ਭਾਜਪਾ ਉਮੀਦਵਾਰ ਡਾ. ਅਰਵਿੰਦ ਕੁਮਾਰ ਸ਼ਰਮਾ ਨੂੰ ਹਰਾਇਆ। ਕਰਨਾਲ ਤੋਂ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 2.20 ਲੱਖ ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਦਿਵਯਾਂਸ਼ੂ ਬੁੱਧੀਰਾਜਾ ਨੂੰ ਹਰਾ ਦਿੱਤਾ ਹੈ। ਸਿਰਸਾ ਤੋਂ ਕਾਂਗਰਸੀ ਉਮੀਦਵਾਰ ਕੁਮਾਰੀ ਸ਼ੈਲਜਾ ਨੇ 7,33,823 ਵੋਟਾਂ ਹਾਸਲ ਕਰਕੇ ਆਪਣੇ ਵਿਰੋਧੀ ਤੇ ਭਾਜਪਾ ਉਮੀਦਵਾਰ ਅਸ਼ੋਕ ਤੰਵਰ ਨੂੰ 2,68,497 ਵੋਟਾਂ ਦੇ ਫਰਕ ਨਾਲ ਹਰਾਇਆ। ਤੰਵਰ ਨੂੰ 4,65,326 ਵੋਟਾਂ ਪਈਆਂ। ਗੁਰੂਗ੍ਰਾਮ ਤੋਂ ਕਾਂਗਰਸੀ ਉਮੀਦਵਾਰ ਤੇ ਫਿਲਮ ਅਦਾਕਾਰ ਰਾਜ ਬੱਬਰ ਵੀ ਭਾਜਪਾ ਉਮੀਦਵਾਰ ਰਾਓ ਇੰਦਰਜੀਤ ਸਿੰਘ ਤੋਂ 73 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਏ ਹਨ। ਭਿਵਾਨੀ ਮਹਿੰਦਰਗੜ੍ਹ ਤੋਂ ਭਾਜਪਾ ਉਮੀਦਵਾਰ ਧਰਮਬੀਰ ਸਿੰਘ 5,82,735 ਵੋਟਾਂ ਹਾਸਲ ਕਰਕੇ ਜੇਤੂ ਰਹੇ। ਕੁਰੂਕਸ਼ੇਤਰ ਤੋਂ 'ਇੰਡੀਆ' ਗਠਜੋੜ ਵੱਲੋਂ ਚੋਣ ਮੈਦਾਨ ਵਿਚ ਨਿਤਰੇ ਡਾ. ਸੁਸ਼ੀਲ ਗੁਪਤਾ ਵੀ ਭਾਜਪਾ ਉਮੀਦਵਾਰ ਨਵੀਨ ਜਿੰਦਲ ਤੋਂ 29 ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਗਏ। ਫਰੀਦਾਬਾਦ ਤੋਂ ਭਾਜਪਾ ਉਮੀਦਵਾਰ ਕ੍ਰਿਸ਼ਨਪਾਲ ਗੁੱਜਰ 1.73 ਲੱਖ ਵੋਟਾਂ ਨਾਲ ਜੇਤੂ ਰਹੇ। ਹਿਸਾਰ ਤੋਂ ਕਾਂਗਰਸੀ ਉਮੀਦਵਾਰ ਜੈ ਪ੍ਰਕਾਸ਼ ਸਿੰਘ, ਸੋਨੀਪਤ ਤੋਂ ਕਾਂਗਰਸੀ ਉਮੀਦਵਾਰ ਸੱਤਪਾਲ ਬ੍ਰਹਮਚਾਰੀ, ਅੰਬਾਲਾ ਤੋਂ ਕਾਂਗਰਸੀ ਉਮੀਦਵਾਰ ਵਰੁਣ ਚੌਧਰੀ ਨੇ ਬੰਤੋ ਕਟਾਰੀਆ ਨੂੰ 49036 ਵੋਟਾਂ ਦੇ ਫਰਕ ਨਾਲ ਹਰਾਇਆ। ਕਰਨਾਲ ਵਿਧਾਨ ਸਭਾ ਦੀ ਜ਼ਿਮਨੀ ਚੋਣ ਨਾਇਬ ਸਿੰਘ ਸੈਣੀ ਨੇ 41540 ਵੋਟਾਂ ਦੇ ਫਰਕ ਨਾਲ ਜਿੱਤੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 20 ਸਾਲ ਬਾਅਦ ਕਾਂਗਰਸ ਨੇ ਨਾਗਾਲੈਂਡ ਸੀਟ ਜਿੱਤ ਕੇ ਰਚਿਆ ਇਤਿਹਾਸ

**ਕੋਹਿਮਾ, (ਪੰਜਾਬ ਮੇਲ)-** ਕਾਂਗਰਸ ਨੇ ਮੰਗਲਵਾਰ ਨੂੰ 20 ਸਾਲ ਦੇ ਵਕਫੇ ਬਾਅਦ ਨਾਗਾਲੈਂਡ ਤੋਂ ਇਕਲੌਤੀ ਲੋਕ ਸਭਾ ਸੀਟ ਜਿੱਤ ਕੇ ਇਤਿਹਾਸ ਰਚ ਦਿੱਤਾ। ਚੋਣ ਕਮਿਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਪਾਰਟੀ ਦਾ ਸੂਬਾ ਵਿਧਾਨ ਸਭਾ ਵਿਚ ਕੋਈ ਮੈਂਬਰ ਨਹੀਂ ਹੈ। ਲੋਕ ਸਭਾ ਚੋਣਾਂ ਦੇ ਰਿਟਰਨਿੰਗ ਅਫਸਰ ਸੁਸ਼ੀਲ ਕੁਮਾਰ ਪਟੇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਾਂਗਰਸ ਉਮੀਦਵਾਰ ਐੱਸ. ਸੁਫੌਂਗਮੇਰੇਨ ਜਮੀਰ ਨੇ ਆਪਣੇ ਨੇੜਲੇ ਵਿਰੋਧੀ ਅਤੇ ਨੈਸ਼ਨਲਿਸਟ ਡੈਮੋਕਰੇਟਿਕ ਪ੍ਰੋਗਰੈਸਿਵ ਪਾਰਟੀ (ਐੱਨ.ਡੀ.ਪੀ.ਪੀ.) ਦੇ ਉਮੀਦਵਾਰ ਚੁੰਬੇਨ ਮੁਰੀ ਨੂੰ 50,984 ਵੋਟਾਂ ਦੇ ਫਰਕ ਨਾਲ ਹਰਾਇਆ। ਉਨ੍ਹਾਂ ਦੱਸਿਆ ਕਿ ਜਮੀਰ ਨੂੰ 4,01,951 ਵੋਟਾਂ ਮਿਲੀਆਂ, ਜਦੋਂਕਿ ਮੂਰੀ ਨੂੰ 3,50,967 ਅਤੇ ਆਜ਼ਾਦ ਉਮੀਦਵਾਰ ਹੀਥੁੰਗ ਤੁੰਗੋ ਲੋਥਾ ਨੂੰ 6,232 ਵੋਟਾਂ ਮਿਲੀਆਂ। ਕਾਂਗਰਸ ਦਾ 2014 ਤੋਂ ਰਾਜ ਵਿਧਾਨ ਸਭਾ ਵਿਚ ਕੋਈ ਮੈਂਬਰ ਨਹੀਂ ਹੈ। ਪਾਰਟੀ ਨੇ ਇਸ ਤੋਂ ਪਹਿਲਾਂ 1999 ਵਿਚ ਲੋਕ ਸਭਾ ਸੀਟ ਜਿੱਤੀ ਸੀ।

# 64.2 ਕਰੋੜਾ ਲੋਕਾਂ ਦੇ ਮਤਦਾਨ ਨਾਲ ਭਾਰਤ ਨੇ ਬਣਾਇਆ ਵਿਸ਼ਵ ਰਿਕਾਰਡ: ਸੀ.ਈ.ਸੀ.



**ਨਵੀਂ ਦਿੱਲੀ, (ਪੰਜਾਬ ਮੇਲ)-** ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਥੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 68,000 ਤੋਂ ਵੱਧ ਨਿਗਰਾਨ ਟੀਮਾਂ ਅਤੇ 1.5 ਕਰੋੜ ਪੋਲਿੰਗ ਅਤੇ ਸੁਰੱਖਿਆ ਕਰਮਚਾਰੀ ਦੁਨੀਆਂ ਦੇ ਸਭ ਤੋਂ ਵੱਡੇ ਚੋਣ ਅਭਿਆਸ ਵਿਚ ਸ਼ਾਮਲ ਸਨ। ਕੁਮਾਰ ਨੇ ਕਿਹਾ, "ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਇੱਕ ਵਿਸ਼ਵ ਰਿਕਾਰਡ ਬਣਾਇਆ ਹੈ।

Global Allianz
ਕਾਨੂੰਨੀ ਸਲਾਹਾਂ
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ ਵੱਲੋਂ ਇਤਿਹਾਸਕ ਨਾਟਕ 'ਜ਼ਫਰਨਾਮਾ' 15 ਜੂਨ ਨੂੰ

**ਫੇਅਰਫੀਲਡ, (ਪੰਜਾਬ ਮੇਲ)-** ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ ਵੱਲੋਂ ਇਤਿਹਾਸਕ ਨਾਟਕ 'ਜ਼ਫਰਨਾਮਾ' 15 ਜੂਨ, ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਉੱਘੇ ਸਟੇਜ ਕਰਮੀ ਸੁਰਿੰਦਰ ਸਿੰਘ ਧਨੋਆ ਵੱਲੋਂ ਇਹ ਨਾਟਕ ਕੈਲੀਫੋਰਨੀਆ ਦੇ ਵੱਖ-ਵੱਖ ਥਾਂਵਾਂ 'ਤੇ ਬੜੀ ਕਾਮਯਾਬੀ ਨਾਲ ਕਰਵਾਇਆ ਗਿਆ ਹੈ ਅਤੇ ਹਰ ਥਾਂ 'ਤੇ ਇਸ ਨਾਟਕ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਕੁਰਬਾਨੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੋ ਇਹ ਨਾਟਕ ਅਮਰੀਕਾ ਵਿਚ ਰਹਿੰਦੀ ਆਉਣ ਵਾਲੀ ਨਸਲ ਲਈ ਇਕ ਚੰਗਾ ਉਪਰਾਲਾ ਹੈ। ਇਹ ਨਾਟਕ ਪਰਿਵਾਰ ਸਮੇਤ ਦੇਖਣਾ ਬਣਦਾ ਹੈ। ਹੋਰ ਜਾਣਕਾਰੀ ਲਈ ਹਰਜਿੰਦਰ ਧਾਮੀ : 707-315-2468 ਜਾਂ ਸ਼ਸ਼ੀ ਪਾਲ ਨਾਲ 707-372-5657 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਰਮਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ

**ਫਰਿਜ਼ਨੋ, (ਪੰਜਾਬ ਮੇਲ)-** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਮਨ ਸ਼ਹਿਰ ਵਿਖੇ ਕਰਵਾਏ ਗਏ। ਜਿਨ੍ਹਾਂ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਕਰਮਨ ਸ਼ਹਿਰ ਦੇ ਟਰੱਕਾਂ ਦੇ ਕਾਰੋਬਾਰ ਨਾਲ ਸੰਬੰਧਤ ਪਰਿਵਾਰਾਂ ਨੇ ਸਾਂਝੇ ਤੌਰ 'ਤੇ ਗੁਰਦੁਆਰਾ ਅਨੰਦਗੜ੍ਹ ਸਾਹਿਬ, ਕਰਮਨ ਵਿਖੇ ਕੀਤੀ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠ ਹੋਏ। ਸਮਾਪਤੀ 'ਤੇ ਵਿਸ਼ੇਸ਼ ਸਮਾਗਮ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਜੱਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ



ਕੀਰਤਨ ਨਾਲ ਨਿਹਾਲ ਕੀਤਾ। ਇਸ ਉਪਰੰਤ ਭਾਈ ਮਨਜੀਤ ਸਿੰਘ ਪੱਤੜ ਅਤੇ ਸੁਖਚੈਨ ਸਿੰਘ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਭਰਦੇ ਹੋਏ 1984 ਦੇ ਘੱਲੂਘਾਰੇ ਦਾ ਇਤਿਹਾਸ ਜੋਸ਼ੀਲੇ ਅੰਦਾਜ਼ ਵਿਚ ਸੰਗਤਾਂ ਨੂੰ ਸੁਣਾਇਆ। ਇਸ ਸਮੇਂ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਸੰਗਤਾਂ ਲਈ ਦਸਤਾਰ ਬੰਨ੍ਹਣ ਦਾ ਲੰਗਰ ਵੀ ਲਾਇਆ ਹੋਇਆ ਸੀ। ਇਸੇ ਦੌਰਾਨ ਕੌਂਸਲ ਦੇ ਸਰਗਰਮ ਮੈਂਬਰ ਭਾਈ ਗੁਰਦੀਪ ਸਿੰਘ ਖਾਲਸਾ ਨੇ ਬੋਲਦਿਆਂ ਸੰਖੇਪ ਜੂਨ 1984 ਇਤਿਹਾਸ ਅਤੇ ਸਿੱਖ ਨਸਲਕੁਸ਼ੀ ਦੀ ਗੱਲ ਕਰਦੇ ਹੋਏ ਸਿੱਖ ਕੌਮ ਨੂੰ ਏਕਤਾ ਵਿਚ ਰਹਿਣ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਰਹਿਣ ਦੀ ਗੱਲ ਕੀਤੀ। ਸੰਬੰਧਤ ਵਾਰਾਂ ਗਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

# ਅਮਰੀਕਾ 'ਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵੀਜ਼ਾ ਫ੍ਰੀ ਐਂਟਰੀ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵੀਜ਼ਾ ਫਰੀ ਐਂਟਰੀ ਦਾ ਵਿਸਥਾਰ ਕੀਤਾ ਹੈ। ਇਸ ਨੀਤੀ ਤਹਿਤ ਹੁਣ ਹੋਰ ਜ਼ਿਆਦਾ ਦੇਸ਼ਾਂ ਦੇ ਨਾਗਰਿਕਾਂ ਨੂੰ ਸੈਰ ਸਪਾਟੇ ਲਈ ਵੀਜ਼ੇ ਦੀ ਲੋੜ ਨਹੀਂ ਪਵੇਗੀ। ਇਸ ਦੇ ਤਹਿਤ ਸੂਚੀ 'ਚ ਸ਼ਾਮਲ ਦੇਸ਼ਾਂ ਦੇ ਨਾਗਰਿਕ ਸੈਰ-ਸਪਾਟੇ ਦੇ ਮਕਸਦ ਨਾਲ ਬਿਨਾਂ ਵੀਜ਼ੇ ਦੇ ਅਮਰੀਕਾ 'ਚ ਦਾਖਲ ਹੋ ਸਕਦੇ ਹਨ ਅਤੇ 90 ਦਿਨ ਤੱਕ ਰਹਿ ਸਕਦੇ ਹਨ। ਵੀਜ਼ਾ ਛੋਟ ਪ੍ਰੋਗਰਾਮ ਵਿਚ ਨੀਤੀਗਤ ਤਬਦੀਲੀਆਂ ਦਾ ਉਦੇਸ਼ ਸੈਲਾਨੀਆਂ ਲਈ ਅਮਰੀਕਾ ਵਿਚ ਦਾਖਲੇ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਅਤੇ ਉਡੀਕ ਸਮੇਂ ਨੂੰ ਘਟਾਉਣਾ ਹੈ। ਅਮਰੀਕੀ ਸਰਕਾਰ ਲਾਸ ਵੇਗਾਸ, ਨਿਊਯਾਰਕ, ਲਾਸ ਏਂਜਲਸ ਅਤੇ ਹੋਰਾਂ ਸਮੇਤ ਆਪਣੇ ਕੁਝ ਸਭ ਤੋਂ ਪ੍ਰਸਿੱਧ ਸਥਾਨਾਂ ਦੀ ਯਾਤਰਾ ਨੂੰ ਵਧਾਉਣ ਦੇ ਨਾਲ-ਨਾਲ ਛੋਟੇ ਕਸਬਿਆਂ ਅਤੇ ਪੇਂਡੂ ਖੇਤਰਾਂ ਵਿਚ ਪੈਰ ਵਧਾਉਣਾ ਚਾਹੁੰਦੀ ਹੈ। ਅਮਰੀਕਾ ਦੁਨੀਆਂ ਭਰ ਦੇ ਲੋਕਾਂ ਲਈ ਇੱਕ ਪ੍ਰਸਿੱਧ ਮੰਜ਼ਿਲ ਹੈ, ਜਿਸ ਵਿਚ ਜੰਗਲੀ ਜੀਵ ਪਾਰਕਾਂ ਤੋਂ ਲੈ ਕੇ ਘਾਟੀਆਂ, ਥੀਮ ਪਾਰਕਾਂ ਤੋਂ ਅਜਾਇਬ ਘਰ, ਝੀਲਾਂ ਤੋਂ ਝਰਨੇ, ਬੀਚਾਂ ਤੋਂ ਟਾਪੂਆਂ ਅਤੇ ਹੋਰ ਬਹੁਤ ਕੁਝ ਹੈ। ਅਮਰੀਕਾ ਦੇ ਕੁਝ ਸਭ ਤੋਂ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਵਿਚ ਲਾਸ ਏਂਜਲਸ, ਸ਼ਿਕਾਗੋ, ਲਾਸ ਵੇਗਾਸ, ਰੇਨੋ, ਨਿਊਯਾਰਕ, ਵਾਸ਼ਿੰਗਟਨ, ਸਿਆਟਲ, ਸਾਨ ਫਰਾਂਸਿਸਕੋ, ਹਵਾਈ, ਅਲਾਸਕਾ ਅਤੇ ਹੋਰ ਸ਼ਾਮਲ ਹਨ।

# ਵਲੇਹੋ ਤੀਆਂ ਮੇਲਾ 21 ਜੁਲਾਈ ਨੂੰ




**ਵਲੇਹੋ, (ਪੰਜਾਬ ਮੇਲ)-** ਪਿਛਲੇ ਲੰਮੇ ਸਮੇਂ ਤੋਂ ਕੈਲੀਫੋਰਨੀਆ ਦੇ ਵਲੇਹੋ ਸ਼ਹਿਰ ਵਿਚ ਕਰਵਾਈਆਂ ਜਾ ਰਹੀਆਂ ਤੀਆਂ ਇਸ ਵਾਰ 21 ਜੁਲਾਈ, ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਣਗੀਆਂ। Dan Foley Cultural Center ਵਿਖੇ ਹੋਣ ਵਾਲੀਆਂ ਇਨ੍ਹਾਂ ਤੀਆਂ ਵਿਚ ਗਿੱਧੇ, ਬੋਲੀਆਂ, ਲੋਕ ਗੀਤ, ਡਾਂਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਨੋਰੰਜਕ ਪ੍ਰੋਗਰਾਮ ਸਟੇਜ ਤੋਂ ਪੇਸ਼ ਕੀਤੇ ਜਾਣਗੇ। ਕੱਪੜੇ, ਗਹਿਣੇ, ਜੁੱਤੀਆਂ ਦੇ ਸਟਾਲ ਲਗਾਏ ਜਾਣਗੇ, ਜਿੱਥੋਂ ਖਰੀਦੋ-ਫਰੋਖਤ ਹੋ ਸਕੇਗੀ। ਇਸ ਤੋਂ ਇਲਾਵਾ ਖਾਣ-ਪੀਣ ਦੇ ਸਟਾਲ ਵੀ ਲੱਗਣਗੇ। ਸਟੇਜ ਦੀ ਸੇਵਾ ਆਸ਼ਾ ਸ਼ਰਮਾ ਨਿਭਾਉਣਗੇ। ਇਨ੍ਹਾਂ ਤੀਆਂ ਦੀ ਪ੍ਰਬੰਧਕ ਸੁਨੀਤਾ ਵਰਮਾ ਨੇ ਦੱਸਿਆ ਕਿ ਇਹ ਤੀਆਂ ਸਿਰਫ ਔਰਤਾਂ ਤੇ ਬੱਚਿਆਂ ਲਈ ਹੁੰਦੀਆਂ ਹਨ। ਬੂਥ ਲਾਉਣ ਅਤੇ ਸਪਾਂਸਰ ਲਈ 707-853-9006 'ਤੇ ਸੰਪਰਕ ਕੀਤਾ ਜਾ ਸਕਦਾ ਹੈਂ।

# ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 16ਵੀਆਂ ਸਾਲਾਨਾ ਤੀਆਂ 11 ਅਗਸਤ ਨੂੰ

**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 16ਵੀਂ ਸਾਲਾਨਾ ਤੀਆਂ ਇਸ ਵਾਰ 11 ਅਗਸਤ, ਦਿਨ ਐਤਵਾਰ ਨੂੰ ਸ਼ਾਮ 3 ਵਜੇ ਤੋਂ 6.30 ਵਜੇ ਤੱਕ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਤੀਆਂ ਵਿਚ ਗੀਤ-ਸੰਗੀਤ, ਲੋਕ ਗੀਤ, ਗਿੱਧਾ, ਬੋਲੀਆਂ, ਓਪਨ ਗਿੱਧਾ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਕੱਪੜੇ, ਮਹਿੰਦੀ, ਜਿਊਲਰੀ, ਜੁੱਤੀਆਂ ਆਦਿ ਦੇ ਸਟਾਲ ਲਗਾਏ ਜਾਣਗੇ, ਜਿੱਥੋਂ ਬੀਬੀਆਂ ਖਰੀਦੋ-ਫਰੋਖਤ ਕਰ ਸਕਦੀਆਂ ਹਨ। ਐਲਕ ਗਰੋਵ ਰਿਜਨਲ ਪਾਰਕ ਵਿਚ ਲੱਗਣ ਵਾਲੀਆਂ ਇਹ ਤੀਆਂ ਸਿਰਫ ਔਰਤਾਂ, ਲੜਕੀਆਂ ਅਤੇ ਬੱਚੀਆਂ ਲਈ ਹੁੰਦੀਆਂ ਹਨ। ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਜਾਣਗੇ। ਹੋਰ ਜਾਣਕਾਰੀ ਲਈ 916-240-6969 ਜਾਂ 916-753-5933 ਜਾਂ 916-897-4414 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕਾ ਦੇ ਅਕਰੋਨ ਸ਼ਹਿਰ 'ਚ ਅੰਧਾਧੁੰਦ ਗੋਲੀਬਾਰੀ 'ਚ ਇਕ ਦੀ ਮੌਤ ਤੇ 24 ਹੋਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਓਹਾਇਓ ਰਾਜ ਦੇ ਸ਼ਹਿਰ ਅਕਰੋਨ ਵਿਚ ਤੜਕਸਾਰ ਅੰਧਾਧੁੰਦ ਗੋਲੀਬਾਰੀ 'ਚ ਇਕ ਵਿਅਕਤੀ ਦੇ ਮੌਤ ਹੋ ਜਾਣ ਤੇ 24 ਹੋਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸ਼ਹਿਰ ਦੇ ਮੇਅਰ ਤੇ ਪੁਲਿਸ ਮੁਖੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅੱਧੀ ਰਾਤ ਬਾਅਦ ਕੈਲੀ ਐਵਨਿਊ ਤੇ ਏਟਥ ਐਵਨਿਊ ਵਿਖੇ ਹੋਈ ਗੋਲੀਬਾਰੀ ਵਿਚ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਪੁਲਿਸ ਅਨੁਸਾਰ ਇਸ ਘਟਨਾ


ਅਕਰੋਨ 'ਚ ਗੋਲੀਬਾਰੀ ਉਪਰੰਤ ਮੌਕੇ 'ਤੇ ਤਾਇਨਾਤ ਪੁਲਿਸ।

ਵਿਚ ਕੁੱਲ 25 ਵਿਅਕਤੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਹਨ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਮੇਅਰ ਸ਼ਮਾਸ ਮਲਿਕ ਤੇ ਪੁਲਿਸ ਮੁੱਖੀ ਬਰੀਅਨ ਹਾਰਡਿੰਗ ਨੇ ਕਿਹਾ ਹੈ ਕਿ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਕੋਲ ਘਟਨਾ ਸਬੰਧੀ ਕੋਈ ਜਾਣਕਾਰੀ ਹੈ, ਤਾਂ ਉਹ ਪੁਲਿਸ ਨਾਲ ਸੰਪਰਕ ਕਰੇ, ਤਾਂ ਜੋ ਭਵਿੱਖ ਵਿਚ ਅਜਿਹੀਆਂ ਹੋਰ ਘਟਨਾਵਾਂ ਨੂੰ ਰੋਕਿਆ ਜਾ ਸਕੇ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਦੀ ਜਾਂਚ ਜਾਰੀ ਹੈ ਤੇ ਅਜੇ ਇਸ ਸਬੰਧੀ ਕੋਈ ਸੂਹ ਜਾਂ ਜਾਣਕਾਰੀ ਨਹੀਂ ਮਿਲੀ ਹੈ।

# ਅਮਰੀਕਾ 'ਚ ਸਾਬਕਾ ਹਿੰਦੂ ਸੰਸਦ ਮੈਂਬਰ ਤੁਲਸੀ-ਗਬਾਰਡ ਦੀ ਮਾਸੀ ਦਾ ਕਤਲ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ 'ਚ ਸਾਬਕਾ ਹਿੰਦੂ ਸੰਸਦ ਮੈਂਬਰ ਤੁਲਸੀ ਗਬਾਰਡ ਦੀ ਮਾਸੀ ਕੈਰੋਲੀਨ ਦੀ ਹੱਤਿਆ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਐਤਵਾਰ ਨੂੰ ਸਾਬਕਾ ਹਿੰਦੂ ਅਮਰੀਕੀ ਸੰਸਦ ਮੈਂਬਰ ਤੁਲਸੀ ਗਬਾਰਡ ਦੇ ਇੱਕ ਦੋਸਤ ਨੂੰ ਉਸਦੀ ਮਾਸੀ ਕੈਰੋਲਿਨ ਦੀ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਹੈ। ਕੈਰੋਲਿਨ ਸਿਨਾਵੀਆਨਾ-ਗਬਾਰਡ, 78 ਸਾਲ ਨੂੰ 25 ਮਈ ਨੂੰ ਮਾਰਿਆ ਗਿਆ ਸੀ ਅਤੇ ਉਸ ਦੇ ਸਰੀਰ 'ਤੇ ਚਾਕੂ ਅਤੇ ਹਥੌੜੇ ਨਾਲ ਕੁੱਟਣ ਦੇ ਨਿਸ਼ਾਨ ਵੀ ਮਿਲੇ ਹਨ। ਪੁਲਿਸ ਨੇ ਕੈਰੋਲਿਨ ਦੇ ਦੋਸਤ ਪਾਪਲੀਆ ਸੀਆ ਫੇਗਲ ਨੂੰ 8 ਦਿਨਾਂ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਦੀ ਸੂਚਨਾ ਅਨੁਸਾਰ ਕਤਲ ਤੋਂ ਪਹਿਲਾਂ ਕੈਰੋਲੀਨ ਅਤੇ ਪਾਪਾਲੀ ਵਿਚ ਗਰਮਾ-ਗਰਮੀ ਹੋਈ ਸੀ। ਹਾਲਾਂਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਵਿਵਾਦ ਕਿਸ ਕਾਰਨ ਹੋਇਆ। ਸੂਤਰਾਂ ਮੁਤਾਬਕ ਦੋਵੇਂ ਕਾਫੀ ਚੰਗੇ ਦੋਸਤ ਸਨ। ਪੁਲਿਸ ਨੇ ਪਾਪਾਲੀ ਸੀਆ ਫਿਗੇਲ ਨੂੰ ਕਤਲ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ ਹੈ।

# 34 ਦੋਸ਼ਾਂ 'ਤੇ ਦੋਸ਼ੀ ਐਲਾਨੇ ਜਾਣ ਬਾਅਦ ਟਰੰਪ ਦੀ ਚੇਤਾਵਨੀ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਪਿਛਲੇ ਹਫਤੇ ਜੋ ਨਿਊਯਾਰਕ ਦੀ ਜਿਊਰੀ ਵੱਲੋਂ ਸੁਣਾਈ ਗਈ ਇਤਿਹਾਸਕ ਸਜ਼ਾ ਤੋਂ ਬਾਅਦ ਉਹ ਘਰ 'ਚ ਨਜ਼ਰਬੰਦੀ ਜਾਂ ਜੇਲ੍ਹ ਨੂੰ ਸਵੀਕਾਰ ਕਰਨਗੇ। ਪਰ ਅਮਰੀਕੀ ਜਨਤਾ ਲਈ ਇਹ ਸਵੀਕਾਰ ਕਰਨਾ ਬਹੁਤ ਮੁਸ਼ਕਲ ਹੋਵੇਗਾ। ਟਰੰਪ ਨੇ ਇਕ ਧਮਕੀ ਵੀ ਦਿੱਤੀ, ਜਿਸ ਵਿਚ ਉਨ੍ਹਾਂ ਕਿਹਾ ਕਿ ਜੇਕਰ ਮੈਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਅਮਰੀਕਾ ਤਬਾਹ ਹੋ ਜਾਵੇਗਾ। ਹਾਲਾਂਕਿ ਟਰੰਪ ਨੇ ਇਹ ਨਹੀਂ ਦੱਸਿਆ ਕਿ ਜੇਕਰ ਲੋਕਾਂ ਦਾ ਸਬਰ ਟੁੱਟੇਗਾ, ਤਾਂ ਇਹ ਅਮਰੀਕਾ 'ਚ ਕਿਸ ਹੱਦ ਤੱਕ ਤਬਾਹੀ ਮਚਾ ਸਕਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਪੋਰਨ ਸਟਾਰ ਦੇ ਮਾਮਲੇ 'ਚ 34 ਦੋਸ਼ਾਂ ਦਾ ਅਦਾਲਤ ਨੇ ਦੋਸ਼ੀ ਮੰਨਣ ਤੋਂ ਬਾਅਦ 11 ਜੁਲਾਈ ਨੂੰ ਟਰੰਪ ਨੂੰ ਸਜ਼ਾ ਸੁਣਾਈ ਜਾਣੀ ਹੈ। ਦੱਸਣਯੋਗ ਹੈ ਕਿ ਜਦੋਂ ਟਰੰਪ ਚੋਣ ਹਾਰ ਗਏ ਸਨ, ਉਦੋਂ ਵੀ ਅਮਰੀਕਾ ਵਿਚ ਹਫੜਾ-ਦਫੜੀ ਮੱਚ ਗਈ ਸੀ। 6 ਜਨਵਰੀ, 2021 ਨੂੰ, ਅਮਰੀਕਨ ਕੈਪੀਟਲ 'ਤੇ ਉਸ ਦੇ ਸਮਰਥਕਾਂ ਦੁਆਰਾ ਹਮਲਾ ਕੀਤਾ ਗਿਆ ਸੀ। ਡੋਨਾਲਡ ਟਰੰਪ ਨੇ ਨਿਊਯਾਰਕ ਦੀ ਜਿਊਰੀ ਦੁਆਰਾ ਸੁਣਾਈ ਗਈ ਸਜ਼ਾ ਵਿਰੁੱਧ ਅਪੀਲ ਕਰਨ ਦੀ ਸਹੁੰ ਖਾਧੀ ਹੈ।

## ਸ਼ੋਕ ਸਮਾਚਾਰ

# ਸ. ਕਮਲਜੀਤ ਸਿੰਘ ਜਗਤ ਸਟੂਡੀਓ ਵਾਲੇ ਨਹੀਂ ਰਹੇ

### -ਅੰਤਿਮ ਸੰਸਕਾਰ ਵੀਰਵਾਰ 6 ਜੂਨ ਨੂੰ ਨਿਊਯਾਰਕ 'ਚ


ਸ. ਕਮਲਜੀਤ ਸਿੰਘ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕਰੀਬ 50 ਸਾਲ ਤੋਂ ਜਗਤ ਸਟੂਡੀਓ ਰਾਹੀਂ ਸੇਵਾਵਾਂ ਦੇ ਰਹੇ ਪਰਿਵਾਰ ਦੇ ਵੱਡੇ ਜੀਅ ਸ. ਕਮਲਜੀਤ ਸਿੰਘ ਜੀ 23 ਮਈ 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹ ਜਗਤ ਸਟੂਡੀਓ ਅੱਪਰਾ ਤੇ ਬੰਗਿਆਂ ਦੇ ਮਾਲਕ ਸਨ ਤੇ ਜਿਨ੍ਹਾਂ ਦਾ ਸਥਾਨਕ ਲੋਕਾਂ ਵਿਚ ਬਹੁਤ ਸਤਿਕਾਰ ਸੀ। ਦੇਸ਼ ਵਿਦੇਸ਼ਾਂ ਵਿਚ ਉਨ੍ਹਾਂ ਦੇ ਜਾਨਣ ਵਾਲਿਆਂ ਸੱਜਣਾ, ਮਿੱਤਰਾਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਸ. ਕਮਲਜੀਤ ਸਿੰਘ ਅੱਜਕੱਲ੍ਹ ਅਮਰੀਕਾ, ਨਿਊਯਾਰਕ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਅਮਰੀਕਾ ਰਹਿੰਦੇ ਉਨ੍ਹਾਂ ਦੇ ਭਰਾ ਹਰਪਾਲ ਪਾਲੀ ਜੋ ਅਮਰੀਕਾ 'ਚ ਵੀ ਜਗਤ ਸਟੂਡੀਓ ਦੇ ਮਾਲਕ ਹਨ, ਨੇ ਦੱਸਿਆ ਕਿ ਭਾਵੇਂ ਉਹ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ ਪਰ ਠੀਕ ਹੋ ਗਏ ਸਨ। ਫਿਰ ਅਚਾਨਕ ਚਲ ਵਸੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਸੰਸਕਾਰ ਵੀਰਵਾਰ 6 ਜੂਨ, 2024 ਨੂੰ 10 ਤੋਂ 12 ਵਜੇ ਤੱਕ ਫਿਊਨਰਲ ਹੋਮ 132 ਰੋਨਕੌਨਕੋਮਾ ਐਵੀਨਿਊ, ਲੇਕ ਰੋਨਕੌਨਕੋਮਾ, ਨਿਊਯਾਰਕ 11779 ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਲੋਂਗ ਆਇਲੈਂਡ, 11 ਸਾਊਥ ਬਰੋਡਵੇ, ਹਿੱਕਸਵਿਲ ਨਿਊਯਾਰਕ 11801 ਵਿਖੇ ਅੰਤਿਮ ਅਰਦਾਸ 1 ਤੋਂ 3 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਜ਼ਾਹਿਰ ਕਰਨ ਲਈ ਲਈ ਫੋਨ +1-817-995-9230, ਵਟਸਐਪ +91-98140-23521 'ਤੇ ਸੰਪਰਕ ਕਰ ਸਕਦੇ ਹੋ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**

**www.punjabmailusa.com**



# ਕੋਲੋਰਾਡੋ ਸੁਪਰੀਮ ਕੋਰਟ ਵੱਲੋਂ ਟਰੰਪ ਦੀ ਸਾਬਕਾ ਵਕੀਲ ਜੇਨਾ ਐਲਿਸ ਦਾ ਲਾਇਸੈਂਸ 3 ਸਾਲ ਲਈ ਮੁਅੱਤਲ


**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਕੀਲ ਜੇਨਾ ਐਲਿਸ ਨੂੰ ਕੋਲੋਰਾਡੋ ਦੀ ਸੁਪਰੀਮ ਕੋਰਟ ਨੇ ਬੀਤੇ ਦਿਨ ਵੱਡਾ ਝਟਕਾ ਦਿੱਤਾ। ਅਦਾਲਤ ਦੇ ਫ਼ੈਸਲੇ ਮੁਤਾਬਕ ਜੇਨਾ ਦਾ ਤਿੰਨ ਸਾਲ ਲਈ ਲਾਅ ਲਾਇਸੈਂਸ ਮੁਅੱਤਲ ਕਰ ਦਿੱਤਾ ਗਿਆ। ਉਸ ਦਾ ਲਾਇਸੈਂਸ ਮੁਅੱਤਲ ਅਮਰੀਕਾ ਦੇ ਜਾਰਜੀਆ ਸੂਬੇ 'ਚ 2020 ਦੇ ਰਾਸ਼ਟਰਪਤੀ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਰਣਨੀਤੀ ਵਿਚ ਉਸ ਦੀ ਕਥਿਤ ਭੂਮਿਕਾ 'ਚ ਫੁਲਟਨ ਕਾਊਂਟੀ ਦੇ ਦੋਸ਼ਾਂ ਤੋਂ ਪੈਦਾ ਹੋਇਆ ਸੀ।



ਕੋਲੋਰਾਡੋ ਸੁਪਰੀਮ ਕੋਰਟ ਦੇ ਦਸਤਾਵੇਜ਼ਾਂ ਅਨੁਸਾਰ, "ਸੰਯੁਕਤ ਰਾਜ ਦੇ ਤਤਕਾਲੀ ਰਾਸ਼ਟਰਪਤੀ ਦੇ ਸੀਨੀਅਰ ਕਾਨੂੰਨੀ ਸਲਾਹਕਾਰ ਦੇ ਤੌਰ 'ਤੇ ਅਤੇ ਉਸ ਦੀ ਮੁੜ ਚੋਣ ਮੁਹਿੰਮ ਲਈ ਸਲਾਹਕਾਰ ਵਜੋਂ ਸੇਵਾ ਕਰਦੀ ਹੋਈ, ਐਲਿਸ ਨੇ "ਰਾਸ਼ਟਰੀ ਟੈਲੀਵਿਜ਼ਨ ਅਤੇ ਟਵਿੱਟਰ 'ਤੇ ਵਾਰ-ਵਾਰ ਗਲਤ ਬਿਆਨਬਾਜ਼ੀ ਕੀਤੀ ਸੀ। ਜਿਸ ਨਾਲ ਅਮਰੀਕੀ ਜਨਤਾ ਦੇ ਵਿਸ਼ਵਾਸ ਨੂੰ ਕਮਜ਼ੋਰ ਕੀਤਾ ਗਿਆ। ਸੰਨ 2020 ਦੀਆਂ ਰਾਸ਼ਟਰਪਤੀ ਦੀਆਂ ਚੋਣਾਂ 'ਚ ਦੱਸਣਯੋਗ ਐਲਿਸ, ਲੌਂਗਮੌਂਟ, ਕੋਲੋਂ ਅਕਤੂਬਰ 'ਚ ਜਾਰਜੀਆ ਵਿਚ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਸਾਬਕਾ ਰਾਸ਼ਟਰਪਤੀ ਦੀ ਕਥਿਤ ਸਾਜ਼ਿਸ਼ 'ਚ ਝੂਠੇ ਬਿਆਨਾਂ ਦੀ ਸਹਾਇਤਾ ਅਤੇ ਉਕਸਾਉਣ ਦੀ ਗਿਣਤੀ ਲਈ ਉਸ ਨੂੰ ਦੋਸ਼ੀ ਮੰਨਿਆ ਗਿਆ ਸੀ।

ਅਦਾਲਤ ਨੇ ਉਸ 'ਤੇ ਪੰਜ ਸਾਲਾਂ ਦੀ ਪ੍ਰੋਬੇਸ਼ਨ ਲਈ ਸਹਿਮਤੀ ਦਿੱਤੀ, 30 ਦਿਨਾਂ ਦੇ ਅੰਦਰ 5,000 ਡਾਲਰ ਦਾ ਮੁਆਵਜ਼ਾ, 100 ਘੰਟੇ ਦੀ ਕਮਿਊਨਿਟੀ ਸੇਵਾ ਦਾ ਭੁਗਤਾਨ ਕਰਨ ਦੇ ਬਾਰੇ ਹੁਕਮ ਜਾਰੀ ਕੀਤਾ। ਐਲਿਸ ਦੇ ਇਲਾਵਾ ਨਿਊਯਾਰਕ ਦੇ ਸਾਬਕਾ ਮੇਅਰ ਰੂਡੀ ਗਿਉਲਿਆਨੀ ਸਮੇਤ ਟਰੰਪ ਦੇ ਹੋਰ ਸਾਬਕਾ ਅਟਾਰਨੀ ਵੀ ਸ਼ਾਮਲ ਹੋਏ, ਜਿਨ੍ਹਾਂ ਨੂੰ ਹੁਣ ਤੱਕ ਮੁਅੱਤਲ ਜਾਂ ਬਰਖਾਸਤ ਕੀਤਾ ਗਿਆ। ਚੋਣ ਨਤੀਜਿਆਂ ਲਈ ਟਰੰਪ ਮੁਹਿੰਮ ਦੀਆਂ ਚੁਣੌਤੀਆਂ 'ਚ ਮੇਰੀ ਸ਼ਮੂਲੀਅਤ ਦੇ ਬਾਅਦ ਤੋਂ ਉਸ ਨੇ ਲਿਖਿਆ, "ਮੈਂ ਇਸ ਵਿਚ ਸ਼ਾਮਲ ਕੁਝ ਅਦਾਕਾਰਾਂ ਦੇ ਮਾੜੇ ਵਿਸ਼ਵਾਸ ਨਾਲ ਨਜਿੱਠਣ ਅਤੇ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੋਣ ਬਾਰੇ ਸਿੱਖਿਆ ਹੈ।"

# ਕੈਨੇਡਾ 'ਚ 2 ਪੰਜਾਬੀ ਨੌਜਵਾਨਾਂ ਦੀ ਸੜਕ ਹਾਦਸੇ 'ਚ ਮੌਤ



**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ 'ਚ ਵਾਪਰੇ ਇਕ ਦਰਦਨਾਕ ਹਾਦਸੇ ਦੌਰਾਨ 2 ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ। ਕੈਨੇਡੀਅਨ ਪੁਲਿਸ (ਆਰ.ਸੀ.ਐੱਮ.ਪੀ.) ਨੇ ਦੱਸਿਆ ਕਿ ਬੀ.ਸੀ. ਦੇ ਸੌਰੈਂਟੋ ਸ਼ਹਿਰ ਨੇੜੇ ਹਾਈਵੇਅ 1 'ਤੇ ਇਕ ਸੈਮੀ ਟਰੱਕ ਅਚਾਨਕ ਬੇਕਾਬੂ ਹੋਣ ਮਗਰੋਂ ਪਲਟ ਗਿਆ ਅਤੇ ਸਾਹਮਣੇ ਤੋਂ ਆ ਰਹੇ ਟਰੱਕ ਵਿਚ ਜਾ ਵੱਜਿਆ। ਟੱਕਰ ਐਨੀ ਖਤਰਨਾਕ ਸੀ ਕਿ ਟਰੱਕ ਦਾ ਡਰਾਈਵਰ ਅਤੇ ਉਸ ਦਾ ਸਾਥੀ ਮੌਕੇ 'ਤੇ ਹੀ ਦਮ ਤੋੜ ਗਏ, ਜਿਨ੍ਹਾਂ ਦੀ ਸ਼ਨਾਖਤ ਹਰਜੀਤ ਸਿੰਘ ਅਤੇ ਸੁਖਪਾਲ ਸਿੰਘ ਵਜੋਂ ਕੀਤੀ ਗਈ ਹੈ। ਬੀ.ਸੀ. ਵਿਖੇ ਕੈਨੇਡੀਅਨ ਪੁਲਿਸ ਦੇ ਬੁਲਾਰੇ ਕਾਰਪੋਰਲ ਜੇਮਜ਼ ਗ੍ਰੈਂਡੀ ਨੇ ਦੱਸਿਆ ਕਿ ਮਰਨ ਵਾਲੇ ਦੋਵੇਂ ਜਣੇ ਸੜਕ 'ਤੇ ਪਲਟੇ ਟਰੱਕ ਵਿਚ ਸਵਾਰ ਸਨ, ਜਦਕਿ ਸਾਹਮਣੇ ਤੋਂ ਆ ਰਹੇ ਟਰੱਕ ਦੇ ਡਰਾਈਵਰ ਨੂੰ ਮਾਮੂਲੀ ਸੱਟਾਂ ਵੱਜੀਆਂ।

# ਅਮਰੀਕਾ 'ਚ ਹਵਾਈ ਉਡਾਣਾਂ ਰੱਦ ਹੋਣ ਜਾਂ ਦੇਰੀ ਹੋਣ ਦੇ ਮਾਮਲਿਆਂ 'ਚ ਨਵੇਂ ਨਿਯਮ ਹੋਣਗੇ ਲਾਗੂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਵਿਚ ਹਵਾਈ ਉਡਾਣਾਂ ਰੱਦ ਹੋਣ ਜਾਂ ਦੇਰੀ ਹੋਣ ਸਬੰਧੀ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ (ਡੀ.ਓ.ਟੀ.) ਨੇ ਨਵੇਂ ਨਿਯਮ ਜਾਰੀ ਕੀਤੇ ਹਨ, ਜਿਨ੍ਹਾਂ ਨਾਲ ਪ੍ਰਭਾਵਿਤ ਯਾਤਰੀਆਂ ਨੂੰ ਵੱਡੀ ਰਾਹਤ ਮਿਲਣ ਦੀ ਆਸ ਹੈ। ਹਾਲਾਂਕਿ ਇਹ ਨਿਯਮ ਅਕਤੂਬਰ ਵਿਚ ਲਾਗੂ ਹੋਣੇ ਹਨ ਤੇ ਅਕਤੂਬਰ ਤੱਕ ਪੁਰਾਣੇ ਨਿਯਮ ਹੀ ਲਾਗੂ ਰਹਿਣਗੇ। ਨਵੇਂ ਨਿਯਮਾਂ ਅਨੁਸਾਰ ਜੇਕਰ ਉਡਾਣ ਰੱਦ ਹੋ ਜਾਂਦੀ ਹੈ ਜਾਂ ਉਸ ਦੇ ਸਮੇਂ 'ਚ ਵੱਡੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਏਅਰਲਾਈਨਾਂ ਨੂੰ 7 ਕਾਰੋਬਾਰੀ ਦਿਨਾਂ ਦੌਰਾਨ ਖੁਦ-ਬ-ਖੁਦ ਪੈਸੇ ਵਾਪਿਸ ਕਰਨੇ ਪੈਣਗੇ। ਡੀ.ਓ.ਟੀ. ਕੰਜ਼ਿਊਮਰ ਡੈਸ਼ ਬੋਰਡ ਅਨੁਸਾਰ ਜੇਕਰ ਅਲਾਸਕਾ, ਅਮੈਰੀਕਨ, ਡੈਲਟਾ, ਹਵਾਈਅਨ, ਜੈਟ ਬਲਿਊ ਜਾਂ ਯੂਨਾਈਟਿਡ ਏਅਰਲਾਈਨਜ਼ ਸਮੇਤ ਕੋਈ ਵੀ ਏਅਰਲਾਈਨ ਆਪਣੇ ਹੀ ਕਾਰਨਾਂ ਕਰਕੇ ਉਡਾਣ ਰੱਦ ਕਰਦੀਆਂ ਹਨ, ਤਾਂ ਉਨ੍ਹਾਂ ਨੂੰ ਸਖਤੀ ਨਾਲ ਨਵੇਂ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਜੇਕਰ ਏਅਰਲਾਈਨ ਦੇ ਆਪਣੇ ਹੀ ਕਿਸੇ ਕਾਰਨ ਉਡਾਣ ਰੱਦ ਹੋ ਜਾਂਦੀ ਹੈ, ਤਾਂ ਕਿਰਾਏ ਭਾੜੇ ਦੇ ਪੈਸੇ ਮੋੜਣ ਤੋਂ ਇਲਾਵਾ ਯਾਤਰੀ ਹੋਰ ਮੁਆਵਜ਼ੇ ਦਾ ਵੀ ਹੱਕਦਾਰ ਹੋਵੇਗਾ। ਮੌਸਮ ਕਾਰਨ ਉਡਾਣ ਰੱਦ ਹੁੰਦੀ ਹੈ, ਤਾਂ ਏਅਰਲਾਈਨ ਜ਼ਿੰਮੇਵਾਰ ਨਹੀਂ ਹੋਵੇਗੀ। ਉਸੇ ਹੀ ਏਅਰਲਾਈਨ ਜਾਂ ਉਸ ਨਾਲ ਸਬੰਧਤ ਹਿੱਸੇਦਾਰੀ



**ਇਕ ਕੌਮਾਂਤਰੀ ਹਵਾਈ ਅੱਡੇ 'ਤੇ ਯਾਤਰੀ ਹਵਾਈ ਜਹਾਜ਼ ਦੀ ਉਡੀਕ ਕਰਦੇ ਹੋਏ (ਫਾਇਲ ਤਸਵੀਰ)।**

ਵਾਲੀ ਹੋਰ ਏਅਰਲਾਈਨ 'ਤੇ ਯਾਤਰੀਆਂ ਦੀ ਦੁਬਾਰਾ ਬੁਕਿੰਗ ਲਈ ਵਾਧੂ ਪੈਸੇ ਨਹੀਂ ਲਏ ਜਾਣਗੇ। ਜੇਕਰ ਨਵੀਂ ਉਡਾਣ ਲਈ ਯਾਤਰੀਆਂ ਨੂੰ ਘੱਟੋ-ਘੱਟ 3 ਘੰਟੇ ਉਡੀਕ ਕਰਨੀ ਪੈਂਦੀ ਹੈ, ਤਾਂ ਯਾਤਰੀਆਂ ਨੂੰ ਖਾਣਾ ਜਾਂ ਪੈਸੇ ਜਾਂ ਵਾਊਚਰ ਦੇਣਾ ਪਵੇਗਾ। ਜੇਕਰ ਪੂਰੀ ਰਾਤ ਉਡਾਣ ਰੱਦ ਹੋ ਜਾਂਦੀ ਹੈ, ਤਾਂ ਯਾਤਰੀਆਂ ਨੂੰ ਹੋਟਲ ਵਿਚ ਠਹਿਰਾਉਣਾ ਪਵੇਗਾ। ਹੋਟਲ ਤੱਕ ਲਿਜਾਣ ਤੇ ਲਿਆਉਣ ਦਾ ਪ੍ਰਬੰਧ ਖੁਦ ਏਅਰਲਾਈਨ ਕਰੇਗੀ। ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਦੇ ਅਧਿਕਾਰੀਆਂ ਅਨੁਸਾਰ ਉਡਾਣਾਂ ਰੱਦ ਹੋਣ ਜਾਂ ਉਨ੍ਹਾਂ ਵਿਚ ਦੇਰੀ ਹੋਣ ਸਬੰਧੀ ਸੰਘੀ ਕਾਨੂੰਨ ਨਹੀਂ ਹਨ, ਇਸ ਲਈ ਉਹ ਯਾਤਰੀਆਂ ਦੇ ਹਿੱਤਾਂ ਦੀ ਸੁਰੱਖਿਆ ਵੱਲ ਲੋੜੀਂਦਾ ਧਿਆਨ ਦਿੰਦੇ ਹਨ। ਉਨ੍ਹਾਂ ਕਿਹਾ ਕਿ ਯੂ.ਐੱਸ. ਏਅਰਲਾਈਨਾਂ ਖੁਦ ਵੀ ਯਾਤਰੀਆਂ ਦੇ ਹਿੱਤਾਂ ਪ੍ਰਤੀ ਸਮਰਪਿਤ ਹਨ।

# ਅਮਰੀਕਾ 'ਚ ਲਾਪਤਾ ਭਾਰਤੀ ਵਿਦਿਆਰਥਣ ਸੁਰੱਖਿਅਤ ਮਿਲੀ



**ਹਿਊਸਟਨ, (ਪੰਜਾਬ ਮੇਲ)**- ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਪਿਛਲੇ ਹਫ਼ਤੇ ਲਾਪਤਾ ਹੋਈ 23 ਸਾਲਾ ਭਾਰਤੀ ਵਿਦਿਆਰਥਣ ਨੂੰ ਲੱਭ ਲਿਆ ਗਿਆ ਹੈ ਅਤੇ ਉਹ ਸੁਰੱਖਿਅਤ ਹੈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਨ ਬਰਨਾਰਡੀਨੋ (ਸੀ.ਐੱਸ.ਯੂ.ਐੱਸ.ਬੀ.) ਦੀ ਵਿਦਿਆਰਥਣ ਨਿਤਿਸ਼ਾ ਕੰਦੂਲਾ 28 ਮਈ ਨੂੰ ਲਾਸ ਏਂਜਲਸ ਵਿੱਚ ਲਾਪਤਾ ਹੋ ਗਈ ਸੀ।

ਪੁਲਿਸ ਮੁਖੀ ਜੌਨ ਗੁਟੀਰੇਜ਼ ਨੇ 'ਐਕਸ' 'ਤੇ ਇੱਕ ਪੋਸਟ ਵਿਚ ਕਿਹਾ ਕਿ ਉਹ ਮਿਲ ਗਈ ਹੈ ਅਤੇ ਸੁਰੱਖਿਅਤ ਹੈ। ਗੁਟੀਰੇਜ਼ ਨੇ ਕੋਈ ਹੋਰ ਜਾਣਕਾਰੀ ਦਿੱਤੇ ਬਿਨਾਂ ਇਹ ਗੱਲ ਕਹੀ। ਪੁਲਿਸ ਨੇ ਕਥਿਤ ਤੌਰ 'ਤੇ ਹੈਦਰਾਬਾਦ ਦੀ ਰਹਿਣ ਵਾਲੀ ਨਿਤੀਸ਼ਾ ਨੂੰ ਲੱਭਣ ਲਈ ਲੋਕਾਂ ਦੀ ਮਦਦ ਮੰਗੀ ਸੀ, ਲੋਕਾਂ ਨੂੰ ਉਸ ਦੇ ਠਿਕਾਣੇ ਬਾਰੇ ਜਾਣਕਾਰੀ ਦੇਣ ਲਈ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਸੀ।

ਪੁਲਿਸ ਦੇ ਲਿਖਤੀ ਬਿਆਨ ਵਿਚ ਉਸ ਨੂੰ ਕਾਲੇ ਵਾਲਾਂ ਅਤੇ ਕਾਲੀਆਂ ਅੱਖਾਂ ਵਾਲੀ ਦੱਸਿਆ ਗਿਆ ਸੀ। ਨਾਲ ਹੀ ਉਸ ਦਾ ਕੱਦ 5 ਫੁੱਟ 6 ਇੰਚ ਅਤੇ ਭਾਰ 160 ਪੌਂਡ (72.5 ਕਿਲੋਗ੍ਰਾਮ) ਦੱਸਿਆ ਗਿਆ। ਹਾਲ ਹੀ ਵਿਚ ਅਮਰੀਕਾ ਵਿਚ ਭਾਰਤੀ ਭਾਈਚਾਰਾ ਵਿਦਿਆਰਥੀਆਂ ਨਾਲ ਜੁੜੀਆਂ ਅਜਿਹੀਆਂ ਘਟਨਾਵਾਂ ਦੀ ਇੱਕ ਲੜੀ ਨਾਲ ਜੂਝ ਰਿਹਾ ਹੈ। ਪਿਛਲੇ ਮਹੀਨੇ ਸ਼ਿਕਾਗੋ ਵਿਚ 26 ਸਾਲਾ ਰੁਪੇਸ਼ ਚੰਦਰ ਚਿੰਤਾਕਿੰਡ ਨਾਂ ਦਾ ਭਾਰਤੀ ਵਿਦਿਆਰਥੀ ਲਾਪਤਾ ਹੋ ਗਿਆ ਸੀ। ਇਸ ਤੋਂ ਪਹਿਲਾਂ ਅਪ੍ਰੈਲ ਵਿਚ ਮਾਰਚ ਤੋਂ ਲਾਪਤਾ ਇੱਕ 25 ਸਾਲਾ ਭਾਰਤੀ ਵਿਦਿਆਰਥੀ ਅਮਰੀਕੀ ਸ਼ਹਿਰ ਕਲੀਵਲੈਂਡ ਵਿਚ ਮ੍ਰਿਤਕ ਪਾਇਆ ਗਿਆ ਸੀ। ਹੈਦਰਾਬਾਦ ਦੇ ਨਚਾਰਮ ਦਾ ਰਹਿਣ ਵਾਲਾ ਮੁਹੰਮਦ ਅਬਦੁਲ ਅਰਫਤ ਪਿਛਲੇ ਸਾਲ ਮਈ ਵਿਚ ਕਲੀਵਲੈਂਡ ਯੂਨੀਵਰਸਿਟੀ ਤੋਂ ਆਈ.ਟੀ. ਵਿਚ ਮਾਸਟਰਜ਼ ਕਰਨ ਲਈ ਅਮਰੀਕਾ ਆਇਆ ਸੀ।




# ਭਾਰਤੀ ਮੂਲ ਦੇ ਵਿਦਿਆਰਥੀ ਨੇ ਸਪੈਲਿੰਗ ਬੀ ਮੁਕਾਬਲੇ ’ਚ ਜਿੱਤਿਆ 50,000 ਹਜ਼ਾਰ ਡਾਲਰ ਦਾ ਇਨਾਮ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤੀ ਮੂਲ ਦੇ ਇਕ 12 ਸਾਲਾ ਵਿਦਿਆਰਥੀ ਬ੍ਰਹਿਤ ਸੋਮਾ ਨੇ ਸਖ਼ਤ ਰਾਸ਼ਟਰੀ ਸਪੈਲਿੰਗ ਬੀ ਮੁਕਾਬਲਾ ਜਿੱਤਿਆ ਹੈ। ਜਿਸ ਵਿਚ ਉਸ ਨੇ ਕਈ ਔਖੇ ਸਵਾਲਾਂ ਦੇ ਜਵਾਬ ਦੇ ਕੇ ਮੁਕਾਬਲਾ ਨੂੰ ਪਾਰ ਕੀਤਾ ਹੈ। ਅਮਰੀਕਾ ਦੇ ਸੂਬੇ ਫਲੋਰੀਡਾ ਦੇ ਟੈਂਪਾ ਦਾ ਰਹਿਣ ਵਾਲਾ ਬ੍ਰਿਹਤ ਸੋਮਾ ਸੱਤਵੀਂ ਜਮਾਤ ਵਿਚ ਪੜ੍ਹਦਾ ਹੈ। ਬ੍ਰਹਿਤ ਦਾ ਕਹਿਣਾ ਹੈ ਕਿ ਇਹ ਮੁਕਾਬਲਾ ਜਿੱਤਣ ਨਾਲ ਉਸ ਦਾ ਸੁਪਨਾ ਸਾਕਾਰ ਹੋ ਗਿਆ ਹੈ। ਉਸ ਨੇ ਟਾਈਬ੍ਰੇਕਰ ਰਾਊਂਡ ਨੂੰ ਜਿੱਤ ਕੇ ਰਾਸ਼ਟਰੀ ਸਪੈਲਿੰਗ ਬੀ ਮੁਕਾਬਲਾ ਜਿੱਤਿਆ ਹੈ। ਉਸ ਨੇ ਪੂਰੇ ਮੁਕਾਬਲੇ



ਦੌਰਾਨ ਸਾਰੀਆਂ ਰੁਕਾਵਟਾਂ ਨੂੰ ਪਾਰ ਕੀਤਾ ਅਤੇ ਬਹੁਤ ਪਰਿਪੱਕਤਾ ਦਿਖਾਈ। ਉਸ ਨੇ ਅਧਿਐਨ ਗਾਈਡ ਲੇਖਕ ਅਤੇ ਸਾਬਕਾ ਸਪੈਲਰ ਰੁਮਰ ਦੁਆਰਾ ਆਯੋਜਿਤ ਵਰਡਜ਼ ਆਫ਼ ਵਿਜ਼ਡਮ ਮੁਕਾਬਲਾ ਵੀ ਜਿੱਤਿਆ ਹੈ। ਗ੍ਰੇਟਰ ਟੈਂਪਾ ਬੇ ਖੇਤਰ ਤੋਂ ਇਹ ਲਗਾਤਾਰ ਦੂਜਾ ਚੈਂਪੀਅਨ ਹੈ। ਇੰਨਾ ਵੱਡਾ ਮੁਕਾਬਲੇ ਜਿੱਤਣ ਦਾ ਮਤਲਬ ਹੈ ਕਿ ਪਿਛਲੇ 35 ਸਪੈਲਿੰਗ ਚੈਂਪੀਅਨਾਂ ਵਿਚੋਂ 29 ਭਾਰਤੀ ਅਮਰੀਕੀ ਹਨ। ਉਸ ਦੇ ਮਾਤਾ-ਪਿਤਾ ਦੱਖਣੀ ਭਾਰਤੀ ਰਾਜ ਦੇ ਤੇਲੰਗਾਨਾ ਤੋਂ ਹਨ, ਜੋ ਅਮਰੀਕਾ ਆਵਾਸ ਕਰ ਗਏ ਸਨ। ਹਾਲਾਂਕਿ ਅਮਰੀਕਾ ਵਿਚ ਜੰਮਿਆ ਅਤੇ ਵੱਡਾ ਹੋਇਆ ਬ੍ਰਹਿਤ ਸੋਮਾ ਭਾਰਤੀ ਪ੍ਰੰਪਰਾ ਅਤੇ ਸੱਭਿਆਚਾਰ ਦਾ ਵੀ ਪਾਲਣ ਕਰਦਾ ਹੈ। ਬ੍ਰਹਮਾ ਸੋਮਾ ਨੂੰ ਮੁਕਾਬਲਾ ਜਿੱਤਣ ਲਈ 50,000 ਡਾਲਰ ਦਾ ਜੋ ਇਨਾਮ ਮਿਲਿਆ ਹੈ, ਉਹ ਇਸ ਰਕਮ ਨੂੰ ਕਿਸੇ ਚੰਗੇ ਉਦੇਸ਼ ਲਈ ਦਾਨ ਕਰਨਾ ਚਾਹੁੰਦਾ ਹੈ। ਭਵਿੱਖ ਵਿਚ ਉਹ ਡਾਕਟਰ ਬਣਨ ਦੀ ਇੱਛਾ ਰੱਖਦਾ ਹੈ।

# ਐੱਸ.ਐੱਫ.ਜੇ. ਵੱਲੋਂ ਕੈਨੇਡਾ ’ਚ ਭਾਰਤੀ ਮਿਸ਼ਨਾਂ ਨੂੰ ‘ਲਾਕਡਾਊਨ’ ਕਰਨ ਦੀ ਮੰਗ

**ਟੋਰਾਂਟੋ, (ਪੰਜਾਬ ਮੇਲ)**- ਵੱਖਵਾਦੀ ਸਮੂਹ ‘ਸਿੱਖਸ ਫਾਰ ਜਸਟਿਸ’ (ਐੱਸ.ਐੱਫ.ਜੇ.) ਨੇ ਆਪਰੇਸ਼ਨ ਬਲੂ ਸਟਾਰ ਦੀ 40ਵੀਂ ਵਰ੍ਹੇਗੰਢ ਮੌਕੇ 6 ਜੂਨ ਨੂੰ ਕੈਨੇਡਾ ਵਿਚ ਭਾਰਤ ਦੇ ਮਿਸ਼ਨਾਂ ਨੂੰ “ਲਾਕਡਾਊਨ” ਕਰਨ ਦੀ ਮੰਗ ਕੀਤੀ ਹੈ। 1984 ਵਿਚ ਇਸੇ ਦਿਨ ਭਾਰਤੀ ਫੌਜਾਂ ਨੇ ਖਾਲਿਸਤਾਨੀ ਕੱਟੜਪੰਥੀਆਂ ਨੂੰ ਖ਼ਤਮ ਕਰਨ ਲਈ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਕੰਪਲੈਕਸ ’ਤੇ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਨੇ ਐਲਾਨ ਕੀਤਾ ਹੈ ਕਿ ਉਹ ਇਸ ਸਾਲ ਨਵੰਬਰ ਵਿਚ “ਸਿੱਖ ਨਸਲਕੁਸ਼ੀ” ਨੂੰ ਅਧਿਕਾਰਤ ਮਾਨਤਾ ਦੇਣ ਦੀ ਮੰਗ ਕਰੇਗੀ।

ਗੁਰਪਤਵੰਤ ਪੰਨੂ ਨੇ ਓਟਾਵਾ ਵਿਚ ਭਾਰਤ ਦੇ ਹਾਈ ਕਮਿਸ਼ਨ ਅਤੇ ਵੈਨਕੂਵਰ ਅਤੇ ਟੋਰਾਂਟੋ ਵਿਚ ਇਸ ਦੇ ਕੌਂਸਲੇਟਾਂ ਨੂੰ “ਲਾਕਡਾਊਨ” ਕਰਨ ਦੀ ਮੰਗ ਕੀਤੀ ਹੈ। ਇਹ ਯੋਜਨਾਬੱਧ ਵਿਰੋਧ ਪ੍ਰਦਰਸ਼ਨ ਅਜਿਹੇ ਸਮੇਂ ਵਿਚ ਹੋ ਰਹੇ ਹਨ, ਜਦੋਂ ਕੈਨੇਡਾ ਵਿਚ ਖਾਲਿਸਤਾਨੀ ਸਮਰਥਕ ਤੱਤ ਪਹਿਲਾਂ ਤੋਂ ਹੀ ਉਤਸ਼ਾਹਿਤ ਹਨ, ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਭਾਰਤੀ ਏਜੰਟਾਂ ਅਤੇ ਐੱਸ.ਐੱਫ.ਜੇ. ਦੇ ਮੁੱਖ ਪ੍ਰਬੰਧਕ ਹਰਦੀਪ ਸਿੰਘ ਨਿੱਝਰ ਦੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਵਿਚ ਪਿਛਲੇ ਸਾਲ 18 ਜੂਨ ਨੂੰ ਹੱਤਿਆ ਦਰਮਿਆਨ ਸੰਭਾਵੀ ਸਬੰਧ ਦੇ “ਭਰੋਸੇਯੋਗ ਦੋਸ਼” ਹਨ।

ਕਤਲ ਦੇ ਸਬੰਧ ਵਿਚ ਹਾਲ ਹੀ ਦੇ ਹਫ਼ਤਿਆਂ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜੋ ਸਾਰੇ ਭਾਰਤੀ ਨਾਗਰਿਕ ਹਨ। ਹਾਲਾਂਕਿ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੇ ਅਜੇ ਤੱਕ ਭਾਰਤ ਸਰਕਾਰ ਨਾਲ ਸਬੰਧ ਨੂੰ ਸਾਬਤ ਨਹੀਂ ਕਰ ਸਕੇ ਹਨ। ਹਾਲਾਂਕਿ ਜਾਂਚਕਰਤਾਵਾਂ ਨੇ ਕਿਹਾ ਹੈ ਕਿ ਫਿਲਹਾਲ ਜਾਂਚ ਜਾਰੀ ਹੈ। ਨਿੱਝਰ ਨੂੰ ਭਾਰਤ ’ਚ ਅੱਤਵਾਦੀ ਮੰਨਿਆ ਜਾਂਦਾ ਸੀ ਪਰ ਉਸ ’ਤੇ ਲੱਗੇ ਦੋਸ਼ਾਂ ਦੀ ਕਦੇ ਵੀ ਕੈਨੇਡਾ ਦੀ ਅਦਾਲਤ ’ਚ ਜਾਂਚ ਨਹੀਂ ਕੀਤੀ ਗਈ।

# ਅਮਰੀਕਾ ’ਚ ਟੀ 20 ਵਰਲਡ ਕੱਪ ਨੂੰ ਲੈ ਕੇ ਸੁਰੱਖਿਆ ਦੇ ਸਖਤ ਪ੍ਰਬੰਧ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਲਾਂਗ ਆਈਲੈਂਡ, ਨਿਊਯਾਰਕ ’ਤੇ ਹੋ ਰਹੇ ਆਈ.ਸੀ.ਸੀ. ਟੀ-20 ਵਰਲਡ ਕੱਪ ਦੌਰਾਨ ਗੜਬੜੀ ਕਰਨ ਸਬੰਧੀ ਅੱਤਵਾਦੀ ਸੰਗਠਨ ਆਈ.ਐੱਸ.ਆਈ.ਐੱਸ.-ਕੇ ਵੱਲੋਂ ਮਿਲੀਆਂ ਧਮਕੀਆਂ ਦੇ ਮੱਦੇਨਜ਼ਰ ਅਧਿਕਾਰੀਆਂ ਨੇ ਸੁਰੱਖਿਆ ਕਦਮ ਚੁੱਕੇ ਹਨ। ਨਾਸਾਊ ਕਾਊਂਟੀ ਦੇ ਪੁਲਿਸ ਕਮਿਸ਼ਨਰ ਪੈਟਰਿਕ ਜੇ ਰਾਈਡਰ ਨੇ ਕਿਹਾ ਹੈ ਕਿ ਇਸ ਸਾਲ ਅਪ੍ਰੈਲ ਵਿਚ ਆਈ.ਐੱਸ.ਆਈ.ਐੱਸ.-ਕੇ ਨੇ ਗੜਬੜ ਕਰਨ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ ਖਾਸ ਕਰਕੇ 9 ਜੂਨ ਨੂੰ ਭਾਰਤ ਤੇ ਪਾਕਿਸਤਾਨ ਵਿਚਾਲੇ ਹੋ ਰਹੇ ਮੈਚ ਦੌਰਾਨ ਗੜਬੜ ਕਰਨ ਦੀਆਂ ਧਮਕੀਆਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਧਮਕੀਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਸੁਰੱਖਿਆ ਪ੍ਰਬੰਧਾਂ ਵਿਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਾਸਾਊ ਕਾਊਂਟੀ ਸਭ ਤੋਂ ਵਧ ਸੁਰੱਖਿਅਤ ਜਗ੍ਹਾ ਹੋਵੇਗੀ।

# ਅਮਰੀਕਾ ’ਚ ਪਹਿਲੀ ਪਤਨੀ ਤੇ ਦੂਸਰੀ ਪਤਨੀ ਦੇ ਦੋ ਬੱਚਿਆਂ ਦੀ ਹੱਤਿਆ ਦੇ ਮਾਮਲੇ ’ਚ ਦੋਸ਼ੀ ਨੂੰ ਮੌਤ ਦੀ ਸਜ਼ਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਇਡਾਹੋ ਰਾਜ ’ਚ ਆਪਣੀ ਪਹਿਲੀ ਪਤਨੀ ਤੇ ਦੂਸਰੀ ਪਤਨੀ ਦੇ ਦੋ ਬੱਚਿਆਂ ਦੀਆਂ ਪਹਿਲਾ ਦਰਜਾ ਹੱਤਿਆਵਾਂ ਤੇ ਸਾਜਿਸ਼ ਰਚਣ ਦੇ ਮਾਮਲੇ ’ਚ ਚੈਡ ਡੇਬੈਲ ਨਾਮੀ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜਿਊਰੀ ਨੇ ਚੈਡ ਡੇਬੈਲ ਨੂੰ ਘਿਣਾਉਣੇ ਅਪਰਾਧ ਲਈ ਮੌਤ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕਰਦਿਆਂ ਕਿਹਾ ਕਿ ਅਜਿਹਾ ਵਿਅਕਤੀ ਸਮਾਜ ਲਈ ਖਤਰਾ ਹੈ। ਇਸ ਸਿਫਾਰਿਸ਼ ਨੂੰ ਮੰਨਦਿਆਂ ਜੱਜ ਸਟੀਵਨ ਬੋਇਸੀ ਨੇ ਚੈਡ ਡੇਬੈਲ ਦੀ ਮੌਤ ਦੀ ਸਜ਼ਾ ਉਪਰ ਮੋਹਰ ਲਾ ਦਿੱਤੀ। ਡੇਬੈਲ ਨੂੰ 2 ਦਿਨ ਪਹਿਲਾਂ ਪਹਿਲੀ ਪਤਨੀ ਟੈਮੀ ਡੇਬੈਲ ਤੇ ਉਸ ਦੀ ਦੂਸਰੀ ਪਤਨੀ ਦੇ ਦੋ ਬੱਚਿਆਂ 16 ਸਾਲਾ ਟਾਇਲੀ ਰੀਆਨ ਤੇ 7 ਸਾਲਾ ਜੋਸ਼ੂਆ “ਜੇ ਜੇ” ਵਾਲੋਅ ਦੀਆਂ ਹੱਤਿਆਵਾਂ ਦੇ ਮਾਮਲੇ ’ਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਮੁੱਦਈ ਪੱਖ ਦੇ ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਇਹ ਹੱਤਿਆਵਾਂ ਸੱਤਾ, ਸੈਕਸ, ਪੈਸੇ ਤੇ ਵਿਨਾਸ਼ਕਾਰੀ ਧਾਰਮਿਕ ਵਿਸ਼ਵਾਸ ਦਾ ਸਿੱਟਾ ਹੈ। ਟਾਇਲੀ ਤੇ ਜੇ ਜੇ ਦੀ ਹੱਤਿਆ ਸਤੰਬਰ 2019 ’ਚ ਹੋਈ ਸੀ, ਜਦਕਿ ਟੈਮੀ ਡੇਬੈਲ 19 ਅਕਤੂਬਰ, 2019 ਨੂੰ ਆਪਣੇ ਘਰ ’ਚ ਮ੍ਰਿਤਕ ਹਾਲਤ ਵਿਚ ਮਿਲੀ ਸੀ। ਇਸ ਤੋਂ ਕੁਝ ਹਫਤੇ ਪਹਿਲਾਂ ਹੀ ਚੈਡ ਡੇਬੈਲ ਤੇ ਲੌਰੀ ਵਾਲੋਅ ਡੇਬੈਲ ਨੇ ਵਿਆਹ ਕਰਵਾਇਆ ਸੀ। ਅਦਾਲਤ ਵਿਚ ਫੈਸਲਾ ਪੜ੍ਹਿਆ ਗਿਆ, ਜਿਸ ਵਿਚ ਜੱਜ ਨੇ ਕਿਹਾ ਕਿ ਮੌਜੂਦਾ ਕਾਨੂੰਨ



ਚੈਡ ਡੇਬੈਲ (ਸੱਜੇ) ਆਪਣੇ ਵਕੀਲ ਨਾਲ ਨਜਰ ਆ ਰਿਹਾ ਹੈ।

ਤਹਿਤ ਇਸ ਮਾਮਲੇ ’ਚ ਮੌਤ ਦੀ ਸਜ਼ਾ ਉਚਿਤ ਹੈ। ਜੱਜ ਨੇ ਬੀਮਾ ਫਰਾਡ ਦੇ ਵੱਖਰੇ ਦੋਸ਼ਾਂ ਤਹਿਤ ਚੈਡ ਨੂੰ 15 ਸਾਲਾ ਜੇਲ੍ਹ ਦੀ ਵੱਖਰੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਣ ਸਮੇਂ ਦੋਸ਼ੀ ਨੇ ਕੋਈ ਪ੍ਰਤੀਕ੍ਰਿਆ ਪ੍ਰਗਟ ਨਹੀਂ ਕੀਤੀ ਤੇ ਉਹ ਚੇਹਰੇ ’ਤੇ ਕੋਈ ਪ੍ਰਭਾਵ ਲਿਆ ਬਿਨਾਂ ਖੜ੍ਹਾ ਰਿਹਾ। ਇਸ ਤੋਂ ਪਹਿਲਾਂ ਸਜ਼ਾ ਬਾਰੇ ਸ਼ੁਰੂ ਹੋਈ ਸੁਣਵਾਈ ਦੌਰਾਨ ਵਕੀਲ ਰਾਬ ਵੁੱਡ ਨੇ ਕਿਹਾ ਕਿ ਇਸ ਮਾਮਲੇ ’ਚ ਖਤਰਨਾਕ ਤੱਥਾਂ ਨੂੰ ਧਿਆਨ ’ਚ ਰੱਖਿਆ ਜਾਵੇ, ਜੋ ਤੱਥ ਚੈਡ ਡੇਬੈਲ ਨੂੰ ਮੌਤ ਦੀ ਸਜ਼ਾ ਦੇ ਯੋਗ ਬਣਾਉਂਦੇ ਹਨ। ਡੇਬੈਲ ਦੀ ਦੂਸਰੀ ਪਤਨੀ ਲੌਰੀ ਵਾਲੋਅ ਡੇਬੈਲ ਨੂੰ ਵੀ ਤਕਰੀਬਨ ਇਕ ਸਾਲ ਪਹਿਲਾਂ ਆਪਣੇ ਬੱਚਿਆਂ ਦੀਆਂ ਹੱਤਿਆਵਾਂ ਦੇ ਦੋਸ਼ਾਂ ਤਹਿਤ ਬਿਨਾਂ ਪੈਰੋਲ ਦੀ ਸੰਭਾਵਨਾ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਉਸ ਨੂੰ ਟੈਮੀ ਡੇਬੈਲ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਵੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਲੌਰੀ ਵਾਲੋਅ ਡੇਬੈਲ ਨੇ ਆਪਣੀ ਸਜ਼ਾ ਵਿਰੁੱਧ ਸਟੇਟ ਸੁਪਰੀਮ ਕੋਰਟ ’ਚ ਅਪੀਲ ਕੀਤੀ ਹੈ, ਜਿਸ ਵਿਚ ਉਸ ਦੇ ਵਕੀਲਾਂ ਨੇ ਡੇਬੈਲ ਦੀ ਮਾਨਸਿਕ ਹਾਲਾਤ ਦਾ ਮੁੱਦਾ ਉਠਾਇਆ ਹੈ।











# ਕਲੀਵਲੈਂਡ ਵਿਖੇ ਰੀਜਨਲ 'ਸਿੱਖ ਯੂਥ ਸਿਮਪੋਜ਼ੀਅਮ 2024' ਕਰਵਾਇਆ ਗਿਆ



ਭਾਗ ਲੈਣ ਵਾਲੇ ਬੱਚੇ ਅਤੇ ਨੌਜਵਾਨ ਪਰਿਵਾਰਕ ਮੈਂਬਰਾਂ ਨਾਲ।

**ਕਲੀਵਲੈਂਡ, ਓਹਾਇਓ, (ਪੰਜਾਬ ਮੇਲ)**- ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2024 ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਕਲੀਵਲੈਂਡ ਸਥਿਤ ਗੁਰੂ ਨਾਨਕ ਫਾਊਂਡੇਸ਼ਨ ਰਿਚਫੀਲਡ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿਚ ਸਿਨਸਿਨਾਟੀ, ਡੇਟਨ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 22 ਸਾਲ ਤੱਕ ਦੇ 32 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਪ੍ਰੈਲ-ਮਈ ਮਹੀਨੇ ਵਿਚ ਸੂਬੇ ਦੇ ਵੱਖ-ਵੱਖ ਸ਼ਹਿਰਾਂ ਦੇ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਮੁਕਾਬਲਿਆਂ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿਚ ਭਾਗ ਲੈਂਦੇ ਹਨ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 4 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।



ਗਰੁੱਪ 1 ਤੋਂ 5 ਤੱਕ ਦੇ ਜੇਤੂ, ਅਵਨੂਰ ਕੌਰ, ਤ੍ਰਿਸ਼ਾ ਕੌਰ, ਪ੍ਰਭਨੂਰ ਸਿੰਘ, ਮਿਹਰ ਕੌਰ ਅਤੇ ਸਮਾਰਾ ਕੌਰ

ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼", ਦੂਜੇ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਯੂਥ", ਤੀਜੇ ਨੂੰ "20 ਮਿੰਟ ਗਾਈਡ ਟੂ ਦ ਸਿੱਖ ਫੇਥ" ਅਤੇ ਚੌਥੇ ਨੂੰ "ਕਲੈਸ਼ ਆਫ ਕਲਚਰ" ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀ ਵਰ੍ਹੇਗੰਡ ਨੂੰ ਸਮਰਪਿਤ ਪੰਜਵੇਂ ਗਰੁੱਪ ਦਾ ਵਿਸ਼ਾ "1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਦ ਦਾ ਸਿੱਖ ਸੰਘਰਸ਼" ਰੱਖਿਆ ਗਿਆ ਹੈ।

ਸਿਮਪੋਜ਼ੀਅਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਗ ਲੈਣ ਵਾਲੇ ਬੱਚਿਆਂ ਨੇ ਸਿੱਖ ਧਰਮ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਵਲੋਂ ਸਥਾਨਕ ਅਤੇ ਦੂਰੋਂ ਆਈਆਂ ਸੰਗਤਾਂ ਲਈ ਸਾਰਾ ਦਿਨ ਲੰਗਰ ਦੀ ਸੇਵਾ ਕੀਤੀ ਗਈ।

ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੁਰਸਕਾਰ ਅਤੇ ਪੰਜਾਬੀ ਵਿਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵੱਖਰਾ ਵਿਸ਼ੇਸ਼ ਅਵਾਰਡ ਵੀ ਦਿੱਤਾ ਗਿਆ। ਗਰੁੱਪ 1 ਵਿਚ ਅਵਨੂਰ ਕੌਰ, ਗਰੁੱਪ 2 ਵਿਚ ਤ੍ਰਿਸ਼ਾ ਕੌਰ, ਗਰੁੱਪ 3 ਵਿਚ ਪ੍ਰਭਨੂਰ ਸਿੰਘ, ਗਰੁੱਪ 4 ਵਿਚ ਮਿਹਰ ਕੌਰ ਅਤੇ ਗਰੁੱਪ 5 ਵਿਚ ਸਮਾਰਾ ਕੌਰ ਪਹਿਲੇ ਸਥਾਨ 'ਤੇ ਆਏ। ਇਹ ਜੇਤੂ ਬੱਚੇ 1 ਤੋਂ 4 ਅਗਸਤ, 2024 ਵਿਚ ਡੈਲਸ, ਟੈਕਸਾਸ ਦੇ ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿਮਪੋਜ਼ੀਅਮ ਵਿਚ ਭਾਗ ਲੈਣਗੇ।

ਸਿਆਨਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ 'ਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ 'ਚ ਅਗਸਤ ਦੇ ਮਹੀਨੇ ਵਿਚ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸੂਬਿਆਂ ਨੂੰ 13 ਹਿੱਸਿਆਂ 'ਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਜਾਂਦੇ ਹਨ। ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਅਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

# ਦੱਖਣੀ ਐਰੀਜ਼ੋਨਾ 'ਚ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਸਮੇਤ 2 ਮੌਤਾਂ ਤੇ 5 ਹੋਰ ਜ਼ਖਮੀ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਦੱਖਣੀ ਐਰੀਜ਼ੋਨਾ 'ਚ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਸਮੇਤ ਦੋ ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ, ਜਦਕਿ ਇਸ ਘਟਨਾ 'ਚ ਇਕ ਪੁਲਿਸ ਅਫਸਰ ਸਮੇਤ 5 ਹੋਰ ਲੋਕ ਜ਼ਖਮੀ ਹੋਏ ਹਨ। ਗਿਲਾ ਰਿਵਰ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਦੀ ਘਟਨਾ ਸਥਾਨਕ ਸਮੇਂ ਅਨੁਸਾਰ ਤੜਕਸਾਰ 2 ਵਜੇ ਉਸ ਵੇਲੇ ਹੋਈ, ਜਦੋਂ ਇਕ ਘਰ ਵਿਚ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਮ੍ਰਿਤਕ ਅਫਸਰ ਦੀ ਪਛਾਣ ਜੋਸ਼ੂਆ ਬਰੀਸ ਵਜੋਂ ਹੋਈ ਹੈ, ਜਦਕਿ ਦੂਸਰੇ ਮ੍ਰਿਤਕ ਦਾ ਨਾਂ ਅਜੇ ਜਨਤਕ ਨਹੀਂ ਕੀਤਾ ਗਿਆ। ਇਹ ਵੀ ਸੂਚਨਾ ਹੈ ਕਿ ਇਹ ਘਟਨਾ ਗਿਲਾ ਰਿਵਰ ਵਿਚ ਰਹਿੰਦੇ ਭਾਰਤੀ ਭਾਈਚਾਰੇ ਵਿਚ ਹੋਈ ਹੈ। ਇਸ ਸਬੰਧੀ ਹੋਰ ਵੇਰਵੇ ਨਹੀਂ ਮਿਲ ਸਕੇ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

**MATRIMONIAL**

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Lovepreet Singh Gill, 26 yrs old, 5'11". US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਟਰੰਪ ਨੂੰ ਕਰਨਾ ਪੈ ਸਕਦੈ ਗਲੋਬਲ ਯਾਤਰਾ ਪਾਬੰਦੀਆਂ ਦਾ ਸਾਹਮਣਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਨੂੰ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਗੁਪਤ ਢੰਗ ਨਾਲ ਪੈਸਿਆਂ ਦੇ ਭੁਗਤਾਨ ਨੂੰ ਲੈ ਕੇ ਕਾਰੋਬਾਰੀ ਰਿਕਾਰਡ ਨੂੰ ਝੂਠਾ ਬਣਾਉਣ ਦੇ 34 ਮਾਮਲਿਆਂ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਵਿਸ਼ਵਵਿਆਪੀ ਯਾਤਰਾ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਦੇਸ਼ਾਂ ਜਿਨ੍ਹਾਂ ਵਿਚ ਜੀ7 ਮੈਂਬਰ ਕੈਨੇਡਾ, ਯੂ.ਕੇ., ਜਾਪਾਨ ਦੇ ਨਾਲ-ਨਾਲ ਇਜ਼ਰਾਈਲ ਅਤੇ ਚੀਨ ਸ਼ਾਮਲ ਹਨ, ਅਜਿਹੀਆਂ ਨੀਤੀਆਂ ਦੀ ਸਥਾਪਨਾ ਕੀਤੀ ਹੈ, ਜੋ ਗੰਭੀਰ ਅਪਰਾਧਾਂ ਲਈ ਦੋਸ਼ੀ ਵਿਅਕਤੀਆਂ ਦੇ ਦਾਖਲੇ 'ਤੇ ਰੋਕ ਲਗਾਉਂਦੀਆਂ ਹਨ। ਇਹ ਨਿਯਮ ਅਕਸਰ ਵੀਜ਼ਾ ਜਾਂ ਐਂਟਰੀ ਪਰਮਿਟ ਦੇ ਸਵੈਚਲਿਤ ਇਨਕਾਰ ਦੇ ਨਤੀਜੇ ਵਜੋਂ ਟਰੰਪ ਦੀ ਅੰਤਰਰਾਸ਼ਟਰੀ ਯਾਤਰਾ ਨੂੰ ਸੰਭਾਵੀ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ।

ਜਿਹੜੇ ਦੇਸ਼ ਸਜ਼ਾਯਾਫ਼ਤਾ ਅਪਰਾਧੀਆਂ ਨੂੰ ਦਾਖ਼ਲੇ ਦੀ ਇਜਾਜ਼ਤ ਨਹੀਂ ਦਿੰਦੇ ਹਨ, ਉਨ੍ਹਾਂ ਵਿਚ ਅਰਜਨਟੀਨਾ, ਆਸਟ੍ਰੇਲੀਆ, ਕੈਨੇਡਾ, ਚੀਨ, ਕਿਊਬਾ, ਭਾਰਤ, ਈਰਾਨ, ਇਜ਼ਰਾਈਲ, ਜਾਪਾਨ, ਕੀਨੀਆ, ਮਕਾਊ, ਨਿਊਜ਼ੀਲੈਂਡ, ਦੱਖਣੀ ਅਫ਼ਰੀਕਾ, ਤਾਈਵਾਨ, ਯੂਨਾਈਟਿਡ ਕਿੰਗਡਮ ਸ਼ਾਮਲ ਹਨ। ਇਸ ਮਾਮਲੇ 'ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਟਰੰਪ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ, ਜਿਨ੍ਹਾਂ ਨੂੰ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਚੋਣ ਮੁਹਿੰਮ ਟੀਮ ਨੇ ਕਿਹਾ ਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ, ਜਦੋਂਕਿ ਟਰੰਪ ਨੇ ਕਿਹਾ ਕਿ ਇਹ ਫ਼ੈਸਲਾ ਗਲਤ ਸਿਆਸੀ ਪ੍ਰਣਾਲੀ ਦਾ ਨਤੀਜਾ ਹੈ।

**■ ਸਜ਼ਾ ਸੁਣਾਏ ਜਾਣ ਬਾਅਦ ਵਧੀਆਂ**



ਟਰੰਪ ਨੂੰ ਸਜ਼ਾ ਸੁਣਾਉਣ ਦੀ ਤਰੀਕ 11 ਜੁਲਾਈ ਤੈਅ ਕੀਤੀ ਗਈ ਹੈ। ਚਾਰ ਦਿਨਾਂ ਬਾਅਦ ਵਿਸਕਾਨਸਿਨ ਦੇ ਮਿਲਵਾਕੀ ਵਿਚ ਹੋਣ ਵਾਲੇ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' ਵਿਚ ਉਨ੍ਹਾਂ ਨੂੰ ਰਸਮੀ ਤੌਰ 'ਤੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਪਾਰਟੀ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਜਾਣਾ ਹੈ। ਫਿਲਹਾਲ ਟਰੰਪ ਨੂੰ ਬਿਨਾਂ ਜ਼ਮਾਨਤ ਦੇ ਰਿਹਾਅ ਕਰ ਦਿੱਤਾ ਗਿਆ ਹੈ। ਜਿਵੇਂ ਹੀ ਉਨ੍ਹਾਂ ਦੇ ਖ਼ਿਲਾਫ਼ ਫ਼ੈਸਲਾ ਸੁਣਾਇਆ ਗਿਆ, ਟਰੰਪ ਨੇ ਕਿਹਾ, "ਇਹ ਸ਼ਰਮਨਾਕ ਹੈ। ਇਹ ਇੱਕ ਵਿਵਾਦਗ੍ਰਸਤ ਜੱਜ ਦੁਆਰਾ ਚਲਾਇਆ ਗਿਆ ਇੱਕ ਖ਼ਰਾਬ, ਭ੍ਰਿਸ਼ਟ ਮੁਕੱਦਮਾ ਸੀ।" ਉਨ੍ਹਾਂ ਕਿਹਾ, "ਲੋਕ ਅਸਲੀ ਫੈਸਲਾ 5 ਨਵੰਬਰ ਨੂੰ ਦੇਣਗੇ।"

### ਟਰੰਪ ਮਾਮਲੇ 'ਚ ਕੋਈ ਫ਼ੈਸਲੇ ਨਹੀਂ ਲੈ ਸਕੀ ਜਿਊਰੀ; ਜੱਜ ਨੇ ਕਰ ਦਿੱਤਾ ਬਰਖ਼ਾਸਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ 'ਚੁੱਪ ਰਹਿਣ ਲਈ ਪੈਸੇ ਲੈਣ' ਦੇ ਮਾਮਲੇ ਵਿਚ ਸੁਣਵਾਈ ਕਰ ਰਹੀ ਜਿਊਰੀ ਘੰਟਿਆਂ ਤੱਕ ਵਿਚਾਰ ਚਰਚਾ ਕਰਨ ਤੋਂ ਬਾਅਦ ਕੋਈ ਫ਼ੈਸਲਾ ਨਾ ਲੈ ਸਕੀ। ਕੋਈ ਫ਼ੈਸਲਾ ਨਾ ਲੈਣ ਦੇ ਸਬੰਧ ਵਿਚ ਨਿਊਯਾਰਕ ਸੁਪਰੀਮ ਕੋਰਟ ਦੇ ਜੱਜ ਜੁਆਨ ਮਰਚਨ ਨੇ ਜਿਊਰੀ ਨੂੰ ਹੀ ਬਰਖ਼ਾਸਤ ਕਰ ਦਿੱਤਾ। ਐੱਨ.ਬੀ.ਸੀ. ਦੀ ਰਿਪੋਰਟ 'ਚ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਵਿਚ ਬੁੱਧਵਾਰ ਨੂੰ ਕਿਹਾ ਗਿਆ ਹੈ ਕਿ ਜੱਜ ਮਾਰਕੇਨ ਨੇ ਜਿਊਰੀ ਨੂੰ ਪੂਰੇ ਦਿਨ ਲਈ ਬਰਖ਼ਾਸਤ ਕਰ ਦਿੱਤਾ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਮਾਮਲੇ ਦੀ ਚਰਚਾ ਨਾ ਕਰਨ ਅਤੇ ਉਸ ਦੇ ਬਾਰੇ ਕੋਈ ਜਾਣਕਾਰੀ ਹਾਸਲ ਨਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜਿਊਰੀ ਵੀਰਵਾਰ ਨੂੰ ਮੁੜ ਵਿਚਾਰ-ਵਟਾਂਦਰਾ ਸ਼ੁਰੂ ਕਰੇਗੀ। ਮਿਸਟਰ ਟਰੰਪ 'ਤੇ ਬਾਲਗ ਫਿਲਮ ਅਭਿਨੇਤਰੀ ਸਟੋਰਮੀ ਡੈਨੀਅਲਸ ਨੂੰ ਕਥਿਤ ਰੂਪ ਤੋਂ ਚੁੱਪ ਰਹਿਣ ਲਈ ਪੈਸੇ ਦੇਣ ਦੇ ਸਬੰਧਤ ਰਿਕਾਰਡ ਵਿਚ ਹੇਰਾਫੇਰੀ ਕਰਨ ਦਾ ਦੋਸ਼ ਹੈ।

# ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਵਾਲੇ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣੇ ਟਰੰਪ

**■ 'ਪੋਰਨ ਸਟਾਰ' ਨੂੰ ਗੁਪਤ ਢੰਗ ਨਾਲ ਪੈਸਾ ਦੇਣ ਦੇ ਮਾਮਲੇ 'ਚ ਦੋਸ਼ੀ ਕਰਾਰ**

**ਨਿਊ ਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਗੁਪਤ ਤਰੀਕੇ ਨਾਲ ਪੈਸੇ ਦੇਣ ਦੇ ਮਾਮਲੇ 'ਚ ਡੋਨਾਲਡ ਟਰੰਪ ਨੂੰ ਰਿਕਾਰਡ ਵਿਚ ਗੜਬੜੀ ਕਰਨ ਦੇ 34 ਦੋਸ਼ਾਂ ਵਿਚ ਵੀਰਵਾਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਸ ਨਾਲ ਉਹ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ, ਜਿਨ੍ਹਾਂ ਨੂੰ ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। ਅਜਿਹੇ 'ਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਹਿੱਸਾ ਲੈ ਕੇ ਇਕ ਵਾਰ ਫਿਰ ਵਾਈਟ ਹਾਊਸ 'ਚ ਪਹੁੰਚਣ ਦੀਆਂ ਉਸ ਦੀਆਂ ਉਮੀਦਾਂ ਦੇ ਰਾਹ 'ਚ ਕਾਨੂੰਨੀ ਚੁਣੌਤੀਆਂ ਵਧਦੀਆਂ ਨਜ਼ਰ ਆ ਰਹੀਆਂ ਹਨ।



ਵੀਰਵਾਰ ਨੂੰ ਇੱਕ ਇਤਿਹਾਸਕ ਫ਼ੈਸਲੇ ਵਿਚ ਮੈਨਹਟਨ ਦੇ 12 ਜੱਜਾਂ ਦੇ ਇੱਕ ਸਮੂਹ ਨੇ ਕਿਹਾ ਕਿ ਉਹ ਸਰਬਸੰਮਤੀ ਨਾਲ ਸਹਿਮਤ ਹਨ ਕਿ ਟਰੰਪ (77) ਨੇ ਬਾਲਗ ਫਿਲਮ ਸਟਾਰ ਡੈਨੀਅਲਸ ਨੂੰ 130,000 ਡਾਲਰ ਦੀ ਅਦਾਇਗੀ ਨੂੰ ਛੁਪਾਉਣ ਲਈ ਕਾਰੋਬਾਰੀ ਰਿਕਾਰਡਾਂ ਨੂੰ ਝੂਠਾ ਬਣਾਇਆ। ਇਹ ਫ਼ੈਸਲਾ ਕਰੀਬ ਡੇਢ ਦਿਨ ਦੀ ਵਿਚਾਰ-ਵਟਾਂਦਰੇ ਤੋਂ ਬਾਅਦ ਆਇਆ ਹੈ। ਇਸ ਫ਼ੈਸਲੇ ਦੇ ਬਾਵਜੂਦ ਟਰੰਪ ਨੂੰ ਨਵੰਬਰ 'ਚ ਹੋਣ ਵਾਲੀਆਂ ਚੋਣਾਂ 'ਚ ਖੜ੍ਹੇ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ ਪਰ ਇਹ ਲਗਭਗ ਤੈਅ ਹੈ ਕਿ ਉਹ ਇਸ ਖ਼ਿਲਾਫ਼ ਅਪੀਲ ਕਰਨਗੇ। ਛੇ ਹਫ਼ਤਿਆਂ ਦੀ ਸੁਣਵਾਈ ਦੌਰਾਨ ਅਦਾਲਤ ਨੇ ਡੇਨੀਅਲਸ ਸਮੇਤ 22 ਗਵਾਹਾਂ ਦੀ ਗਵਾਹੀ ਸੁਣੀ, ਜਿਨ੍ਹਾਂ ਦੇ ਸਾਬਕਾ ਰਾਸ਼ਟਰਪਤੀ ਨਾਲ ਕਥਿਤ ਜਿਨਸੀ ਸਬੰਧ ਮਾਮਲੇ ਦੇ ਕੇਂਦਰ ਵਿਚ ਸਨ। ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਟਰੰਪ ਚੁੱਪ ਰਹੇ।

ਟਰੰਪ ਨੇ ਕੋਰਟ ਰੂਮ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਇਹ ਫ਼ੈਸਲਾ ਗ਼ਲਤ ਰਾਜਨੀਤਿਕ ਪ੍ਰਣਾਲੀ ਦਾ ਨਤੀਜਾ ਹੈ। ਜਿਵੇਂ ਹੀ ਉਨ੍ਹਾਂ ਖ਼ਿਲਾਫ਼ ਫ਼ੈਸਲਾ ਸੁਣਾਇਆ ਗਿਆ, ਟਰੰਪ ਨੇ ਕਿਹਾ, "ਇਹ ਸ਼ਰਮਨਾਕ ਹੈ। ਇਹ ਇੱਕ ਵਿਵਾਦਗ੍ਰਸਤ ਜੱਜ ਦੁਆਰਾ ਚਲਾਇਆ ਗਿਆ ਇੱਕ ਖ਼ਰਾਬ, ਭ੍ਰਿਸ਼ਟ ਮੁਕੱਦਮਾ ਸੀ।" ਉਨ੍ਹਾਂ ਕਿਹਾ, "ਲੋਕ ਅਸਲੀ ਫ਼ੈਸਲਾ 5 ਨਵੰਬਰ ਨੂੰ ਦੇਣਗੇ। ਉਹ ਜਾਣਦੇ ਹਨ ਕਿ ਇੱਥੇ ਕੀ ਹੋਇਆ ਹੈ ਅਤੇ ਹਰ ਕੋਈ ਜਾਣਦਾ ਹੈ ਕਿ ਇੱਥੇ ਕੀ ਹੋਇਆ ਸੀ।" ਸਰਕਾਰੀ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਟਰੰਪ ਨੇ ਪੈਸੇ ਨੂੰ ਕਾਨੂੰਨੀ ਖਰਚਿਆਂ ਦੇ ਰੂਪ ਵਿਚ ਭੇਸ ਵਿਚ ਦੇਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਕੇ ਚੋਣ ਕਾਨੂੰਨ ਤੋੜਿਆ।

ਟਰੰਪ ਨੇ ਕਿਹਾ, ਮੈਂ ਬੇਕਸੂਰ ਹਾਂ। ਮੈਂ ਆਪਣੇ ਦੇਸ਼ ਲਈ ਲੜ ਰਿਹਾ ਹਾਂ। ਮੈਂ ਆਪਣੇ ਸੰਵਿਧਾਨ ਲਈ ਲੜ ਰਿਹਾ ਹਾਂ। ਸਾਡੇ ਪੂਰੇ ਦੇਸ਼ ਵਿਚ ਇਸ ਵੇਲੇ ਧਾਂਦਲੀ ਹੋ ਰਹੀ ਹੈ।" ਟਰੰਪ ਨੇ ਦੋਸ਼ ਲਾਇਆ ਕਿ ਬਾਇਡਨ ਪ੍ਰਸ਼ਾਸਨ ਨੇ ਆਪਣੇ ਸਿਆਸੀ ਵਿਰੋਧੀ ਨੂੰ ਨੁਕਸਾਨ ਪਹੁੰਚਾਉਣ ਲਈ ਅਜਿਹਾ ਕੀਤਾ ਹੈ। ਉਸ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਸ਼ਰਮਨਾਕ ਹੈ ਤੇ ਅਸੀਂ ਇਸਦੇ ਵਿਰੁੱਧ ਲੜਨਾ ਜਾਰੀ ਰੱਖਾਂਗੇ। ਅਸੀਂ ਅੰਤ ਤੱਕ ਲੜਾਂਗੇ ਅਤੇ ਅਸੀਂ ਜਿੱਤਾਂਗੇ ਕਿਉਂਕਿ ਸਾਡਾ ਦੇਸ਼ ਨਰਕ ਵਿੱਚ ਚਲਾ ਗਿਆ ਹੈ।" ਬਾਇਡਨ ਦੀ ਚੋਣ ਮੁਹਿੰਮ ਨੇ ਜਿਊਰੀ ਦੇ ਫ਼ੈਸਲੇ ਦਾ ਸਵਾਗਤ ਕੀਤਾ। 'ਬਾਈਡੇਨ-ਹੈਰਿਸ 2024 ਕਮਿਊਨੀਕੇਸ਼ਨਜ਼' ਦੇ ਨਿਰਦੇਸ਼ਕ ਮਾਈਕਲ ਟੇਲਰ ਨੇ ਕਿਹਾ, "ਅਸੀਂ ਨਿਊਯਾਰਕ ਵਿਚ ਦੇਖਿਆ ਕਿ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਪੈਸੇ ਦੇਣ ਦਾ ਟਰੰਪ ਦਾ ਇਹ ਮਾਮਲਾ 2016 ਦਾ ਹੈ।" ਉਸ ਸਮੇਂ ਇਹ ਗੱਲ ਸਾਹਮਣੇ ਆਈ ਸੀ ਕਿ ਟਰੰਪ ਦਾ ਇੱਕ ਪੋਰਨ ਸਟਾਰ ਨਾਲ ਅਫੇਅਰ ਚੱਲ ਰਿਹਾ ਸੀ ਅਤੇ ਦੋਸ਼ ਹੈ ਕਿ ਉਸ ਨੇ ਇਸ ਨੂੰ ਲੁਕਾਉਣ ਲਈ ਸਟੋਰਮੀ ਨੂੰ ਕਰੀਬ 1 ਲੱਖ 30 ਹਜ਼ਾਰ ਡਾਲਰ ਦਿੱਤੇ ਸਨ। ਸਾਬਕਾ ਰਾਸ਼ਟਰਪਤੀ ਦੀ ਕੰਪਨੀ ਨੇ ਇਹ ਪੈਸਾ ਆਪਣੇ ਵਕੀਲ ਮਾਈਕਲ ਕੋਹੇਨ ਨੂੰ ਦਿੱਤਾ, ਜਿਸ ਨੇ ਟਰੰਪ ਦੀ ਤਰਫੋਂ ਪੋਰਨ ਸਟਾਰ ਨੂੰ ਇਹ ਭੁਗਤਾਨ ਕੀਤਾ।



US
US Transport Inc.

Davinder Singh Jhawar
916-919-7061
ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।
Hiring safe and experienced owner-operators
9875 Dino Drive, Elk Grove, CA 95624
Designed By Punjab Mail USA

# ਦਿੱਲੀ ਹਾਈ ਕੋਰਟ ਵੱਲੋਂ ਸੱਜਣ ਕੁਮਾਰ ਖ਼ਿਲਾਫ਼ ਮਾਮਲੇ 'ਚ ਕਤਲ ਦੀ ਧਾਰਾ ਜੋੜਨ ਦਾ ਨਿਰਦੇਸ਼

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਬੀਤੇ ਸਮੇਂ ਵਿਚ ਰੋਜ਼ ਐਵੇਨਿਊ ਕੋਰਟ 'ਚ 1984 ਕਤਲੇਆਮ ਦੇ ਮਾਮਲੇ ਦੀ ਚੱਲ ਰਹੀ ਸੁਣਵਾਈ ਦੌਰਾਨ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਲੱਗੀ ਧਾਰਾ 302 ਅਤੇ 325 ਖ਼ਤਮ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਇਸ ਮਾਮਲੇ ਵਿਚ ਦਿੱਲੀ ਦੇ ਉਪ ਰਾਜਪਾਲ ਨੂੰ ਸਾਰੇ ਵੇਰਵੇ ਦੇ ਕੇ ਦੱਸਿਆ ਸੀ ਕਿ ਇਹ ਸਿੱਖ ਨਸਲਕੁਸ਼ੀ ਦਾ ਮਾਮਲਾ ਹੈ, ਜਿਸ ਵਿਚ ਰੰਗਾਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮਗਰੋਂ ਥਾਣਾ ਵਿਕਾਸਪੁਰੀ ਵਿਚ 1992 'ਚ ਐੱਫ.ਆਈ.ਆਰ. ਨੰਬਰ 227/92 ਤੇ ਐੱਫ.ਆਈ.ਆਰ. ਨੰਬਰ 264/92 ਥਾਣਾ ਦਰਜ ਹੋਈਆਂ ਸਨ।

■ **ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦਿੱਤੀ ਜਾਣਕਾਰੀ**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੀਡੀਆ ਨਾਲ ਗੱਲਬਾਤ ਕਰਦੇ ਹੋਏ।

ਆਗੂਆਂ ਨੇ ਦੱਸਿਆ ਕਿ ਸੱਜਣ ਕੁਮਾਰ 1984 ਦੀ ਸਿੱਖ ਨਸਲਕੁਸ਼ੀ ਦੌਰਾਨ ਜਿਸ ਭੀੜ ਦੀ ਅਗਵਾਈ ਕਰ ਰਿਹਾ ਸੀ, ਉਸ ਨੇ ਸੋਹਣ ਸਿੰਘ ਤੇ ਅਵਤਾਰ ਸਿੰਘ ਨਾਮ ਦੇ ਦੋ ਸਿੱਖਾਂ ਦਾ ਕਤਲ ਕੀਤਾ ਸੀ। ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਦਿੱਤੀ ਗਈ ਅਰਜ਼ੀ ਦਾ ਨੋਟਿਸ ਲੈਂਦਿਆਂ ਉਪ ਰਾਜਪਾਲ ਨੇ ਵਿਸ਼ੇਸ਼ ਜਾਂਚ ਟੀਮ ਨੂੰ ਸੱਜਣ ਕੁਮਾਰ ਖ਼ਿਲਾਫ਼ ਹਾਈ ਕੋਰਟ ਵਿਚ ਅਪੀਲ ਦਾਇਰ ਕਰਨ ਲਈ ਕਿਹਾ ਸੀ। ਦੋਹਾਂ ਆਗੂਆਂ ਨੇ ਦੱਸਿਆ ਕਿ ਅੱਜ ਹਾਈ ਕੋਰਟ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਜੱਜ ਨੇ ਮੰਨਿਆ ਕਿ ਸੱਜਣ ਕੁਮਾਰ ਨੂੰ ਬਰੀ ਕੀਤਾ ਜਾਣਾ ਗਲਤ ਹੈ ਅਤੇ ਉਸ ਖ਼ਿਲਾਫ਼ ਦਰਜ ਮਾਮਲੇ 'ਚ ਧਾਰਾ 302 ਤੇ 325 ਦੀਆਂ ਧਾਰਾਵਾਂ ਜੋੜੀਆਂ ਜਾਣੀਆਂ ਚਾਹੀਦੀਆਂ ਹਨ। ਅਦਾਲਤ ਨੇ ਮਾਮਲੇ 'ਚ ਮੁੜ ਤੋਂ ਉਕਤ ਦੋਵੇਂ ਧਾਰਾਵਾਂ ਜੋੜਨ ਦਾ ਨਿਰਦੇਸ਼ ਦਿੱਤਾ ਹੈ।

## ਜਥੇਦਾਰ ਅਕਾਲ ਤਖ਼ਤ ਵੱਲੋਂ ਉਮੀਦਵਾਰਾਂ ਨੂੰ ਜਿੱਤ ਦੀ ਖੁਸ਼ੀ ਸੰਜਮ ਨਾਲ ਮਨਾਉਣ ਦੀ ਅਪੀਲ

**ਅੰਮ੍ਰਿਤਸਰ, (ਪੰਜਾਬ ਮੇਲ)**-ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੀਆਂ ਸਮੂਹ ਸਿਆਸੀ ਧਿਰਾਂ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਚਾਰ ਜੂਨ ਨੂੰ ਚੋਣ ਨਤੀਜੇ ਆਉਣ ਮਗਰੋਂ ਉਹ ਆਪਣੀ ਜਿੱਤ ਨੂੰ ਢੋਲ-ਢਮੱਕੇ ਆਦਿ ਨਾਲ ਨਾ ਮਨਾਉਣ ਕਿਉਂਕਿ ਇਸ ਵੇਲੇ ਘੱਲੂਘਾਰਾ ਹਫ਼ਤਾ ਚੱਲ ਰਿਹਾ ਹੈ ਅਤੇ ਸਮੁੱਚਾ ਸਿੱਖ ਜਗਤ ਜੂਨ 1984 ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਲੋਕਾਂ ਨੂੰ ਯਾਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਾਕੇ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਤੀਜੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਜਦੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਸ੍ਰੀ ਅਕਾਲ ਤਖ਼ਤ 'ਤੇ ਫ਼ੌਜੀ ਹਮਲਾ ਕੀਤਾ ਗਿਆ ਸੀ ਤਾਂ ਉਸ ਵੇਲੇ ਇਥੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਏ ਸ਼ਰਧਾਲੂ ਅਤੇ ਬੇਦੋਸ਼ੇ ਸਿੱਖ ਵੀ ਫ਼ੌਜ ਦੀ ਗੋਲੀਆਂ ਦਾ ਸ਼ਿਕਾਰ ਬਣੇ ਸਨ। ਇਸ ਵੇਲੇ ਸਮੁੱਚੇ ਸੰਸਾਰ ਵਿਚ ਵਸਦੇ ਸਿੱਖ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ।

## ਜੰਗ-ਏ-ਆਜ਼ਾਦੀ ਯਾਦਗਾਰ: ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਰਜਿੰਦਰ ਸਿੰਘ ਹਮਦਰਦ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾਈ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਕ ਨੋਟਿਸ ਜਾਰੀ ਕਰਦਿਆਂ ਸਾਬਕਾ ਰਾਜ ਸਭਾ ਮੈਂਬਰ ਅਤੇ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੈਨੇਜਿੰਗ ਡਾਇਰੈਕਟਰ ਬਰਜਿੰਦਰ ਸਿੰਘ ਹਮਦਰਦ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾ ਦਿੱਤੀ ਹੈ। ਜਲੰਧਰ ਸਥਿਤ ਜੰਗ-ਏ-ਆਜ਼ਾਦੀ ਯਾਦਗਾਰੀ ਦੇ ਨਿਰਮਾਣ ਵਿਚ ਫੰਡਾਂ ਦੀ ਹੇਰਾਫੇਰੀ ਦੇ ਸਬੰਧ ਵਿਚ ਵਿਜੀਲੈਂਸ ਬਿਊਰੋ ਵੱਲੋਂ ਜਲੰਧਰ 'ਚ ਕਰੀਬ ਇਕ ਹਫ਼ਤੇ ਪਹਿਲਾਂ ਹਮਦਰਦ ਖ਼ਿਲਾਫ਼ ਧੋਖਾਧੜੀ ਤੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਇਕ ਕੇਸ ਦਰਜ ਕੀਤਾ ਗਿਆ ਸੀ। ਜਸਟਿਸ ਵਿਨੋਦ ਐੱਸ ਭਾਰਦਵਾਜ ਵੱਲੋਂ ਹਮਦਰਦ ਦੀ ਗ੍ਰਿਫ਼ਤਾਰੀ 'ਤੇ ਰੋਕ ਲਾਉਣ ਸਬੰਧੀ ਜਾਰੀ ਕੀਤੀਆਂ ਗਈਆਂ ਇਹ ਹਦਾਇਤਾਂ ਮਾਮਲੇ ਦੀ ਅਗਲੀ ਸੁਣਵਾਈ 18 ਜੁਲਾਈ ਤੱਕ ਲਾਗੂ ਰਹਿਣਗੀਆਂ। ਮਾਮਲੇ ਦੀ ਸੁਣਵਾਈ ਦੌਰਾਨ ਹਮਦਰਦ ਵੱਲੋਂ ਉੱਚ ਅਦਾਲਤ 'ਚ ਆਰ ਕਾਰਤੀਕੇ ਤੇ ਅਰਸ਼ਦੀਪ ਸਿੰਘ ਚੀਮਾ ਦੇ ਨਾਲ ਸੀਨੀਅਰ ਵਕੀਲ ਆਰ.ਐੱਸ. ਚੀਮਾ ਪੇਸ਼ ਹੋਏ। ਜਸਟਿਸ ਭਾਰਦਵਾਜ ਨੇ ਕੇਂਦਰੀ ਜਾਂਚ ਬਿਊਰੋ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਹਮਦਰਦ ਵੱਲੋਂ ਹੋਰ ਚੀਜ਼ਾਂ ਦੇ ਨਾਲ ਇਹ ਮਾਮਲਾ ਸੀ.ਬੀ.ਆਈ. ਵਰਗੀ ਕਿਸੇ ਆਜ਼ਾਦ ਏਜੰਸੀ ਨੂੰ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਲੀਲ ਦਿੱਤੀ ਸੀ ਕਿ ਉਨ੍ਹਾਂ ਨੂੰ ਇਸ ਵਿਵਾਦ ਵਿਚ ਗਲਤ ਢੰਗ ਨਾਲ ਘੜੀਸਿਆ ਜਾ ਰਿਹਾ ਹੈ।

# ਜਲੰਧਰ ਲੋਕ ਸਭਾ ਸੀਟ: 9 ਵਿਧਾਨ ਸਭਾ ਹਲਕਿਆਂ 'ਚੋਂ ਹਾਰੀ 'ਆਪ'

**ਜਲੰਧਰ, (ਪੰਜਾਬ ਮੇਲ)**- ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 1 ਜੂਨ ਨੂੰ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਜਲੰਧਰ ਹਲਕੇ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ 3,90,053 ਵੋਟਾਂ ਹਾਸਲ ਕਰਕੇ ਵੱਡੀ ਜਿੱਤ ਦਰਜ ਕੀਤੀ ਹੈ। ਉਥੇ ਹੀ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਦੂਜੇ ਨੰਬਰ 'ਤੇ ਰਹੇ ਹਨ। ਜੇਕਰ ਗੱਲ ਕੀਤੀ ਜਾਵੇ ਜਲੰਧਰ ਵਿਚ ਪੈਂਦੇ 9 ਵਿਧਾਨ ਸਭਾ ਹਲਕਿਆਂ ਮੁਤਾਬਕ ਤਾਂ ਇਥੋਂ 9 ਹਲਕਿਆਂ ਵਿਚੋਂ ਹੀ 'ਆਪ' ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਜਲੰਧਰ ਦੇ ਚਾਰ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ ਅਤੇ ਵਿਧਾਇਕ ਹੋਣ ਦੇ ਬਾਵਜੂਦ ਆਪਣੇ ਹਲਕੇ ਵੀ ਨਹੀਂ ਬਚਾ ਸਕੇ ਹਨ, ਜਦਕਿ 5 ਹਲਕਿਆਂ ਵਿਚ ਕਾਂਗਰਸ ਪਾਰਟੀ ਦੇ ਵਿਧਾਇਕ ਹਨ। ਜਲੰਧਰ ਸੈਂਟਰਲ ਤੋਂ ਰਮਨ ਅਰੋੜਾ ਵਿਧਾਇਕ ਹਨ ਅਤੇ ਇਨ੍ਹਾਂ ਦੇ ਹਲਕੇ ਵਿਚ 'ਆਪ' ਨੂੰ ਸਿਰਫ਼ 18528 ਵੋਟਾਂ ਮਿਲੀਆਂ ਹਨ। ਨਕੋਦਰ ਹਲਕੇ ਵਿਚ ਵੀ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਆਪਣਾ ਹਲਕਾ ਨਹੀਂ ਬਚਾ ਸਕੇ ਹਨ। ਇਥੋਂ 'ਆਪ' ਨੂੰ 23201 ਵੋਟਾਂ ਮਿਲੀਆਂ ਹਨ। ਕਰਤਾਰਪੁਰ ਹਲਕੇ ਵਿਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵਿਧਾਇਕ ਹਨ ਅਤੇ ਆਪ ਪਾਰਟੀ ਨੂੰ 29106 ਵੋਟਾਂ ਮਿਲੀਆਂ ਹਨ। ਹਾਲ ਹੀ ਵਿਚ ਭਾਜਪਾ ਵਿਚ ਗਏ ਸ਼ੀਤਲ ਅੰਗੁਰਾਲ ਜਲੰਧਰ ਵੈਸਟ ਹਲਕੇ ਤੋਂ ਵਿਧਾਇਕ ਰਹੇ ਹਨ। ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਨੂੰ 15629 ਵੋਟਾਂ ਹਾਸਲ ਹੋਈਆਂ ਹਨ।

# ਸੁਪਰੀਮ ਕੋਰਟ ਵੱਲੋਂ ਵਿਧਾਇਕ ਗੱਜਣਮਾਜਰਾ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਨਕਾਰ



**ਨਵੀਂ ਦਿੱਲੀ, (ਪੰਜਾਬ ਮੇਲ)**-ਸੁਪਰੀਮ ਕੋਰਟ ਨੇ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਗੱਜਣਮਾਜਰਾ ਨੂੰ ਬੈਂਕ ਧੋਖਾਧੜੀ ਨਾਲ ਸਬੰਧਤ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਦੀ ਜਾਂਚ ਦੇ ਸਬੰਧ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜਸਟਿਸ ਸੰਜੇ ਕਰੋਲ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਛੁੱਟੀਆਂ ਵਾਲੇ ਬੈਂਚ ਨੇ ਈ.ਡੀ. ਨੂੰ ਨੋਟਿਸ ਜਾਰੀ ਕੀਤਾ ਅਤੇ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨ ਵਾਸਤੇ ਅੰਤ੍ਰਿਮ ਜ਼ਮਾਨਤ ਦੀ ਅਪੀਲ ਸਬੰਧੀ ਗੱਜਣਮਾਜਰਾ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਜਵਾਬ ਮੰਗਿਆ ਹੈ। ਵਿਧਾਇਕ ਵੱਲੋਂ ਪੇਸ਼ ਹੋਏ ਵਕੀਲ ਨੇ ਚੋਣ ਪ੍ਰਚਾਰ ਲਈ 4 ਜੂਨ ਤੱਕ ਅੰਤ੍ਰਿਮ ਜ਼ਮਾਨਤ ਦੇਣ ਦੀ ਅਪੀਲ ਕੀਤੀ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਉਹ ਸਾਰੀਆਂ ਧਿਰਾਂ ਦੀ ਗੱਲ ਸੁਣੇ ਬਿਨਾ ਅਮਰਗੜ੍ਹ ਤੋਂ 'ਆਪ' ਵਿਧਾਇਕ ਨੂੰ ਰਾਹਤ ਦੇਣ ਦੀ ਇੱਛੁਕ ਨਹੀਂ ਹੈ। ਪੰਜਾਬ ਵਿਚ ਪਹਿਲੀ ਜੂਨ ਨੂੰ ਆਖਰੀ ਗੇੜ 'ਚ ਵੋਟਿੰਗ ਹੋਵੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਤੋਂ ਪਹਿਲਾਂ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੀ ਉਸ ਦੀ ਪਟੀਸ਼ਨ ਇਹ ਕਹਿੰਦਿਆਂ ਖਾਰਜ ਕਰ ਦਿੱਤੀ ਸੀ ਕਿ ਇਸ ਵਿਚ ਕੁਝ ਵੀ ਗੈਰ-ਕਾਨੂੰਨੀ ਨਹੀਂ ਹੈ। ਸੀ.ਬੀ.ਆਈ. ਨੇ ਪਿਛਲੇ ਸਾਲ ਮਈ ਵਿਚ 40 ਕਰੋੜ ਰੁਪਏ ਦੀ ਕਥਿਤ ਬੈਂਕ ਧੋਖਾਧੜੀ ਦੇ ਸਬੰਧ ਵਿਚ ਗੱਜਣਮਾਜਰਾ ਨਾਲ ਸਬੰਧਤ ਟਿਕਾਣਿਆਂ 'ਤੇ ਛਾਪੇ ਮਾਰੇ ਸਨ। ਈ.ਡੀ. ਨੇ ਸਤੰਬਰ, 2022 ਵਿਚ ਕਥਿਤ ਤੌਰ 'ਤੇ ਬੈਂਕ ਕਰਜ਼ਾ ਧੋਖਾਧੜੀ ਨਾਲ ਸਬੰਧਤ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਦੀ ਜਾਂਚ ਤਹਿਤ ਉਸ ਨਾਲ ਜੁੜੇ ਕਈ ਟਿਕਾਣਿਆਂ 'ਤੇ ਛਾਪੇ ਮਾਰੇ ਸਨ। ਛਾਪੇ ਦੌਰਾਨ 32 ਲੱਖ ਰੁਪਏ, ਮੋਬਾਈਲ ਫੋਨ ਤੇ ਹਾਰਡ ਡਰਾਈਵ ਜ਼ਬਤ ਕੀਤੇ ਗਏ ਸਨ।




# ਪੰਜਾਬ ਦੀਆਂ 13 ਸੀਟਾਂ 'ਤੇ ਚੁਣੇ ਗਏ ਸੰਸਦ ਮੈਂਬਰ ਅਤੇ ਉਨ੍ਹਾਂ ਦਾ ਸਿਆਸੀ ਸਫਰ

**ਪੰਜਾਬ ਸਮੇਤ ਪੂਰੇ ਦੇਸ਼ 'ਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਪੰਜਾਬ 'ਚ ਕਾਂਗਰਸ ਪਾਰਟੀ ਨੇ 13 'ਚੋਂ 7 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਜਦੋਂ ਕਿ ਆਮ ਆਦਮੀ ਪਾਰਟੀ ਨੇ 3, ਸ਼੍ਰੋਮਣੀ ਅਕਾਲੀ ਦਲ ਨੇ 1 ਅਤੇ ਆਜ਼ਾਦ ਉਮੀਦਵਾਰਾਂ ਨੇ 2 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਆਓ ਜਾਣਦੇ ਹਾਂ, ਇਨ੍ਹਾਂ 13 ਸੀਟਾਂ 'ਤੇ ਜਿੱਤ ਹਾਸਲ ਕਰਕੇ ਐੱਮ.ਪੀ. ਬਣੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਿਆਸੀ ਸਫਰ ਬਾਰੇ**

1. **ਲੁਧਿਆਣਾ** - ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਤੋਂ ਐੱਮ.ਪੀ. ਜਨਮੇ ਰਾਜਾ ਵੜਿੰਗ (46) ਕੋਲ 15.11 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਰਾਜਾ ਵੜਿੰਗ 2014-18 ਦਰਮਿਆਨ ਯੂਥ ਕਾਂਗਰਸ ਦੇ ਪ੍ਰਧਾਨ ਰਹੇ। 2012 ਤੋਂ 2022 ਦਰਮਿਆਨ ਉਹ ਮੁਕਤਸਰ ਸਾਹਿਬ ਦੀ ਗਿੱਦੜਬਾਹਾ ਸੀਟ ਤੋਂ ਤਿੰਨ ਵਾਰ ਵਿਧਾਇਕ ਰਹੇ। ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਵੜਿੰਗ ਨੂੰ ਪੰਜਾਬ ਪ੍ਰਧਾਨ ਬਣਾਇਆ ਗਿਆ ਸੀ। ਕਾਂਗਰਸ ਪਾਰਟੀ ਨੇ ਰਵਨੀਤ ਬਿੱਟੂ ਨੂੰ ਹਰਾਉਣ ਲਈ ਰਾਜਾ ਵੜਿੰਗ ਨੂੰ ਮੈਦਾਨ ਵਿਚ ਉਤਾਰਿਆ ਸੀ।

2. **ਗੁਰਦਾਸਪੁਰ**- ਗੁਰਦਾਸਪੁਰ 'ਤੇ ਵੀ ਕਾਂਗਰਸ ਪਾਰਟੀ ਦਾ ਕਬਜ਼ਾ ਸੀ। ਇਸ ਸੀਟ ਤੋਂ ਸੁਖਜਿੰਦਰ ਸਿੰਘ ਰੰਧਾਵਾ ਜੇਤੂ ਰਹੇ। 65 ਸਾਲਾ ਸੁਖਜਿੰਦਰ ਰੰਧਾਵਾ ਕੋਲ 5.11 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਸੰਤੋਖ ਸਿੰਘ ਦੋ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। 2022 ਵਿਚ ਫਤਿਹਗੜ੍ਹ ਚੂੜੀਆਂ ਅਤੇ 2012 ਵਿਚ ਡੇਰਾ ਬਾਬਾ ਨਾਨਕ ਤੋਂ ਜਿੱਤੇ। ਜਦੋਂਕਿ 2019 ਵਿਚ ਪੰਜਾਬ ਦੇ ਡਿਪਟੀ ਸੀ.ਐੱਮ. ਸੀ.ਐੱਮ. ਗੁਰਦਾਸਪੁਰ ਸੀਟ ਤੋਂ ਚੁਣੇ ਗਏ ਅਤੇ ਐੱਮ.ਪੀ.

3. **ਜਲੰਧਰ**- ਕਾਂਗਰਸ ਪਾਰਟੀ ਨੇ ਜਲੰਧਰ ਵੀ ਜਿੱਤ ਲਿਆ ਹੈ। ਚਰਨਜੀਤ ਸਿੰਘ ਚੰਨੀ ਇੱਥੋਂ ਸੰਸਦ ਮੈਂਬਰ ਚੁਣੇ ਗਏ ਹਨ। 58 ਸਾਲਾ ਚੰਨੀ ਕੋਲ 9.45 ਏਕੜ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਚਰਨਜੀਤ ਚੰਨੀ 2002 ਵਿਚ ਖਰੜ ਕੌਂਸਲ ਦੇ ਚੇਅਰਮੈਨ ਚੁਣੇ ਗਏ ਸਨ। 2007 ਵਿਚ ਵਿਧਾਨ ਸਭਾ ਵਿਚ ਪਹੁੰਚੇ ਅਤੇ 2015-2016 ਵਿਚ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ। 2017 ਵਿਚ ਉਹ ਤੀਜੀ ਵਾਰ ਚਮਕੌਰ ਸਾਹਿਬ ਤੋਂ ਵਿਧਾਇਕ ਬਣੇ। 2021 ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੀ.ਐੱਮ. ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਚਰਨਜੀਤ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ। ਦੱਸ ਦਈਏ ਕਿ 2007 'ਚ ਕਾਂਗਰਸ ਪਾਰਟੀ ਤੋਂ ਟਿਕਟ ਨਾ ਮਿਲਣ 'ਤੇ ਚਰਨਜੀਤ ਚੰਨੀ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਅਤੇ ਕਾਂਗਰਸ ਉਮੀਦਵਾਰ ਨੂੰ ਹਰਾ ਕੇ ਪਹਿਲੀ ਵਾਰ ਵਿਧਾਨ ਸਭਾ 'ਚ ਪਹੁੰਚੇ ਸਨ। ਪਰ ਇਸ ਤੋਂ ਬਾਅਦ ਉਨ੍ਹਾਂ ਨੇ ਇਹ ਸੀਟ ਕਾਂਗਰਸ ਨੂੰ ਦੇ ਦਿੱਤੀ।

4. **ਫ਼ਿਰੋਜ਼ਪੁਰ**- ਫ਼ਿਰੋਜ਼ਪੁਰ ਸੀਟ ਤੋਂ ਵੀ ਕਾਂਗਰਸ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ। ਸ਼ੇਰ ਸਿੰਘ ਘੁਬਾਇਆ ਇਸ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। 56 ਸਾਲਾ ਸ਼ੇਰ ਸਿੰਘ ਘੁਬਾਇਆ ਕੋਲ 8.58 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਘੁਬਾਇਆ 2009 ਅਤੇ 2014 ਵਿਚ ਅਕਾਲੀ ਦਲ ਦੇ ਸੰਸਦ ਮੈਂਬਰ ਰਹੇ। 2019 ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੁਦ ਫਿਰੋਜ਼ਪੁਰ ਸੀਟ ਤੋਂ ਚੋਣ ਲੜੀ ਸੀ। ਪਾਰਟੀ ਤੋਂ ਨਾਰਾਜ਼ ਹੋ ਕੇ ਸ਼ੇਰ ਸਿੰਘ ਘੁਬਾਇਆ 2019 ਵਿਚ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੇ 2019 'ਚ ਕਾਂਗਰਸ ਪਾਰਟੀ ਤੋਂ ਚੋਣ ਲੜੀ, ਜਿੱਥੋਂ ਉਹ ਹਾਰ ਗਏ। ਪਰ ਇਸ ਵਾਰ ਉਨ੍ਹਾਂ ਨੇ ਅਕਾਲੀ ਦਲ ਨੂੰ ਹਰਾ ਕੇ ਕਾਂਗਰਸ ਨੂੰ ਵੱਡੀ ਜਿੱਤ ਦਿਵਾਈ ਹੈ।

5. **ਪਟਿਆਲਾ**- ਕਾਂਗਰਸ ਉਮੀਦਵਾਰ ਡਾ. ਧਰਮਵੀਰ ਗਾਂਧੀ ਪਟਿਆਲਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। 73 ਸਾਲਾ ਗਾਂਧੀ ਕੋਲ 8.53 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਧਰਮਵੀਰ ਗਾਂਧੀ 2013 ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸਨ। ਪਰਨੀਤ ਕੌਰ 2014 ਦੀਆਂ ਲੋਕ ਸਭਾ ਚੋਣਾਂ ਵਿਚ ਹਾਰ ਗਈ ਸੀ। ਇਸ ਤੋਂ ਬਾਅਦ 2016 ਵਿਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਛੱਡ ਕੇ ਆਪਣੀ ਪਾਰਟੀ ਬਣਾ ਲਈ। ਇਸ ਤੋਂ ਬਾਅਦ 2024 ਵਿਚ ਧਰਮਵੀਰ ਗਾਂਧੀ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਪਟਿਆਲਾ ਸੀਟ ਤੋਂ ਜਿੱਤੇ।

6. **ਅੰਮ੍ਰਿਤਸਰ**- ਕਾਂਗਰਸ ਪਾਰਟੀ ਨੇ ਅੰਮ੍ਰਿਤਸਰ ਸੀਟ ਤੋਂ ਵੀ ਜਿੱਤ ਹਾਸਲ ਕੀਤੀ ਹੈ। ਇਸ ਸੀਟ ਤੋਂ ਦੋ ਵਾਰ ਸੰਸਦ ਮੈਂਬਰ ਰਹਿ ਚੁੱਕੇ ਗੁਰਜੀਤ ਔਜਲਾ ਤੀਜੀ ਵਾਰ ਜਿੱਤੇ ਹਨ। 51 ਸਾਲਾ ਗੁਰਜੀਤ ਔਜਲਾ ਕੋਲ 4.16 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਔਜਲਾ ਨੇ ਆਪਣਾ ਸਿਆਸੀ ਸਫ਼ਰ ਕੌਂਸਲਰ ਵਜੋਂ ਸ਼ੁਰੂ ਕੀਤਾ ਸੀ। 2017 ਵਿਚ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਸੀ.ਐੱਮ. ਉਨ੍ਹਾਂ ਨੇ ਬਣਦੇ ਹੀ ਅੰਮ੍ਰਿਤਸਰ ਸੀਟ ਛੱਡ ਦਿੱਤੀ, ਜੋ ਗੁਰਜੀਤ ਔਜਲਾ ਲਈ ਟਰਨਿੰਗ ਪੁਆਇੰਟ ਸਾਬਤ ਹੋਈ। ਉਨ੍ਹਾਂ ਨੇ 2019 ਦੀਆਂ ਦੂਜੀਆਂ ਚੋਣਾਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਹਰਾ ਕੇ ਜਿੱਤੀਆਂ ਸਨ। 2024 ਵਿਚ ਵੀ ਗੁਰਜੀਤ ਔਜਲਾ ਅੰਮ੍ਰਿਤਸਰ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਤੁਹਾਨੂੰ ਦੱਸ ਦੇਈਏ ਕਿ ਗੁਰਜੀਤ ਔਜਲਾ ਨੂੰ ਸਿੰਘ ਇਜ਼ ਕਿੰਗ ਵੀ ਕਿਹਾ ਜਾਂਦਾ ਹੈ। 2023 ਵਿਚ, ਦੋ ਘੁਸਪੈਠੀਆਂ ਨੇ ਸੰਸਦ ਦੇ ਅੰਦਰ ਰੰਗੀਨ ਬੰਬ ਸੁੱਟੇ ਸਨ। ਇਸ ਦੌਰਾਨ ਹਰ ਕੋਈ ਉਸ ਤੋਂ ਭੱਜ ਰਿਹਾ ਸੀ ਪਰ ਗੁਰਜੀਤ ਔਜਲਾ ਨੇ ਘੁਸਪੈਠੀਆਂ 'ਤੇ ਝਪਟ ਮਾਰੀ ਅਤੇ ਕਲਰ ਬੰਬ ਫੜ ਕੇ ਸੰਸਦ ਦੇ ਬਾਹਰ ਸੁੱਟ ਦਿੱਤਾ। ਇਸ ਦੌਰਾਨ ਉਨ੍ਹਾਂ ਦਾ ਬੋਲਿਆ ਡਾਇਲਾਗ 'ਪੰਜਾਬੀ ਕਦੇ ਕਿਸੇ ਖਤਰੇ ਤੋਂ ਨਹੀਂ ਭੱਜਦੀ' ਵੀ ਕਾਫੀ ਮਕਬੂਲ ਹੋਇਆ।

7. ਫਤਿਹਗੜ੍ਹ **ਸਾਹਿਬ**- ਫਤਿਹਗੜ੍ਹ ਸਾਹਿਬ ਸੀਟ ਤੋਂ ਵੀ ਕਾਂਗਰਸ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ। ਅਮਰ ਸਿੰਘ ਇਸ ਸੀਟ ਤੋਂ ਲਗਾਤਾਰ ਦੂਜੀ ਵਾਰ ਜਿੱਤੇ ਹਨ। 65 ਸਾਲਾ ਅਮਰ ਸਿੰਘ ਕੋਲ 3.28 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। 2013 ਵਿਚ ਸੇਵਾਮੁਕਤੀ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ। 2017 ਵਿਚ ਉਨ੍ਹਾਂ ਰਾਏਕੋਟ ਤੋਂ ਵਿਧਾਨ ਸਭਾ ਚੋਣ ਲੜੀ ਸੀ, ਜਿਸ ਵਿਚ ਉਹ ਹਾਰ ਗਏ ਸਨ। ਇਸ ਤੋਂ ਬਾਅਦ 2019 'ਚ ਉਨ੍ਹਾਂ ਨੇ ਫਤਿਹਗੜ੍ਹ ਸਾਹਿਬ ਸੀਟ ਤੋਂ ਚੋਣ ਲੜੀ, ਜਿਸ 'ਚ ਉਹ ਜਿੱਤ ਗਏ। ਤੁਹਾਨੂੰ ਦੱਸ ਦੇਈਏ ਕਿ ਅਮਰ ਸਿੰਘ 10 ਸਾਲਾਂ ਤੋਂ ਸਥਾਨਕ ਮੁੱਖ ਮੰਤਰੀ ਦੇ ਸਕੱਤਰ ਵਜੋਂ ਮੱਧ ਪ੍ਰਦੇਸ਼ ਨਾਲ ਜੁੜੇ ਹੋਏ ਹਨ।

8. **ਖਡੂਰ ਸਾਹਿਬ**:- ਖਡੂਰ ਸਾਹਿਬ ਤੋਂ ਜੇਲ 'ਚ ਬੈਠੇ ਅੰਮ੍ਰਿਤਪਾਲ ਪਾਲ ਸਿੰਘ ਜਿੱਤ ਕੇ ਸਾਂਸਦ ਬਣੇ ਹਨ। 31 ਸਾਲਾ ਅੰਮ੍ਰਿਤ ਪਾਲ ਕੋਲ 1000 ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜ ਚੁੱਕੇ ਅੰਮ੍ਰਿਤਪਾਲ 2012 ਤੋਂ 2022 ਤੱਕ ਵਿਦੇਸ਼ ਰਹੇ। ਵਿਦੇਸ਼ ਤੋਂ ਪਰਤ ਕੇ ਵਾਰਿਸ ਨੂੰ ਪੰਜਾਬ ਦਾ ਮੁਖੀ ਐਲਾਨਿਆ ਗਿਆ। ਇਸ ਤੋਂ ਬਾਅਦ ਐੱਨ.ਐੱਸ.ਏ. ਲਾਗੂ ਹੋਣ ਤੋਂ ਬਾਅਦ ਉਹ 9 ਸਾਥੀਆਂ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਅੰਮ੍ਰਿਤਪਾਲ ਨੇ ਜੇਲ੍ਹ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੀ। ਅੰਮ੍ਰਿਤਪਾਲ ਦੇ ਮਾਪਿਆਂ ਨੇ ਘਰ-ਘਰ ਜਾ ਕੇ ਵੋਟਾਂ ਦੀ ਅਪੀਲ ਕੀਤੀ ਸੀ। ਤੁਹਾਨੂੰ ਦੱਸ ਦੇਈਏ ਕਿ ਅੰਮ੍ਰਿਤਪਾਲ ਸਿੰਘ ਦੀ ਪਛਾਣ ਭਿੰਡਰਾਂਵਾਲ 2 ਵਜੋਂ ਹੋਈ ਹੈ। ਖਾਲਿਸਤਾਨ ਦਾ ਸਮਰਥਨ ਕਰਨ ਵਾਲੇ ਅੰਮ੍ਰਿਤਪਾਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਧਮਕੀ ਦਿੱਤੀ ਹੈ। ਪੰਜਾਬੀ ਗਾਇਕ ਦੀਪ ਸਿੱਧੂ ਦੀ ਬਰਸੀ ਮੌਕੇ ਅੰਮ੍ਰਿਤਪਾਲ ਵਿਦੇਸ਼ ਤੋਂ ਆਏ ਸਨ।

9. **ਫਰੀਦਕੋਟ**- ਫਰੀਦਕੋਟ ਸੀਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਵੀ ਜਿੱਤ ਗਏ ਹਨ। 45 ਸਾਲਾ ਸਰਬਜੀਤ ਸਿੰਘ ਖਾਲਸਾ ਕੋਲ 1.08 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। 2004 ਵਿਚ, ਸਰਬਜੀਤ ਨੇ ਬਠਿੰਡਾ ਤੋਂ ਆਪਣੀ ਪਹਿਲੀ ਲੋਕ ਸਭਾ ਚੋਣ ਲੜੀ ਸੀ। ਇਸ ਤੋਂ ਬਾਅਦ 2007 ਵਿਚ ਬਰਨਾਲਾ ਦੀ ਭਦੋੜ ਸੀਟ ਤੋਂ ਵਿਧਾਨ ਸਭਾ ਚੋਣ ਲੜੀ। ਫਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਤੀਸਰੀ ਕੋਸ਼ਿਸ਼ ਵਿਚ ਜਿੱਤ ਗਏ। ਦੱਸ ਦੇਈਏ ਕਿ ਸਰਬਜੀਤ ਸਿੰਘ ਖਾਲਸਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਗੋਲੀ ਚਲਾਉਣ ਵਾਲੇ ਬੇਅੰਤ ਸਿੰਘ ਦਾ ਪੁੱਤਰ ਹੈ।

10. **ਹੁਸ਼ਿਆਰਪੁਰ**- ਹੁਸ਼ਿਆਰਪੁਰ ਸੀਟ ਵੀ ਆਮ ਆਦਮੀ ਪਾਰਟੀ ਦੇ ਹਿੱਸੇ ਗਈ ਹੈ। ਇਸ ਸੀਟ ਤੋਂ ਡਾ: ਰਾਜ ਕੁਮਾਰ ਚੱਬੇਵਾਲ ਜੇਤੂ ਰਹੇ ਹਨ। 52 ਸਾਲਾ ਰਾਜ ਕੁਮਾਰ ਚੱਬੇਵਾਲ ਕੋਲ 20.72 ਚੱਲ ਅਤੇ ਅਚੱਲ ਜਾਇਦਾਦ ਹੈ। 2017 'ਚ ਉਹ ਪਹਿਲੀ ਵਾਰ ਕਾਂਗਰਸ ਦੀ ਟਿਕਟ 'ਤੇ ਚੋਣ ਲੜੇ ਅਤੇ ਹੁਸ਼ਿਆਰਪੁਰ ਤੋਂ ਵਿਧਾਇਕ ਬਣੇ। 2022 'ਚ ਕਾਂਗਰਸ ਦੀ ਟਿਕਟ 'ਤੇ ਮੁੜ ਜਿੱਤ ਹਾਸਲ ਕੀਤੀ। ਇਸ ਤੋਂ ਬਾਅਦ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਵਜੋਂ ਜ਼ਿੰਮੇਵਾਰੀ ਸੌਂਪੀ। 2024 ਵਿਚ ਕਾਂਗਰਸ ਪਾਰਟੀ ਛੱਡ ਦਿੱਤੀ ਅਤੇ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜੀ। ਦੱਸ ਦਈਏ ਕਿ 5 ਮਾਰਚ ਨੂੰ ਬੱਜਟ ਸੈਸ਼ਨ ਦੌਰਾਨ ਚੱਬੇਵਾਲ 'ਚ 'ਆਪ' ਖਿਲਾਫ ਕਰਜ਼ੇ ਦੇ ਬੰਡਲ ਅਤੇ ਤਾਲੇ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। 10 ਸਾਲ ਬਾਅਦ ਹੀ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ।

11. **ਆਨੰਦਪੁਰ ਸਾਹਿਬ**- ਆਮ ਆਦਮੀ ਪਾਰਟੀ ਨੇ ਆਨੰਦਪੁਰ ਸਾਹਿਬ ਤੋਂ ਜਿੱਤ ਹਾਸਲ ਕੀਤੀ ਹੈ। ਇਸ ਸੀਟ ਤੋਂ ਮਾਲਵਿੰਦਰ ਸਿੰਘ ਕੰਗ ਸੰਸਦ ਮੈਂਬਰ ਚੁਣੇ ਗਏ ਹਨ। 45 ਸਾਲਾ ਮਾਲਵਿੰਦਰ ਸਿੰਘ ਕੰਗ ਕੋਲ 4.39 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਮਾਲਵਿੰਦਰ ਸਿੰਘ ਕੰਗ 27 ਸਾਲਾਂ ਤੋਂ ਪੰਜਾਬ ਵਿਚ ਰਹਿ ਰਿਹਾ ਹੈ। ਆਮ ਆਦਮੀ ਪਾਰਟੀ ਨੇ ਦੋ ਸਾਲ ਪਹਿਲਾਂ ਕੰਗ ਨੂੰ ਆਨੰਦਪੁਰ ਸਾਹਿਬ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਸੀ ਅਤੇ ਉਹ ਪਾਰਟੀ ਦੇ ਚੰਗੇ ਬੁਲਾਰੇ ਵੀ ਹਨ।

12. **ਸੰਗਰੂਰ**- ਸੰਗਰੂਰ ਸੀਟ ਤੋਂ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਹੈ। ਇਸ ਸੀਟ ਤੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਚੋਣ ਲੜੀ ਸੀ ਅਤੇ ਜਿੱਤੇ ਸਨ। 32 ਸਾਲਾ ਮੀਤ ਹੇਅਰ ਕੋਲ 44.06 ਲੱਖ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਗੁਰਮੀਤ ਮੀਤ ਹੇਅਰ ਪਹਿਲੀ ਵਾਰ 2017 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਵਿਧਾਇਕ ਬਣੇ ਸਨ। 2022 ਵਿਚ ਦੂਜੀ ਵਾਰ ਇਸੇ ਸੀਟ ਤੋਂ ਵਿਧਾਇਕ ਚੁਣੇ ਗਏ।

13. **ਬਠਿੰਡਾ**- ਅਕਾਲੀ ਦਲ ਬਠਿੰਡਾ ਤੋਂ ਹੀ ਜਿੱਤ ਹਾਸਲ ਕਰ ਸਕਿਆ ਹੈ। ਇਸ ਸੀਟ ਤੋਂ ਹਰਸਿਮਰਤ ਕੌਰ ਬਾਦਲ ਚੌਥੀ ਵਾਰ ਸੰਸਦ ਮੈਂਬਰ ਚੁਣੀ ਗਈ ਹੈ। 52 ਸਾਲਾ ਹਰਸਿਮਰਤ ਕੌਰ ਬਾਦਲ ਕੋਲ 217 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਹਰਸਿਮਰਤ ਕੌਰ ਬਾਦਲ ਬਾਦਲ ਪਰਿਵਾਰ ਦੀ ਨੂੰਹ ਅਤੇ ਮਜੀਠੀਆ ਪਰਿਵਾਰ ਦੀ ਨੂੰਹ ਹੈ। 2009 ਵਿਚ ਪਹਿਲੀ ਵਾਰ ਬਠਿੰਡਾ ਤੋਂ ਸੰਸਦ ਮੈਂਬਰ ਬਣੇ। 2014 ਅਤੇ 2019 ਵਿਚ ਸੰਸਦ ਮੈਂਬਰ ਵੀ ਚੁਣੇ ਗਏ। ਤੁਹਾਨੂੰ ਦੱਸ ਦੇਈਏ ਕਿ ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਵਿਚ ਸਰਵੋਤਮ ਉਮੀਦਵਾਰ ਹੋਣ ਦਾ ਖਿਤਾਬ ਮਿਲਿਆ ਹੈ। ਉਨ੍ਹਾਂ ਨੇ ਤਿੰਨ ਖੇਤੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਹੀ ਭਾਜਪਾ ਨਾਲ ਅਕਾਲੀ ਦਲ ਦਾ ਗਠਜੋੜ ਖਤਮ ਕਰ ਦਿੱਤਾ। ਇੰਨਾ ਹੀ ਨਹੀਂ, ਉਨ੍ਹਾਂ ਨੇ ਫੂਡ ਐਂਡ ਪ੍ਰੋਸੈਸਿੰਗ ਮੰਤਰੀ ਦੇ ਅਹੁਦੇ ਤੋਂ ਵੀ ਅਸਤੀਫਾ ਦੇ ਦਿੱਤਾ ਹੈ।

ਦੱਸ ਦੇਈਏ ਕਿ ਪੰਜਾਬ ਵਿਚ ਇਸ ਤੋਂ ਪਹਿਲਾਂ ਭਾਜਪਾ ਅਤੇ ਅਕਾਲੀ ਦਲ ਗਠਜੋੜ ਨਾਲ ਚੋਣਾਂ ਲੜਦੇ ਆ ਰਹੇ ਹਨ ਪਰ ਇਸ ਵਾਰ ਭਾਜਪਾ ਨੇ ਕਿਹਾ ਸੀ ਕਿ ਉਹ 13 ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜੇਗੀ। 2019 ਵਿਚ ਭਾਜਪਾ ਨੇ 2 ਸੀਟਾਂ ਜਿੱਤੀਆਂ ਸਨ ਪਰ ਇਸ ਵਾਰ ਪੰਜਾਬ ਵਿਚ ਭਾਜਪਾ ਦੀ ਸਰਦਾਰੀ ਦਾ ਸਫਾਇਆ ਹੋ ਗਿਆ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਵਿਦਿਆਰਥੀਆਂ ਨਾਲ ਧੋਖਾਧੜੀ ਮਾਮਲੇ 'ਚ ਭਾਰਤੀ ਇਮੀਗ੍ਰੇਸ਼ਨ ਏਜੰਟ ਵੱਲੋਂ ਦੋਸ਼ ਕਬੂਲ



■ 3 ਸਾਲ ਦੀ ਸੁਣਾਈ ਗਈ ਸਜ਼ਾ

**ਓਟਵਾ, (ਪੰਜਾਬ ਮੇਲ)**-ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਕਾਲਜ ਦਾਖਲਾ ਜਾਰੀ ਕਰ ਕੇ ਕੈਨੇਡਾ ਦਾ ਵੀਜ਼ਾ ਦਿਵਾਉਣ ਲਈ ਧੋਖਾਧੜੀ ਕਰਨ ਦੇ ਮਾਮਲੇ ਵਿਚ ਸ਼ਾਮਲ ਇਕ ਭਾਰਤੀ ਇਮੀਗ੍ਰੇਸ਼ਨ ਏਜੰਟ ਨੂੰ ਵੈਨਕੂਵਰ ਦੀ ਇਕ ਅਦਾਲਤ ਵਿਚ ਇਮੀਗ੍ਰੇਸ਼ਨ ਅਪਰਾਧਾਂ ਲਈ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 3 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਮੀਡੀਆ ਰਿਪੋਰਟਾਂ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਬ੍ਰਿਜੇਸ਼ ਮਿਸ਼ਰਾ (37) ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਸਨੂੰ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਦਰਜਨਾਂ ਫਰਜ਼ੀ ਸਵੀਕ੍ਰਿਤੀ ਪੱਤਰਾਂ ਨਾਲ ਜੋੜਿਆ ਗਿਆ ਸੀ, ਜੋ 2016 ਅਤੇ 2020 ਦੇ ਵਿਚਕਾਰ ਭਾਰਤ ਤੋਂ ਸੰਭਾਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਗਏ ਸਨ।

ਲਾਲ ਰੰਗ ਦਾ ਜੰਪਸੂਟ ਪਹਿਨੀ ਮਿਸ਼ਰਾ ਨੇ ਵੈਨਕੂਵਰ ਅਦਾਲਤ ਦੇ ਅੰਦਰ ਖੜ੍ਹੇ ਹੋ ਕੇ ਕੈਨੇਡੀਅਨ ਇਮੀਗ੍ਰੇਸ਼ਨ ਦੇ ਕਈ ਅਪਰਾਧਾਂ ਲਈ ਮੁਆਫੀ ਮੰਗੀ। ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਮਿਸ਼ਰਾ ਨੇ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਿਫਿਊਜੀ ਪ੍ਰੋਟੈਕਸ਼ਨ ਐਕਟ ਨਾਲ ਸਬੰਧਤ ਤਿੰਨ ਦੋਸ਼ਾਂ ਲਈ ਦੋਸ਼ੀ ਮੰਨਿਆ ਹੈ, ਜਿਸ ਵਿਚ ਗ਼ਲਤ ਬਿਆਨਬਾਜ਼ੀ ਅਤੇ ਗਲਤ ਜਾਣਕਾਰੀ ਦਾ ਸੰਚਾਰ ਕਰਨਾ ਸ਼ਾਮਲ ਹੈ। ਉਸਨੇ ਅਦਾਲਤ ਵਿਚ ਕਿਹਾ, "ਮੈਨੂੰ ਮੁਆਫ਼ ਕਰਨਾ। ਮੈਂ ਅਤੀਤ ਨੂੰ ਨਹੀਂ ਬਦਲ ਸਕਦਾ, ਪਰ ਮੈਂ ਇਹ ਯਕੀਨੀ ਬਣਾ ਸਕਦਾ ਹਾਂ ਕਿ ਮੈਂ ਭਵਿੱਖ ਵਿਚ ਇਸਨੂੰ ਦੁਬਾਰਾ ਨਾ ਕਰਾਂ।" ਇਥੇ ਦੱਸ ਦੇਈਏ ਕਿ ਮਿਸ਼ਰਾ ਨੂੰ ਜੂਨ 2023 'ਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਟੂਰਿਸਟ ਵੀਜ਼ੇ 'ਤੇ ਕੈਨੇਡਾ ਵਿਚ ਦਾਖਲ ਹੋਇਆ ਸੀ, ਜਿਸ ਦੀ ਮਿਆਦ ਉਸ ਦੀ ਗ੍ਰਿਫਤਾਰੀ ਦੇ ਸਮੇਂ ਖ਼ਤਮ ਹੋ ਚੁੱਕੀ ਸੀ।

ਕ੍ਰਾਊਨ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਤਿੰਨ ਸਾਲ ਦੀ ਕੈਦ ਦੀ ਮੰਗ ਕਰਦੇ ਹੋਏ ਇਕ ਸੰਯੁਕਤ ਸਜ਼ਾ ਦੀ ਬੇਨਤੀ ਜਾਰੀ ਕੀਤੀ ਸੀ, ਜਿਸ ਨੂੰ ਜੱਜ ਨੇ ਸਹਿਮਤੀ ਦਿੱਤੀ। 2023 ਦੀ ਗ੍ਰਿਫ਼ਤਾਰੀ ਤੋਂ ਬਾਅਦ ਮਿਸ਼ਰਾ ਦੇ ਹਿਰਾਸਤ ਵਿਚ ਬਿਤਾਏ ਗਏ ਸਮੇਂ ਨੂੰ ਸਰਵਿਸ ਮਿਆਦ ਦੇ ਰੂਪ ਵਿਚ ਗਿਣਿਆ ਜਾਂਦਾ ਹੈ, ਮਤਲਬ ਕਿ ਉਹ ਵਾਧੂ 19 ਮਹੀਨੇ ਦੀ ਸਜ਼ਾ ਕੱਟੇਗਾ। ਸੀ.ਬੀ.ਸੀ. ਨਿਊਜ਼ ਨੇ ਮਿਸ਼ਰਾ ਦੇ ਬਚਾਅ ਪੱਖ ਦੇ ਵਕੀਲ ਗਗਨ ਨਾਹਲ ਦੇ ਹਵਾਲੇ ਨਾਲ ਕਿਹਾ, "ਸੀ.ਬੀ.ਐੱਸ.ਏ. ਦੀ ਜਾਂਚ ਦੌਰਾਨ 12 ਪੀੜਤ ਸਾਹਮਣੇ ਆਏ ਹਨ। ਕੈਨੇਡਾ ਵਿਚ ਆਪਣੀ ਸਜ਼ਾ ਭੁਗਤਣ ਤੋਂ ਬਾਅਦ ਮਿਸ਼ਰਾ ਨੂੰ ਭਾਰਤ ਭੇਜੇ ਜਾਣ ਦੀ ਉਮੀਦ ਹੈ, ਜਿੱਥੇ ਉਸ ਨੂੰ ਮਨੁੱਖੀ ਤਸਕਰੀ ਦੇ ਅਪਰਾਧ ਸਮੇਤ ਹੋਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਉਸ ਅਪਰਾਧ ਲਈ ਸਭ ਤੋਂ ਵੱਧ ਸਜ਼ਾ ਮੌਤ ਹੈ। ਅਦਾਲਤ ਵਿਚ ਕੋਈ ਵੀ ਪੀੜਤ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਨਹੀਂ ਸਨ। ਫੈਡਰਲ ਕਰਾਊਨ ਪ੍ਰੌਸੀਕਿਊਟਰ ਮੌਲੀ ਗ੍ਰੀਨ ਨੇ ਕੇਸ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਫਰਾਂਸ ਵੱਲੋਂ ਨਾਗਰਿਕਤਾ ਨਿਯਮਾਂ 'ਚ ਤਬਦੀਲੀ; 1.25 ਲੱਖ ਤੋਂ ਵੱਧ ਭਾਰਤੀ ਹੋਣਗੇ ਪ੍ਰਭਾਵਿਤ

**ਪੈਰਿਸ, (ਪੰਜਾਬ ਮੇਲ)**- ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨੇ ਪ੍ਰਵਾਸੀਆਂ ਲਈ ਨਾਗਰਿਕਤਾ ਕਾਨੂੰਨ ਵਿਚ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ। ਇਸ ਬਦਲਾਅ ਨਾਲ ਉੱਥੇ ਰਹਿ ਰਹੇ 1.25 ਲੱਖ ਤੋਂ ਵੱਧ ਭਾਰਤੀ ਪ੍ਰਵਾਸੀ ਪ੍ਰਭਾਵਿਤ ਹੋਣਗੇ। ਇਮੀਗ੍ਰੇਸ਼ਨ ਪਾਬੰਦੀਆਂ ਨੂੰ ਸਖਤ ਕਰਨ ਦੇ ਤਹਿਤ ਫਰਾਂਸ 'ਚ ਵਿਦੇਸ਼ੀ ਮਾਪਿਆਂ ਦੇ ਘਰ ਪੈਦਾ ਹੋਏ ਬੱਚਿਆਂ ਲਈ ਨਾਗਰਿਕਤਾ ਕਾਨੂੰਨ ਇਕ ਨਵੇਂ ਕਾਨੂੰਨ ਦੇ ਤਹਿਤ ਬਦਲਿਆ ਗਿਆ ਹੈ। ਇਸ ਕਾਨੂੰਨ ਦੇ ਤਹਿਤ ਹੁਣ ਉਨ੍ਹਾਂ ਨੂੰ ਸਿਰਫ ਜਨਮ ਦੇ ਆਧਾਰ



'ਤੇ ਹੀ ਨਾਗਰਿਕਤਾ ਨਹੀਂ ਮਿਲੇਗੀ। ਫਰਾਂਸ ਵਿਚ ਜਨਮ ਤੋਂ ਤੁਰੰਤ ਬਾਅਦ ਨਾਗਰਿਕਤਾ ਲੈਣ ਦੀ ਬਜਾਏ ਹੁਣ ਇਨ੍ਹਾਂ ਬੱਚਿਆਂ ਨੂੰ 16 ਤੋਂ 18 ਸਾਲ ਦੀ ਉਮਰ 'ਚ ਨਾਗਰਿਕਤਾ ਲਈ ਅਪਲਾਈ ਕਰਨਾ ਹੋਵੇਗਾ।

ਇਸ ਤੋਂ ਪਹਿਲਾਂ ਫਰਾਂਸ 'ਚ ਪੈਦਾ ਹੋਏ ਭਾਰਤੀ ਮਾਪਿਆਂ ਦੇ ਬੱਚੇ 11 ਸਾਲ ਦੀ ਉਮਰ ਵਿਚ ਨਾਗਰਿਕਤਾ ਲਈ ਅਰਜ਼ੀ ਦੇ ਸਕਦੇ ਸਨ, ਇਸ ਲਈ ਉਨ੍ਹਾਂ ਨੂੰ 5 ਸਾਲ ਤੱਕ ਫਰਾਂਸ 'ਚ ਰਹਿਣਾ ਜ਼ਰੂਰੀ ਸੀ। ਨਵੇਂ ਨਿਯਮਾਂ ਮੁਤਾਬਕ ਭਾਰਤੀ ਮਾਪਿਆਂ ਦੇ ਬੱਚੇ 16 ਤੋਂ 18 ਸਾਲ ਦੀ ਉਮਰ ਵਿਚ ਹੀ ਅਪਲਾਈ ਕਰ ਸਕਣਗੇ, ਜਿਸ ਕਾਰਨ ਉਨ੍ਹਾਂ ਨੂੰ ਨਾਗਰਿਕਤਾ ਮਿਲਣ ਵਿਚ ਦੇਰੀ ਹੋਵੇਗੀ। ਜੇਕਰ ਕੋਈ ਵਿਅਕਤੀ ਅਪਲਾਈ

# ਕੈਨੇਡਾ ਵੱਲੋਂ ਅਸਥਾਈ ਵੀਜ਼ਾ ਧਾਰਕਾਂ ਲਈ ਸੁਰੱਖਿਆ ਨਿਯਮਾਂ 'ਚ ਢਿੱਲ

■ ਸਟੱਡੀ ਪਰਮਿਟ ਸਮੇਤ ਅਸਥਾਈ ਨਿਵਾਸੀਆਂ ਵਜੋਂ ਦਾਖਲ ਹੋਣ ਵਾਲਿਆਂ ਲਈ ਪੁਲਿਸ ਕਲੀਅਰੈਂਸ ਸਰਟੀਫਿਕੇਟ ਦੀ ਲੋੜ ਨਹੀਂ

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ ਸਰਕਾਰ ਦਾ ਇਕ ਫ਼ੈਸਲਾ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਲਈ ਮਦਦਗਾਰ ਹੋ ਸਕਦਾ ਹੈ। ਕੈਨੇਡਾ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਸਟੱਡੀ ਪਰਮਿਟ ਸਮੇਤ ਅਸਥਾਈ ਨਿਵਾਸੀਆਂ ਵਜੋਂ ਦੇਸ਼ ਵਿਚ ਦਾਖਲ ਹੋਣ ਵਾਲਿਆਂ ਲਈ ਪੁਲਿਸ ਕਲੀਅਰੈਂਸ ਸਰਟੀਫਿਕੇਟ ਦੀ ਲੋੜ ਨਹੀਂ ਹੈ। ਸੋਮਵਾਰ ਨੂੰ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ 'ਤੇ ਹਾਊਸ ਆਫ ਕਾਮਨਜ਼ ਦੀ ਸਥਾਈ ਕਮੇਟੀ ਦੀ ਮੀਟਿੰਗ ਦੌਰਾਨ ਭਾਰਤੀ-ਕੈਨੇਡੀਅਨ ਸੰਸਦ ਮੈਂਬਰ ਅਰਪਨ ਖੰਨਾ ਦੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਕਿਹਾ, "ਮੈਂ ਕਦੇ ਨਹੀਂ ਕਿਹਾ ਕਿ ਅਸਥਾਈ ਨਿਵਾਸੀਆਂ ਲਈ ਅਜਿਹੇ ਸਰਟੀਫਿਕੇਟ ਜ਼ਰੂਰੀ ਹਨ।"

ਮਿਲਰ ਨੇ ਇਹ ਵੀ ਕਿਹਾ ਕਿ ਸਰਕਾਰ 'ਤਸਦੀਕ' ਕਰਦੀ ਹੈ, ਜਿਸਦੀ ਉਸਨੇ ਵਿਆਖਿਆ ਕੀਤੀ ਬਾਇਓਮੈਟ੍ਰਿਕਸ ਹੈ, ਅਸਲ ਵਿਚ ਫਿੰਗਰਪ੍ਰਿੰਟਸ ਜੋ ਪਾਰਟਨਰ ਅਤੇ ਪੁਲਿਸ ਡਾਟਾਬੇਸ ਦੁਆਰਾ ਚਲਾਏ ਜਾਂਦੇ ਹਨ। ਮੂਲ ਦੇਸ਼ ਤੋਂ ਪੁਲਿਸ ਸਰਟੀਫਿਕੇਟਾਂ ਬਾਰੇ ਮਿਲਰ ਨੇ ਕਿਹਾ, "ਸਾਨੂੰ ਨਿਯਮਿਤ ਤੌਰ 'ਤੇ ਅਸਥਾਈ ਨਿਵਾਸੀਆਂ ਲਈ ਉਨ੍ਹਾਂ ਦੀ ਲੋੜ ਨਹੀਂ ਹੈ।" ਉਸਨੇ ਬਾਅਦ ਵਿਚ ਕਿਹਾ, "ਇਸਦੀ ਲੋੜ ਹੋ ਸਕਦੀ ਹੈ ਜੇਕਰ ਕੋਈ ਅਧਿਕਾਰੀ ਇਕ ਵਿਆਪਕ ਸੁਰੱਖਿਆ ਜਾਂਚ ਦੇ ਹਿੱਸੇ ਵਜੋਂ ਅਜਿਹਾ ਕਰਨ ਦਾ ਫ਼ੈਸਲਾ ਕਰਦਾ ਹੈ।" ਮਿਲਰ ਨੇ ਅਜਿਹੇ ਟੈਸਟਾਂ ਦੀ ਪ੍ਰਭਾਵਸ਼ੀਲਤਾ ਨੂੰ ਵੀ ਖਾਰਜ ਕਰਦੇ ਹੋਏ ਕਿਹਾ, "ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਹ ਪ੍ਰਮਾਣੀਕਰਣ ਕਿੰਨੇ ਭਰੋਸੇਮੰਦ ਹੋਣਗੇ।"

ਅਸਲ ਵਿਚ ਸਰਕਾਰ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਅਸਥਾਈ ਨਿਵਾਸੀਆਂ ਦੇ ਦਾਖਲੇ 'ਤੇ ਸੁਰੱਖਿਆ ਜਾਂਚਾਂ ਨੂੰ ਲੈ ਕੇ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਤੌਰ 'ਤੇ ਇਹ ਸਾਹਮਣੇ ਆਉਣ ਤੋਂ ਬਾਅਦ ਕਿ ਖਾਲਿਸਤਾਨ ਪੱਖੀ ਸ਼ਖਸੀਅਤ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਗਏ ਚਾਰ ਵਿਅਕਤੀਆਂ ਵਿਚੋਂ ਘੱਟੋ-ਘੱਟ ਦੋ ਉਸ ਸ਼੍ਰੇਣੀ ਵਿਚ ਕੈਨੇਡਾ ਆਏ ਸਨ। ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ ਅਤੇ ਇਸ ਮਾਮਲੇ ਵਿਚ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਤਲ ਵਿਚ ਕਥਿਤ ਸ਼ਮੂਲੀਅਤ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ 'ਚੋਂ ਦੋ ਕਰਨ ਬਰਾੜ ਅਤੇ ਕਰਮਦੀਪ ਸਿੰਘ ਦੇ ਕੈਨੇਡਾ 'ਚ



# ਪੰਜਾਬੀਆਂ ਨੇ ਮੂੰਹ ਨਹੀਂ ਲਾਏ ਦਲ ਬਦਲੂ

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਹਰ ਵਾਰ ਦੀ ਤਰ੍ਹਾਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਪੰਜਾਬੀਆਂ ਨੇ ਹੈਰਾਨੀਜਨਕ ਨਤੀਜੇ ਦਿੱਤੇ ਹਨ। ਇਸ ਵਾਰ ਚੋਣਾਂ ਤੋਂ ਐਨ ਪਹਿਲਾਂ ਤੱਕ ਜਿਸ ਤਰ੍ਹਾਂ ਵੱਡੇ-ਵੱਡੇ ਨੇਤਾਵਾਂ ਵੱਲੋਂ ਟਿਕਟਾਂ ਦੇ ਲਾਲਚਵੱਸ ਆਪਣੀ ਪਾਰਟੀ ਛੱਡ ਕੇ ਦੂਜੀਆਂ ਪਾਰਟੀਆਂ ਵਿਚ ਸ਼ਮੂਲੀਅਤ ਕੀਤੀ ਗਈ, ਜਿਸ ਤੋਂ ਸਪੱਸ਼ਟ ਤੌਰ 'ਤੇ ਲੱਗਦਾ ਸੀ ਕਿ ਇਹ ਉਮੀਦਵਾਰ ਯਕੀਨੀ ਤੌਰ 'ਤੇ ਜਿੱਤ ਪ੍ਰਾਪਤ ਕਰਨਗੇ ਪਰ ਇਨ੍ਹਾਂ ਦਲਬਦਲੂ ਉਮੀਦਵਾਰਾਂ ਦੀ ਸੋਚ ਦੇ ਉਲਟ ਪੰਜਾਬ ਦੇ ਵੋਟਰਾਂ ਨੇ ਉਨ੍ਹਾਂ ਨੂੰ ਮੂੰਹ ਨਾ ਲਗਾਉਂਦਿਆਂ ਹਾਰ ਦਾ ਮੂੰਹ ਵਿਖਾ ਦਿੱਤਾ ਹੈ। ਇਨ੍ਹਾਂ ਹਾਰਨ ਵਾਲੇ ਉਮੀਦਵਾਰਾਂ ਵਿਚੋਂ ਮੁੱਖ ਤੌਰ 'ਤੇ ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕਾ ਤੋਂ ਗੁਰਪ੍ਰੀਤ ਸਿੰਘ ਜੀਪੀ ਜੋ ਕਿ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਕਾਂਗਰਸ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਸਨ। ਇਸੇ ਤਰ੍ਹਾਂ ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ ਜਿਹੜੇ ਕਾਂਗਰਸ ਪਾਰਟੀ ਛੱਡ ਕੇ ਪਹਿਲਾਂ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਤੇ ਹੁਣ ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ ਨੂੰ ਟਿਕਟ ਮਿਲਣ ਦੇ ਬਾਵਜੂਦ ਉਹ ਭਾਜਪਾ 'ਚ ਸ਼ਾਮਿਲ ਹੋਏ ਸਨ ਅਤੇ ਜਲੰਧਰ ਤੋਂ ਹੀ ਪਵਨ ਕੁਮਾਰ ਟੀਨੂ ਵੀ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਜੋਂ ਚੋਣ ਲੜੇ ਸਨ, ਇਨ੍ਹਾਂ ਦੋਵਾਂ ਨੂੰ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਭ ਤੋਂ ਵੱਡੀ ਲੀਡ ਨਾਲ ਮਾਤ ਦਿੱਤੀ ਹੈ।

ਆਪਣੇ ਵਿਵਾਦਿਤ ਬਿਆਨਾਂ ਕਾਰਨ ਅਕਸਰ ਸੁਰਖੀਆਂ 'ਚ ਰਹਿਣ ਵਾਲੇ ਸਾਬਕਾ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਵੀ ਕੁਝ ਸਮਾਂ ਪਹਿਲਾਂ ਹੀ ਕਾਂਗਰਸ ਪਾਰਟੀ ਛੱਡ ਭਾਜਪਾ 'ਚ ਸ਼ਾਮਿਲ ਹੋਏ ਸਨ ਤੇ ਉਹ ਵੀ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਚੋਣ ਹਾਰ ਗਏ। ਇਸੇ ਤਰ੍ਹਾਂ ਪਟਿਆਲਾ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਮਹਾਰਾਣੀ ਪਰਨੀਤ ਕੌਰ ਹੋਰਾਂ ਨੇ ਵੀ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਭਾਜਪਾ 'ਚ ਸ਼ਮੂਲੀਅਤ ਕੀਤੀ ਸੀ, ਜਿਨ੍ਹਾਂ ਨੂੰ ਕਾਂਗਰਸ ਦੇ ਡਾ. ਧਰਮਵੀਰ ਗਾਂਧੀ ਨੇ ਲਗਾਤਾਰ ਦੂਜੀ ਵਾਰ ਹਰਾਇਆ ਹੈ। ਉਕਤ ਉਮੀਦਵਾਰਾਂ ਨੂੰ ਹਾਰ ਦਾ ਫਤਵਾ ਦੇ ਕੇ ਇੱਕ ਤਰ੍ਹਾਂ ਨਾਲ ਪੰਜਾਬੀਆਂ ਨੇ ਸਬਕ ਸਿਖਾਇਆ ਹੈ।

ਹੁਣ ਪੰਜਾਬੀ ਪਹਿਲਾਂ ਵਾਂਗ ਨੇਤਾਵਾਂ ਦੀਆਂ ਗੱਲਾਂ ਜਾਂ ਉਨ੍ਹਾਂ ਵੱਲੋਂ ਕੀਤੇ ਝੂਠੇ ਵਾਅਦਿਆਂ ਵਿਚ ਨਹੀਂ ਆਉਂਦੇ। ਇਸ ਤੋਂ ਇਲਾਵਾ ਦਿੱਲੀ ਦੀਆਂ ਬਰੂਹਾਂ 'ਤੇ ਲਗਾਏ ਕਿਸਾਨ ਅੰਦੋਲਨ ਉਪਰੰਤ ਲੋਕ ਖਾਸ ਕਰਕੇ ਪੰਜਾਬੀ ਆਪਣੇ ਨੇਤਾਵਾਂ ਨੂੰ ਮੂੰਹ 'ਤੇ ਹੀ ਸਵਾਲ ਕਰਨ ਲੱਗੇ ਹਨ, ਜਿਨ੍ਹਾਂ ਦੇ ਜਵਾਬ ਦੇਣੇ ਹਰ ਨੇਤਾ ਦੇ ਵੱਸ ਦੀ ਗੱਲ ਨਹੀਂ ਹੁੰਦੀ।

ਇਨ੍ਹਾਂ ਚੋਣਾਂ ਵਿਚ ਕਈ ਹੋਰ ਗੱਲਾਂ ਵੀ ਸਾਹਮਣੇ ਆਈਆਂ ਹਨ। ਸਰਕਾਰਾਂ ਜਿਨ੍ਹਾਂ ਨੂੰ ਬਾਗੀ ਸਮਝ ਕੇ ਜੇਲ੍ਹਾਂ ਵਿਚ ਸੁੱਟ ਦਿੰਦੀਆਂ ਹਨ, ਪੰਜਾਬ ਦੇ ਵੋਟਰ ਉਨ੍ਹਾਂ ਦੀ ਝੋਲੀ 'ਚ ਵੱਡੀ ਜਿੱਤ ਪਾ ਕੇ ਉਨ੍ਹਾਂ ਨੂੰ ਆਪਣੇ ਸਿਰ ਮੱਥੇ ਬਿਠਾ ਲੈਂਦੇ ਹਨ। ਵਕਤ ਦੀ ਕਰਵਟ ਦੇਖੋ, ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਉੱਤੇ ਐੱਨ.ਐੱਸ.ਏ. ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਉਨ੍ਹਾਂ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ ਤੇ ਪੰਜਾਬੀਆਂ ਨੇ ਉਸੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿਚੋਂ ਸਭ ਤੋਂ ਵੱਧ ਗਿਣਤੀ ਦੇ ਫਰਕ ਨਾਲ ਜਿਤਾ ਕੇ ਮੈਂਬਰ



ਪਾਰਲੀਮੈਂਟ ਬਣਾ ਦਿੱਤਾ ਹੈ। ਇਸੇ ਤਰ੍ਹਾਂ ਆਪਰੇਸ਼ਨ ਬਲਿਊ ਸਟਾਰ ਦਾ ਬਦਲਾ ਲੈਣ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਖਾਲਸਾ ਨੂੰ ਵੀ ਫਰੀਦਕੋਟ ਹਲਕੇ ਤੋਂ ਪੰਜਾਬੀਆਂ ਨੇ ਐੱਮ.ਪੀ. ਬਣਾ ਦਿੱਤਾ ਹੈ। ਇਹ ਦੋਵੇਂ ਉਮੀਦਵਾਰ ਬਿਨਾਂ ਕਿਸੇ ਪਾਰਟੀ ਦੀ ਟਿਕਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਹਨ।

2024 ਦੀਆਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ, ਸੁੱਖਪਾਲ ਸਿੰਘ ਖਹਿਰਾ, ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ, ਰਵਨੀਤ ਸਿੰਘ ਬਿੱਟੂ, ਹੰਸ ਰਾਜ ਹੰਸ ਵਰਗੇ ਕਈ ਦਿੱਗਜ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਨ੍ਹਾਂ ਵਿਚੋਂ ਰਵਨੀਤ ਬਿੱਟੂ ਤੇ ਹੰਸ ਰਾਜ ਹੰਸ ਦੀ ਹਾਰ ਦਾ ਇੱਕ ਕਾਰਨ ਦੇਸ਼ ਦੇ ਅੰਨਦਾਤੇ ਪ੍ਰਤੀ ਧਮਕੀਆਂ ਭਰੇ ਬਿਆਨ ਵੀ ਹੋ ਸਕਦੇ ਹਨ।

ਆਮ ਆਦਮੀ ਪਾਰਟੀ ਵੱਲੋਂ ਪੰਜ ਸੀਟਾਂ 'ਤੇ ਆਪਣੇ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ, ਜਿਨ੍ਹਾਂ ਵਿਚੋਂ ਸਿਰਫ ਇੱਕ ਉਮੀਦਵਾਰ ਹੀ ਜਿੱਤ ਪ੍ਰਾਪਤ ਕਰ ਸਕਿਆ ਹੈ। ਪੰਜਾਬ ਸਰਕਾਰ ਦੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸੰਗਰੂਰ ਵਿਚ ਸਿਮਰਨਜੀਤ ਸਿੰਘ ਮਾਨ ਤੇ ਸੁਖਪਾਲ ਸਿੰਘ ਖਹਿਰਾ ਨੂੰ ਹਰਾ ਕੇ ਵੱਡੀ ਜਿੱਤ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਤੋਂ ਚੋਣ ਲੜ ਰਹੇ ਐੱਨ.ਆਰ.ਆਈ. ਅਫੇਅਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਪਟਿਆਲਾ ਤੋਂ ਚੋਣ ਲੜ ਰਹੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਬਠਿੰਡਾ ਤੋਂ ਚੋਣ ਲੜ ਰਹੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਰੂਰਲ ਡਿਵੈਲਪਮੈਂਟ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਚੋਣ ਹਾਰ ਗਏ ਹਨ। ਚਾਰ ਮੰਤਰੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਲੁਧਿਆਣੇ ਤੋਂ ਪੱਪੀ ਪ੍ਰਾਸ਼ਰ, ਗੁਰਦਾਸਪੁਰ ਤੋਂ ਸ਼ੈਰੀ ਕਲਸੀ ਅਤੇ ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਹੈ। 13-0 ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ ਹੀ ਮਿਲੀਆਂ ਹਨ ਜਦਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਖਾਤਾ ਖੋਲ੍ਹਣ ਵਿਚ ਵੀ ਨਾਕਾਮਯਾਬ ਰਹੀ ਹੈ ਪਰ ਭਾਜਪਾ ਦਾ ਵੋਟ ਬੈਂਕ ਜ਼ਰੂਰ ਵਧਿਆ ਹੈ।

ਨਿਰਸੰਦੇਹ ਪਿਛਲੇ 25 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਛੋਟੇ ਭਰਾ ਵਜੋਂ ਭਾਈਵਾਲੀ ਨਿਭਾਉਣ ਵਾਲੀ ਭਾਜਪਾ ਦਾ ਭਵਿੱਖ ਵਿਚ ਜੇਕਰ ਸ਼੍ਰੋਮਣੀ ਅਕਾਲੀ ਦਲ ਨਾਲ ਦੁਬਾਰਾ ਗੱਠਜੋੜ ਹੁੰਦਾ ਹੈ, ਤਾਂ ਭਾਜਪਾ ਵੱਡੇ ਭਰਾ ਵਜੋਂ ਭਾਈਵਾਲੀ ਨਿਭਾਉਣ ਦੇ ਸਮਰੱਥ ਹੋਵੇਗੀ, ਕਿਉਂਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿਚ ਜ਼ਿਆਦਾਤਰ ਸੀਟਾਂ 'ਤੇ ਭਾਰਤੀ ਜਨਤਾ ਪਾਰਟੀ ਤੀਜੇ ਨੰਬਰ ਉੱਤੇ ਜਦਕਿ ਸ਼੍ਰੋਮਣੀ ਅਕਾਲੀ ਦਲ ਚੌਥੇ ਨੰਬਰ ਉੱਤੇ ਰਿਹਾ ਹੈ।

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪੰਥਕ ਪਾਰਟੀ ਅਖਵਾਉਣ ਵਾਲੀ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿਰਫ ਇੱਕ ਸੀਟ 'ਤੇ ਸਿਮਟ ਕੇ ਰਹਿ ਗਈ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਸਿਰਫ ਤਿੰਨ ਸੀਟਾਂ ਆਈਆਂ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਤੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣੀਆਂ, ਬਰਗਾੜੀ ਕਾਂਡ, ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਬਿਨਾਂ ਮੰਗੇ ਮਾਫੀ ਦੇਣੀ ਸ਼੍ਰੋਮਣੀ ਅਕਾਲੀ ਦਲ ਦੇ ਪਤਨ ਦੇ ਮੁੱਖ ਕਾਰਨ ਮੰਨੇ ਜਾ ਸਕਦੇ ਹਨ। ਵਾਰ-ਵਾਰ ਮਿਲ ਰਹੀਆਂ ਹਾਰਾਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਸਬਕ ਸਿੱਖਣ ਦੀ ਲੋੜ ਹੈ।

# ਭਾਰਤ 'ਚ ਵਧ ਰਹੇ ਸੜਕ ਹਾਦਸਿਆਂ ਰੋਕਣਾ ਜ਼ਰੂਰੀ ਕਿਉਂ?

ਪ੍ਰਮੋਦ ਧੀਰ
ਜੈਤੋ ਮੰਡੀ
ਕੰਪਿਊਟਰ ਅਧਿਆਪਕ,
ਸਰਕਾਰੀ ਹਾਈ ਸਕੂਲ, ਢੈਪਈ (ਫ਼ਰੀਦਕੋਟ)
ਫੋਨ: 98550-31081
ਪੰਜਾਬ ਮੇਲ USA



ਸੰਸਾਰ ਭਰ ਵਿਚ ਵਹੀਕਲ ਦਿਨੋਂ-ਦਿਨ ਵਧਦੇ ਜਾ ਰਹੇ ਹਨ, ਜੋ ਕਿ ਹਰ ਇੱਕ ਇਨਸਾਨ ਦੀ ਜ਼ਰੂਰਤ ਬਣ ਚੁੱਕੇ ਹਨ। ਵਹੀਕਲ ਵਧਣ ਕਾਰਨ ਟ੍ਰੈਫਿਕ ਵੀ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਸਿੱਟੇ ਵਜੋਂ ਸੜਕ ਹਾਦਸਿਆਂ ਦੇ ਗਰਾਫ ਵਿਚ ਵੀ ਅਥਾਹ ਵਾਧਾ ਹੋਇਆ ਹੈ। ਪੂਰੀ ਦੁਨੀਆਂ ਵਿਚ ਲਗਭਗ 12.5 ਲੱਖ ਦੇ ਕਰੀਬ ਲੋਕ ਹਰ ਸਾਲ ਸੜਕ ਦੁਰਘਟਨਾਵਾਂ ਵਿਚ ਆਪਣੀਆਂ ਜਾਨਾਂ ਗਵਾ ਲੈਂਦੇ ਹਨ। ਜੇਕਰ ਗੱਲ ਭਾਰਤ ਦੀ ਕਰੀਏ, ਤਾਂ ਦੁਨੀਆਂ ਦੀਆਂ ਸਭ ਤੋਂ ਵੱਧ ਸੜਕ ਦੁਰਘਟਨਾਵਾਂ ਭਾਰਤ ਵਿਚ ਹੁੰਦੀਆਂ ਹਨ। ਭਾਰਤ ਵਿਚ ਹਰ ਸਾਲ ਲਗਭਗ 5 ਲੱਖ ਦੇ ਕਰੀਬ ਸੜਕ ਦੁਰਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿਚ 2 ਲੱਖ ਲੋਕ ਹਰ ਸਾਲ ਸੜਕਾਂ ਉਤੇ ਮਰਦੇ, 4.5 ਲੱਖ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਲੰਮਾ ਸਮਾਂ ਅਪਾਹਜਾਂ ਵਰਗੀ ਜ਼ਿੰਦਗੀ ਬਤੀਤ ਕਰਦੇ ਅਤੇ ਕਰੀਬ 3 ਲੱਖ ਵਹੀਕਲ ਚਾਲਕਾਂ ਨੂੰ ਜੇਲ੍ਹ ਅਤੇ 10 ਲੱਖ ਚਾਲਕਾਂ ਨੂੰ ਜੁਰਮਾਨਾ ਹੁੰਦਾ ਹੈ। ਸਾਡੇ ਦੇਸ਼ ਵਿਚ ਲਗਭਗ ਹਰ 3.5 ਤੋਂ 4 ਮਿੰਟ ਦੀ ਦਰ ਨਾਲ ਇੱਕ ਵਿਅਕਤੀ ਸੜਕ ਉਪਰ ਆਪਣੀ ਜਾਨ ਗੁਵਾ ਲੈਂਦਾ ਹੈ। ਸਾਲ 2015 ਵਿਚ ਸੜਕ ਦੁਰਘਟਨਾਵਾਂ ਦੀ ਕੁੱਲ ਗਿਣਤੀ 501423 ਸੀ, ਜਿਨਾਂ ਵਿਚੋਂ ਮਰਨ ਵਾਲਿਆਂ ਦੀ ਸੰਖਿਆ ਸੜਕੀ ਰਾਜ ਮੰਤਰਾਲੇ ਨਵੀਂ ਦਿੱਲੀ ਦੁਆਰਾ 146135 ਦੇ ਕਰੀਬ ਸੀ, ਜਿਸ ਦਾ ਸਿੱਧਾ ਮਤਲਬ 400 ਵਿਅਕਤੀ ਪ੍ਰਤੀ ਦਿਨ ਦੀ ਮੌਤ ਅਤੇ 1400 ਹਾਦਸੇ ਪ੍ਰਤੀ ਦਿਨ ਹੋਏ। ਇਸ ਤੋਂ ਇਲਾਵਾ 17666 ਉੱਤਰ ਪ੍ਰਦੇਸ਼, 15642 ਤਾਮਿਲਨਾਡੂ, 13212 ਮਹਾਂਰਾਸ਼ਟਰਾ, 10856 ਕਰਨਾਟਕਾ, 10510 ਰਾਜਸਥਾਨ, 9314 ਮੱਧ ਪ੍ਰਦੇਸ਼, 8297 ਆਂਧਰਾ ਪ੍ਰਦੇਸ਼, 8119 ਗੁਜਰਾਤ, 7110 ਤੇਲੰਗਾਨਾ, 6234 ਪੱਛਮੀ ਬੰਗਾਲ, 5421 ਬਿਹਾਰ, 4893 ਪੰਜਾਬ, 4879 ਹਰਿਆਣਾ ਆਦਿ ਦੇ ਕਰੀਬ ਸੜਕ ਦੁਰਘਟਨਾ ਵਿਚ ਹੋਈਆਂ ਮੌਤਾਂ ਦੀ ਗਿਣਤੀ ਹੈ। ਅੰਤਰਰਾਸ਼ਟਰੀ ਪੱਧਰ 'ਤੇ 2016 ਤੋਂ 2018 ਤੱਕ ਸੜਕੀ ਹਾਦਸਿਆਂ 'ਤੇ ਝਾਤ ਮਾਰਦੇ ਹਾਂ। ਸਾਲ 2018 ਦੌਰਾਨ ਭਾਰਤ ਵਿਚ 299000, ਇਟਲੀ ਵਿਚ 3300, ਅਮਰੀਕਾ ਵਿਚ 40000, ਚੀਨ ਵਿਚ 25600, ਜਰਮਨੀ ਵਿਚ 3327, ਮਲੇਸ਼ੀਆ ਵਿਚ 7300, ਇਜ਼ਰਾਈਲ ਵਿਚ 345, ਇੰਗਲੈਂਡ ਵਿਚ 2000, ਸਪੇਨ ਵਿਚ 1922, ਰੂਸ ਵਿਚ 25900 ਲੋਕਾਂ ਨੇ ਸੜਕੀ ਹਾਦਸਿਆਂ ਵਿਚ ਆਪਣੀਆਂ ਕੀਮਤੀ ਜਾਨਾਂ ਗੁਆਈਆਂ। ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਮੁਲਕ ਵਿਚ ਸਭ ਤੋਂ ਵੱਧ ਸੜਕ ਹਾਦਸਿਆਂ ਵਿਚ ਜਾਨਾਂ ਗਈਆਂ ਹਨ ਕਿਉਂਕਿ ਸਾਡੇ ਮੁਲਕ ਵਿਚ ਸੜਕ ਸੁਰੱਖਿਆ ਨਿਯਮਾਂ ਨੂੰ ਤੋੜਨ ਸਮੇਂ



ਅਸੀਂ ਭੁੱਲ ਜਾਂਦੇ ਹਾਂ ਕਿ ਇਸ ਅਣਗਹਿਲੀ ਨਾਲ ਸਾਡੀ ਜਾਣ ਵੀ ਜਾ ਸਕਦੀ ਹੈ।

ਦੁਰਘਟਨਾਵਾਂ ਲਈ ਕੁਝ ਹੱਦ ਤੱਕ ਵਿਦਿਆਰਥੀਆਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜੋ ਕਿ ਆਪਣੇ 18 ਸਾਲ ਤੋਂ ਛੋਟੀ ਉਮਰ ਦੇ ਅਤੇ ਅਣਸਿੱਖਿਅਕ ਬੱਚਿਆਂ ਨੂੰ ਵਹੀਕਲ ਖਰੀਦ ਕੇ ਦਿੰਦੇ ਹਨ ਤੇ ਚਲਾਉਣ ਦੀ ਆਗਿਆ ਦਿੰਦੇ ਹਨ, ਜੋ ਬੜੀ ਲਾਪ੍ਰਵਾਹੀ ਨਾਲ ਵਹੀਕਲ ਚਲਾਉਂਦੇ ਹਨ ਤੇ ਦੁਰਘਟਨਾਵਾਂ ਦਾ ਸ਼ਿਕਾਰ ਬਣਦੇ ਹਨ। ਦੇਸ਼ ਅੰਦਰ ਵਧ ਰਹੇ ਹਾਦਸਿਆਂ ਦਾ ਮੁੱਖ ਕਾਰਨ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਨਬਾਲਗ ਵਹੀਕਲ ਚਾਲਕ, ਕਈ ਆਮ ਲੋਕਾਂ, ਪੈਦਲ ਚਲਦੇ ਲੋਕਾਂ, ਰਿਕਸ਼ਾ, ਰੇਹੜੀ, ਟਰੈਕਟਰ ਟਰਾਲੀ, ਆਟੋਜ਼, ਮੋਟਰ ਸਾਈਕਲਾਂ, ਲੇਡੀਜ਼ ਸਕੂਟਰੀਆਂ ਆਦਿ ਦੇ ਚਾਲਕਾਂ ਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਹੀ ਨਹੀਂ ਹੁੰਦੀ। ਖਾਸ ਕਰਕੇ ਵੱਡੀਆਂ ਗੱਡੀਆਂ ਦੇ ਚਾਲਕ ਨਿਯਮਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ। ਇਸ ਤੋਂ ਇਲਾਵਾ ਸੜਕ ਦੁਰਘਟਨਾਵਾਂ ਦੇ ਹੋਰ ਮੁੱਖ ਕਾਰਨ ਹੇਠ ਲਿਖੇ ਹਨ:

**ਗੱਡੀ ਕਰਕੇ ਹੋਣ ਵਾਲੀਆਂ ਦੁਰਘਟਨਾਵਾਂ:** ਗੱਡੀ ਦੇ ਡਿਜ਼ਾਇਨ ਵਿਚ ਕਮੀਆਂ, ਬ੍ਰੇਕ ਫੇਲ ਹੋਣਾ, ਸਟੇਰਿੰਗ ਫੇਲ ਹੋਣਾ, ਟਾਇਰ ਫੱਟ ਜਾਣਾ, ਰੇਸ ਪੈਡਲ ਦਾ ਜਾਮ ਹੋ ਜਾਣਾ, ਗੱਡੀ ਸਲਿੱਪ ਹੋ ਜਾਣਾ, ਵ੍ਹੀਲ ਅਲਾਈਨ ਮੈਂਟ ਦਾ ਸਹੀ ਨਾ ਹੋਣਾ, ਸੜਕ ਟੁੱਟੀ ਹੋਣਾ, ਆਵਾਰਾ ਜਾਨਵਰ ਦਾ ਸੜਕ ਉਪਰ ਆ ਜਾਣਾ, ਬਿਨਾਂ ਸੂਚਨਾ 'ਤੇ ਚਿੰਨ੍ਹਾਂ ਦੇ ਸੜਕਾਂ, ਤੰਗ ਸੜਕਾਂ, ਲਾਲ ਬੱਤੀ ਦੀ ਉਲੰਘਣਾ ਕਰਨਾ ਆਦਿ।

**ਡਰਾਇਵਰਾਂ ਪ੍ਰਤੀ:** ਜਾਣਕਾਰੀ ਜਾਂ ਟ੍ਰੇਨਿੰਗ ਦੀ ਘਾਟ, ਨਸ਼ਾ ਕਰਕੇ ਗੱਡੀ ਚਲਾਉਣਾ, ਓਵਰ ਸਪੀਡ, ਧਿਆਨ ਭੜਕਣਾ, ਗਲਤ ਦਿਸ਼ਾ ਵਿਚ ਗੱਡੀ ਚਲਾਉਣਾ, ਮਾਨਸਿਕ ਜਾਂ ਸਰੀਰਕ ਥਕਾਵਟ, ਮੋਬਾਇਲ ਫੋਨ ਦੀ ਵਰਤੋਂ, ਓਵਰਲੋਡ, ਗਲਤ ਥਾਂ 'ਤੇ ਪਾਰਕ ਕਰਨਾ, ਪ੍ਰੈਸ਼ਰ ਹਾਰਨ ਦੀ ਵਰਤੋਂ ਹਾਈ ਬੀਮ ਆਦਿ। ਇਨ੍ਹਾਂ ਅਣਗਹਿਲੀਆਂ ਤੋਂ ਬਚਣਾ ਬਹੁਤ ਜ਼ਰੂਰੀ ਹੈ।

**ਖਰਾਬ ਮੌਸਮ:** ਧੁੰਦ, ਮੀਂਹ, ਬਰਫ, ਹਨੇਰੀ, ਪਰਾਲੀ ਦਾ ਧੂੰਆਂ ਆਦਿ ਵੀ ਦੁਰਘਟਨਾ ਦੇ ਮੁੱਖ ਕਾਰਨ ਹਨ।

**ਸੀਟ ਬੈਲਟ ਜਾਂ ਹੈਲਮੈਂਟ ਦੀ ਵਰਤੋਂ ਨਾ ਕਰਨਾ:** ਆਮ ਤੌਰ 'ਤੇ ਚਾਰ ਪਈਏ ਵਾਹਨ ਵਿਚ ਸੀਟ ਬੈਲਟ ਦੀ ਵਰਤੋਂ ਨਹੀਂ ਕੀਤੀ ਜਾਂਦੀ, ਜਿਸ ਕਾਰਨ ਚਾਲਕ ਦੇ ਜ਼ਖਮੀ ਹੋਣ ਜਾਂ ਮਰਨ ਦੀ ਸੰਭਾਵਨਾ ਵੱਧ ਜਾਂਦੀ ਹੈ, ਇਸ ਕਰਕੇ ਸਾਨੂੰ ਸੀਟ ਬੈਲਟ ਦੀ ਵਰਤੋਂ ਕਰਨੀ ਚਾਹੀਦੀ ਹੈ। ਦੋਪਹੀਏ ਵਾਹਣ ਚਲਾਉਂਦੇ ਸਮੇਂ ਹੈਲਮੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਰਤ ਵਿਚ ਹਰ ਸਾਲ ਸੜਕ ਦੁਰਘਟਨਾ ਵਿਚ ਹੋਈਆਂ ਕੁੱਲ ਮੌਤਾਂ ਦਾ ਲਗਭਗ 26% ਹਿੱਸਾ ਦੋਪਹੀਆ ਵਾਹਣ ਚਾਲਕਾਂ ਦਾ ਹੁੰਦਾ ਹੈ। ਜਿਨ੍ਹਾਂ ਵਿਚੋਂ 70% ਮੌਤ ਦਾ ਕਾਰਨ ਹੈਲਮੇਟ ਨਾ ਪਾਉਣਾ ਹੈ। ਇਸ ਲਈ ਸਾਨੂੰ ਹੈਲਮੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਅਕਤੂਬਰ 2017 ਤੋਂ ਬਾਅਦ ਸਰਕਾਰ ਦੁਆਰਾ ਦੋ ਪਹੀਆ ਵਾਹਨ ਦੀ ਇੰਜਣ ਕਪੈਸਟੀ 125 ਸੀਸੀ ਜਾਂ ਉਸਤੋਂ ਵੱਧ ਹੈ ਤਾਂ ਉਨ੍ਹਾਂ ਵਿਚ ਏ.ਬੀ.ਐੱਸ. ਬਰੇਕ ਪ੍ਰਣਾਲੀ ਲਗਾਉਣ ਦਾ ਸੁਝਾਅ ਵੀ ਹੈ। ਦੋ ਪਹੀਆ ਚਲਾਉਂਦੇ ਸਮੇਂ ਪ੍ਰੋਪਰ ਫੁੱਟ ਰੈਸਟ ਲੱਗੇ ਹੋਣੇ ਚਾਹੀਦੇ ਹਨ। ਦੋਵੇਂ ਸਾਈਡਾਂ ਦੇ ਸੀਸ਼ੇ 'ਤੇ ਰਿਫਲੈਕਟਰ ਵੀ ਲੱਗਿਆ ਹੋਣਾ ਚਾਹੀਦਾ ਹੈ।

ਭਾਰਤੀ ਸੜਕਾਂ ਉਪਰ ਮਨੁੱਖ ਦੀ ਕੀ ਦੁਰਦਸ਼ਾ ਹੈ, ਇਸ ਦਾ ਅੰਦਾਜ਼ਾ ਰੋਜ਼ਮਰਾ ਦੀਆਂ ਅਖਬਾਰਾਂ ਵਿਚ ਛਪੀਆਂ ਖਬਰਾਂ ਤੋਂ ਲਗਾਇਆ ਜਾ ਸਕਦਾ ਹੈ। ਪਿਛਲੇ ਸਾਲ ਧੁੰਦ ਕਾਰਣ ਹੋਏ ਦਰਦਨਾਕ ਹਾਦਸਿਆਂ 'ਚ ਕਈ ਕੀਮਤੀ ਜਾਨਾਂ ਚਲੀਆਂ ਗਈਆਂ। ਅਸੀਂ ਆਪਣੇ ਬਹੁਤ ਪਿਆਰੇ ਪਰਿਵਾਰਕ ਮੈਂਬਰ, ਨੇਤਾ, ਅਭਿਨੇਤਾ, ਗਾਇਕ, ਖਿਡਾਰੀ, ਅਧਿਕਾਰੀ ਆਦਿ ਨੂੰ ਸੜਕਾਂ ਉਪਰ ਦੁਰਘਟਨਾਵਾਂ ਵਿਚ ਗੁਵਾ ਚੁੱਕੇ ਹਾਂ।

ਭਾਰਤ ਵਿਚ ਰਾਸ਼ਟਰੀ ਮਾਰਗ ਕੁੱਲ ਮਾਰਗ ਦਾ 2% ਹੀ ਹਨ ਪਰ 40% ਆਵਾਜਾਈ ਇਨ੍ਹਾਂ ਰਾਸ਼ਟਰੀ ਮਾਰਗਾਂ ਉੱਪਰ ਹੀ ਦੌੜਦੀ ਹੈ। ਦੇਸ਼ ਵਿਚ ਵਾਪਰੇ ਕੁਲ ਹਾਦਸਿਆਂ ਵਿਚ 19.2% ਟਰੱਕ ਅਤੇ ਲਾਰੀਆਂ, 9.4% ਬੱਸਾਂ, 5.7% ਟੈਂਪੂ 'ਤੇ ਛੋਟੀਆਂ ਗੱਡੀਆਂ, 6.7% ਜੀਪਾਂ, 10.1% ਕਾਰਾਂ, 4.8% ਤਿੰਨ ਪਹੀਆ ਵਾਹਨ, 2.2% ਸਾਈਕਲ, 10.3% ਹੋਰ ਵਾਹਨ ਅਤੇ 23.2% ਦੋਪਹੀਆ ਵਾਹਨ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਸੜਕ ਹਾਦਸਿਆਂ ਦਾ ਖਤਰਾ ਦੇਰ ਰਾਤ ਜਾਂ ਸਵੇਰੇ ਸਭ ਤੋਂ ਜ਼ਿਆਦਾ ਹੁੰਦਾ ਹੈ। ਪਰ ਇਸ ਧਾਰਨਾ ਦੇ ਉਲਟ ਸਰਕਾਰੀ ਅੰਕੜੇ ਦੱਸਦੇ ਹਨ ਕਿ ਦੇਸ਼ ਵਿਚ ਬਾਅਦ ਦੁਪਿਹਰ 3 ਵਜੇ ਤੋਂ 6 ਵਜੇ ਦਰਮਿਆਨ ਸਭ ਤੋਂ ਜ਼ਿਆਦਾ ਸੜਕ ਹਾਦਸੇ ਹੁੰਦੇ ਹਨ। ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰਾਲਾ ਦੀ ਰਿਪੋਰਟ ਅਨੁਸਾਰ ਸਾਲ 2015 ਵਿਚ ਜੋ 501423 ਸੜਕ ਹਾਦਸੇ ਹੋਏ, ਜਿਨ੍ਹਾਂ ਵਿਚ 146135 ਵਿਅਕਤੀਆਂ ਦੀ ਜਾਨ ਗਈ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ 87819 ਸੜਕ ਹਾਦਸੇ ਦੁਪਿਹਰ 3 ਵਜੇ ਤੋਂ ਸ਼ਾਮ 6 ਵਜੇ ਦਰਮਿਆਨ ਹੋਏ।

ਹਰੇਕ ਗੱਡੀ ਵਿਚ ਫਸਟ ਏਡ ਕਿੱਟ ਵੀ ਜ਼ਰੂਰ ਹੋਣੀ ਚਾਹੀਦੀ ਹੈ, ਤਾਂ ਜੋ ਅਚਾਨਕ ਰਸਤੇ ਵਿਚ ਕੋਈ ਚੋਟ ਲੱਗਣ 'ਤੇ ਰੋਗੀ ਨੂੰ ਮੁੱਢਲੀ ਸਹਾਇਤਾ ਦਿੱਤੀ ਜਾ ਸਕੇ।

ਇਨ੍ਹਾਂ ਦਰਘਟਨਾਵਾਂ ਨੂੰ ਰੋਕਣ ਲਈ ਸਖਤ ਕਦਮ ਉਠਾਉਣੇ ਚਾਹੀਦੇ ਹਨ ਅਤੇ ਵਧੀਆ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਡਰਾਇਵਰਾਂ ਨੂੰ ਟਰੈਫਿਕ ਚਿੰਨ੍ਹਾਂ ਜੋ ਕਿ ਚਾਰ ਤਰ੍ਹਾਂ ਦੇ ਹਨ: ਆਦੇਸ਼ਾਤਮਕ ਚਿੰਨ੍ਹ, ਚੇਤਾਵਨੀ ਚਿੰਨ੍ਹ, ਸੂਚਨਾਤਮਕ ਚਿੰਨ੍ਹ, ਜ਼ਰੂਰੀ ਚਿੰਨ੍ਹ, ਇਨ੍ਹਾਂ ਦੀ ਚੰਗੀ ਤਰ੍ਹਾਂ ਜਾਣਕਰੀ ਹੋਣੀ ਚਾਹੀਦੀ ਹੈ। ਡਰਾਇਵਿੰਗ ਦੀ ਸਿਖਲਾਈ ਸਬੰਧੀ ਲੋੜ ਨੂੰ ਮੁੱਖ ਰੱਖਦੇ ਹੋਏ ਡਰਾਇਵਿੰਗ ਨਿਯਮਾਂ ਲਈ ਹਰ ਜ਼ਿਲ੍ਹੇ ਵਿਚ ਵੱਧ ਤੋਂ ਵੱਧ ਟ੍ਰੇਨਿੰਗ ਸਕੂਲ, ਕਾਲਜ, ਸੰਸਥਾਵਾਂ ਆਦਿ ਖੋਲ੍ਹਣੇ ਚਾਹੀਦੇ ਹਨ, ਤਾਂ ਜੋ ਦੂਰ-ਦੁਰਾਡੇ ਜਾਣ ਦੀ ਬਜਾਏ ਲੋਕਾਂ ਨੂੰ ਨੇੜੇ ਸਹੂਲਤ ਮਿਲ ਸਕੇ। ਨਿਯਮਿਤ ਤੌਰ 'ਤੇ ਸਕੂਲਾਂ, ਕਾਲਜਾਂ, ਟੈਕਸੀ ਸਟੈਂਡਾ, ਪਿੰਡ ਦੀਆਂ ਸੱਥਾਂ ਆਦਿ ਵਿਚ ਟਰੈਫਿਕ ਨਿਯਮਾਂ ਸਬੰਧੀ ਸੈਮੀਨਾਰ ਵੱਧ ਤੋਂ ਵੱਧ ਲਗਾਉਣੇ ਚਾਹੀਦੇ ਹਨ, ਤਾਂ ਜੋ ਲੋਕ ਸੜਕੀ ਨਿਯਮਾਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਸਕਣ ਤੇ ਸੜਕ ਹਾਦਸੇ ਘਟਾਏ ਜਾ ਸਕਣ।

ਸਕੂਲਾਂ 'ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਪਾਠਕ੍ਰਮ ਵਿਚ ਡਰਾਇੰਵਿੰਗ ਵਿਸ਼ਾ ਜ਼ਰੂਰ ਹੋਣਾ ਚਾਹੀਦਾ ਹੈ। ਇਨ੍ਹਾਂ ਦੇ ਨਾਲ ਸਭ ਦੀਆਂ ਪ੍ਰੈਕਟੀਕਲ ਕਲਾਸਾਂ ਵੀ ਜ਼ਰੂਰ ਲਗਾਉਣੀਆਂ ਚਾਹੀਦੀਆਂ ਹਨ, ਤਾਂ ਜੋ ਡਰਾਇਵਿੰਗ ਲਾਇੰਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ ਡਰਾਇਵਰ ਪੂਰੀ ਤਰ੍ਹਾਂ ਨਿਯਮਾਂ ਨੂੰ ਸਿੱਖ ਸਕਣ। ਜਿਵੇਂ ਕਿ ਬਾਹਰਲੇ ਮੁਲਕਾਂ ਵਿਚ ਟਰੈਫਿਕ ਦੇ ਸਖਤ ਨਿਯਮਾਂ ਕਾਰਨ ਦੁਰਘਟਨਾਵਾਂ ਘੱਟ ਹੁੰਦੀਆਂ ਹਨ ਅਤੇ ਲਾਇਸੈਂਸ ਪ੍ਰਾਪਤ ਕਰਨ ਲਈ ਡਰਾਇਵਿੰਗ ਦੀ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ, ਇਸ ਤਰ੍ਹਾਂ ਦੇ ਨਿਯਮ ਭਾਰਤ ਵਿਚ ਵੀ ਸਖਤੀ ਨਾਲ ਲਾਗੂ ਹੋਣੇ ਚਾਹੀਦੇ ਹਨ। ਲਾਇਸੈਂਸ ਜਾਰੀ ਕਰਦੇ ਸਮੇਂ ਸਿਫਾਰਿਸ਼ ਅਤੇ ਰਿਸ਼ਵਤਖੋਰੀ ਪੂਰੀ ਤਰ੍ਹਾਂ ਬੰਦ ਹੋਣੀ ਚਾਹੀਦੀ ਹੈ। ਬਾਹਰਲੇ ਮੁਲਕਾਂ ਵਾਂਗ ਡਰਾਇਵਿੰਗ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਪ੍ਰੈਕਟੀਕਲ ਤੌਰ 'ਤੇ ਵਹੀਕਲ ਚਲਾਉਣ ਦਾ ਡਰਾਇਵਿੰਗ ਟੈਸਟ ਹੋਣਾ ਚਾਹੀਦਾ ਹੈ, ਅਗਰ ਪੂਰੀ ਜਾਣਕਾਰੀ ਹੋਵੇ, ਫਿਰ ਹੀ ਲਾਇਸੈਂਸ ਜਾਰੀ ਕਰਨਾ ਚਾਹੀਦਾ ਹੈ। ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਫਿਰ ਹੀ ਅਸੀਂ ਸੜਕ ਹਾਦਸਿਆਂ ਨੂੰ ਕੁਝ ਠੱਲ੍ਹ ਪਾ ਸਕਦੇ ਹਾਂ।

# ਨਰੇਂਦਰ ਮੋਦੀ 2014-2024

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA







ਪ੍ਰਧਾਨ ਮੰਤਰੀ ਨਰੇਂਦਰ ਮੋਦੀ 2014-2024 ਦੌਰਾਨ ਆਪਣੇ ਭਾਸ਼ਨਾਂ, ਆਪਣੇ ਕੀਤੇ ਕੰਮਾਂ ਕਾਰਨ ਦੇਸ਼-ਵਿਦੇਸ਼ ਵਿਚ ਪੂਰੀ ਤਰ੍ਹਾਂ ਛਾਇਆ ਰਿਹਾ। ਇਨ੍ਹਾਂ ਦਸ ਵਰ੍ਹਿਆਂ 'ਚ ਦੇਸ਼ ਵਿਚ ਤਿੰਨ ਲੋਕ ਸਭਾ ਚੋਣਾਂ ਅਤੇ ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੋ ਜਾਂ ਤਿੰਨ ਵਾਰ ਹੋਈਆਂ ਅਤੇ ਭਾਜਪਾ ਦੇ ਮੁੱਖ ਵਕਤਾ ਵਜੋਂ ਉਸਨੇ ਹਜ਼ਾਰਾਂ ਭਾਸ਼ਨ ਦਿੱਤੇ। ਉਸਦੇ ਭਾਸ਼ਨਾਂ ਦੀ ਵੰਨਗੀ ਵੇਖੋ, "ਮਹਾਤਮਾ ਗਾਂਧੀ ਨੂੰ ਦੁਨੀਆਂ ਵਿਚ ਉਦੋਂ ਤੱਕ ਕੋਈ ਨਹੀਂ ਸੀ ਜਾਣਦਾ, ਜਦੋਂ ਤੱਕ ਉਸ ਉਤੇ "ਗਾਂਧੀ" ਫ਼ਿਲਮ ਨਹੀਂ ਸੀ ਬਣੀ"। "ਕਾਂਗਰਸ ਦੇ ਸੱਤਾ 'ਚ ਆਉਣ ਨਾਲ ਔਰਤਾਂ ਦੇ ਮੰਗਲਸੂਤਰ ਨੂੰ ਖ਼ਤਰਾ ਪੈਦਾ ਹੋ ਜਾਏਗਾ।"

ਵਿਰੋਧੀ ਧਿਰਾਂ ਉਸਨੂੰ ਝੂਠ ਦੀ ਪੰਡ ਗਰਦਾਨਦੀਆਂ ਹਨ, ਉਸਨੂੰ "ਬਾਦਸ਼ਾਹ" ਦਾ ਖਿਤਾਬ ਦਿੰਦੀਆਂ ਹਨ, ਕਿਉਂਕਿ ਉਸਨੇ ਦੇਸ਼ ਵਿਚ "ਰਾਜਾਸ਼ਾਹੀ" ਦਾ ਦੌਰ ਲਿਆਉਣ ਲਈ ਪੂਰੀ ਵਾਹ ਲਾਈ ਹੋਈ ਹੈ। ਧਰਮ ਦਾ ਸਿੱਕਾ ਚਲਾਕੇ, ਧਾਰਮਿਕ ਵੰਡੀਆਂ ਪਾਕੇ ਉਹ ਹਰ ਹੀਲੇ ਦੇਸ਼ ਦੇ ਲੋਕਾਂ, ਦੇਸ਼ ਦੀ ਧੰਨ ਦੌਲਤ, ਦੇਸ਼ ਦੇ ਕੁਦਰਤੀ ਵਸੀਲਿਆਂ ਅਤੇ ਇਥੋਂ ਤੱਕ ਕਿ ਲੋਕ ਮਨਾਂ ਉਤੇ ਆਪਣੀ ਨਿਵੇਕਲੀ ਛਾਪ ਛੱਡਣਾ ਚਾਹੁੰਦਾ ਹੈ। ਉਹ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਚੋਣ, ਦਾ ਮੁਦੱਈ ਹੈ ਅਤੇ ਆਰ.ਐੱਸ.ਐੱਸ. ਦੇ ਅਜੰਡੇ ਹਿੰਦੀ, ਹਿੰਦੂ ਅਤੇ ਹਿੰਦੋਸਤਾਨ ਨੂੰ ਦੇਸ਼ 'ਤੇ ਹਰ ਹੀਲੇ ਲਾਗੂ ਕਰਨਾ ਚਾਹੁੰਦਾ ਹੈ।

ਗਰੰਟੀਆਂ ਦੇਣ ਵਾਲਾ ਦੇਸ਼ ਦਾ ਸਭ ਤੋਂ ਵਧ ਵਿਵਾਦਤ ਪ੍ਰਧਾਨ ਮੰਤਰੀ ਮੋਦੀ, ਇਨ੍ਹਾਂ ਦਸ ਵਰ੍ਹਿਆਂ 'ਚ ਦੇਸ਼ ਦੇ ਸੰਵਿਧਾਨ ਦੇ ਪਰਖੱਚੇ ਉਡਾਉਣ ਵਾਲੇ ਪ੍ਰਧਾਨ ਮੰਤਰੀ ਵਜੋਂ ਜਾਣਿਆ ਜਾਣ ਲੱਗ ਪਿਆ। ਇੱਕ ਇਹੋ ਜਿਹਾ ਚਿਹਰਾ ਜਿਸਨੇ ਆਪਣੀ ਹਕੂਮਤ ਪ੍ਰਧਾਨ ਮੰਤਰੀ ਦਫ਼ਤਰੋਂ ਚਲਾਈ, ਕਿਸੇ ਦੀ ਪ੍ਰਵਾਹ ਨਹੀਂ ਕੀਤੀ, ਇਥੋਂ ਤੱਕ ਵੀ ਚਰਚੇ ਹਨ ਕਿ ਉਨ੍ਹਾਂ ਆਪਣੀ ਆਕਾ "ਆਰ.ਐੱਸ.ਐੱਸ." ਨੂੰ ਵੀ ਅੱਖਾਂ ਵਿਖਾਈਆਂ ਅਤੇ ਥਾਂ ਸਿਰ ਕਰਕੇ ਰੱਖ ਦਿੱਤਾ। ਉਨ੍ਹਾਂ ਨੇ ਆਪਣੇ ਨਿਵਾਸ ਅਤੇ ਦਫ਼ਤਰ ਦੀਆਂ ਬਰੂਹਾਂ ਮੀਡੀਆਂ ਕਰਮੀਆਂ ਲਈ ਘੁੱਟਕੇ ਬੰਦ ਕਰੀ ਰੱਖੀਆਂ। ਸਾਥੀ ਮੰਤਰੀਆਂ ਤੇ ਸਰਕਾਰੀ ਅਹਿਲਕਾਰਾਂ ਨੂੰ ਵੀ ਇਸੇ ਤਰ੍ਹਾਂ ਹੀ ਤਾੜਕੇ ਰੱਖਿਆ ਗਿਆ।

ਮੋਦੀ ਦੇ "ਮਨ ਦੀਆਂ ਬਾਤਾਂ" ਮੋਦੀ ਹੀ ਜਾਣੇ। ਬਾਹਰੀ ਤੌਰ 'ਤੇ "ਮਨ ਕੀ ਬਾਤ" ਕਰਦਿਆਂ ਉਹ ਇਵੇਂ ਜਾਪਦਾ ਹੈ, ਜਿਵੇਂ ਉਹ ਸਚਮੁੱਚ ਲੋਕ ਨੁਮਾਇੰਦਾ ਹੋਵੇ ਪਰ ਅਸਲ ਅਰਥਾਂ 'ਚ ਮੋਦੀ ਆਪਣੇ-ਆਪ ਨੂੰ ਰੱਬ ਦਾ ਭੇਜਿਆ "ਰਾਜਾ" ਸਮਝਦਾ ਰਿਹਾ, ਜਿਸਨੂੰ ਦੈਵੀ ਸ਼ਕਤੀਆਂ ਨੇ ਦੇਵ-ਭੂਮੀ ਉਤੇ ਸ਼ਾਸ਼ਨ ਕਰਨ ਲਈ ਭੇਜਿਆ ਹੋਵੇ। ਸੱਚਮੁੱਚ ਬੰਦ ਕਮਰੇ ਦੀ ਬੰਦ ਮਨ ਵਾਲੀ ਸ਼ਖ਼ਸੀਅਤ, ਕਾਫੀ ਲੰਮਾ ਸਮਾਂ ਲੋਕਾਂ ਲਈ ਬੁਝਾਰਤ ਬਣੀ ਰਹੀ, ਪਰ ਜਦੋਂ ਆਮ ਲੋਕ ਗਰੀਬੀ 'ਚ ਗ੍ਰਸੇ ਗਏ, ਬੇਰੁਜ਼ਗਾਰੀ ਦੇ ਪੁੜ 'ਚ ਹੋਰ ਪੀਸੇ ਗਏ ਤਾਂ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਦੇਸ਼ ਮੁੜ ਰਜਵਾੜਾਸ਼ਾਹੀ, ਰਾਜਾਸ਼ਾਹੀ ਦੇ ਪੁੜਾਂ 'ਚ ਪੀਸਿਆ ਜਾ ਰਿਹਾ ਹੈ, ਜਿਥੇ ਰਾਜੇ ਦੀ ਕਹਿਣੀ ਅਤੇ ਕਥਨੀ 'ਚ ਢੇਰ ਸਾਰਾ ਅੰਤਰ ਹੈ।

ਬਿਨ੍ਹਾਂ ਸ਼ੱਕ ਨਰੇਂਦਰ ਮੋਦੀ ਦੇਸ਼ ਦੇ ਦੋ ਵੇਰ ਪ੍ਰਧਾਨ ਮੰਤਰੀ ਬਣੇ, ਮੋਦੀ ਲਹਿਰ ਵੀ ਪੰਜਾਬ ਨੂੰ ਛੱਡਕੇ ਉੱਤਰੀ ਭਾਰਤ ਖ਼ਾਸਕਰ ਬਿਹਾਰ, ਯੂ.ਪੀ., ਮੱਧ ਪ੍ਰਦੇਸ਼ ਆਦਿ 'ਚ ਚੱਲੀ, ਪਰ ਪੱਛਮੀ ਬੰਗਾਲ, ਕੇਰਲਾ ਅਤੇ ਕਈ ਹੋਰ ਦੱਖਣੀ ਰਾਜਾਂ ਵਿਚ ਉਸਨੂੰ ਇਸ ਕਰਕੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਨ੍ਹਾਂ ਨੇ ਵਿਵਾਦਿਤ ਬਿਆਨ ਹੀ ਨਹੀਂ ਦਿੱਤੇ, ਸਗੋਂ ਵਿਵਾਦਿਤ ਕਾਨੂੰਨ ਵੀ ਪਾਸ ਕੀਤੇ, ਜਿਨ੍ਹਾਂ 'ਚ ਖੇਤੀ ਕਾਨੂੰਨ, ਸੀ.ਏ.ਏ. ਅਤੇ ਧਾਰਾ 370 ਸ਼ਾਮਲ ਸੀ, ਜਿਸਨੇ ਦੇਸ਼ ਦੀਆਂ ਘੱਟ ਗਿਣਤੀਆਂ 'ਚ ਹਾਹਾਕਾਰ ਮਚਾ ਦਿੱਤੀ।

ਮੋਦੀ ਸ਼ਾਸ਼ਨ ਸਮੇਂ ਦੌਰਾਨ ਜਿਥੇ ਦਿੱਲੀ 'ਚ ਦੰਗੇ ਹੋਏ, ਮਨੀਪੁਰ 'ਚ ਸ਼ਰਮਨਾਕ ਘਟਨਾਵਾਂ ਵਾਪਰੀਆਂ, ਉਸ ਨਾਲ ਨਰੇਂਦਰ ਮੋਦੀ ਦਾ ਅਕਸ, ਭਾਰਤ ਵਿਚ ਹੀ ਨਹੀਂ, ਸਮੁੱਚੇ ਵਿਸ਼ਵ ਵਿਚ ਧੁੰਦਲਾ ਹੋਇਆ। ਮਨੀਪੁਰ ਹਾਲੇ ਵੀ ਕੁਰਲਾ ਰਿਹਾ ਹੈ। ਉਥੇ ਦੇ ਲੋਕਾਂ 'ਚ ਪਾਈਆਂ ਗਈਆਂ ਵੰਡੀਆਂ ਦੇਸ਼ ਦੇ ਲੋਕਤੰਤਰਿਕ ਢਾਂਚੇ ਉਤੇ ਧੱਬਾ ਹਨ, ਜਿਸਨੇ ਉਥੇ ਦੇ ਲੋਕਾਂ ਦੀ ਆਪਸੀ ਸਾਂਝ ਤਾਂ ਖ਼ਤਮ ਕੀਤੀ ਹੀ, ਪਰ ਨਾਲ ਵਿਸ਼ਵ ਵਿਚ ਇਹ ਸੰਦੇਸ਼ ਵੀ ਗਿਆ ਕਿ ਭਾਰਤ ਵਿਚ ਫਿਰਕੂ ਫਸਾਦ ਆਮ ਗੱਲ ਬਣ ਗਈ ਹੈ ਤੇ ਭਾਰਤ ਹੁਣ ਧਰਮ ਨਿਰਪੱਖ ਦੇਸ਼ ਵੀ ਨਹੀਂ ਰਿਹਾ। ਦੇਸ਼ 'ਚ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ। ਜਿਹੜਾ ਵੀ ਮੋਦੀ ਰਾਜ ਵਿਰੁੱਧ ਬੋਲਿਆ, ਉਸਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਸਿਆਸੀ ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਈ.ਡੀ., ਸੀ.ਬੀ.ਆਈ. ਦੀ ਦੁਰਵਰਤੋਂ ਹੋਈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਆਯੋਧਿਆ ਰਾਮ ਮੰਦਰ 'ਚ ਮੂਰਤੀ ਸਥਾਪਨਾ ਸਮੇਂ ਮੁੱਖ ਭੂਮਿਕਾ ਨਿਭਾਉਣ ਤੇ ਫਿਰ ਇਨ੍ਹਾਂ ਰਾਮ ਭਗਤਾਂ ਨੂੰ ਆਪਣੇ ਵੋਟ ਬੈਂਕ 'ਚ ਬਦਲਣ ਦਾ ਯਤਨ ਦੇਸ਼ ਦੇ ਚੇਤੰਨ ਲੋਕਾਂ ਨੂੰ ਚੰਗਾ ਨਹੀਂ ਲੱਗਾ। ਇਸ ਸਭ ਕੁਝ ਦਾ ਸਿੱਧਾ ਅਸਰ, ਆਮ ਲੋਕਾਂ 'ਚ ਫੈਲੀ ਨਿਰਾਸ਼ਾ ਵਜੋਂ ਵੇਖਿਆ ਜਾ ਸਕਦਾ ਹੈ।

ਭਾਰਤ ਵੱਡਾ ਲੋਕਤੰਤਰ ਹੈ। ਇਸ ਦੀਆਂ ਲੋਕਤੰਤਰੀ ਕਦਰਾਂ ਕੀਮਤਾਂ ਹਨ। ਇਸ ਵੇਲੇ ਦੇਸ਼ ਦੇ 2024 ਦੀਆਂ ਚੋਣਾਂ ਵੇਲੇ 100 ਕਰੋੜ ਵੋਟਰ ਦੇਸ਼ ਦੇ ਚੋਣ ਕਮਿਸ਼ਨ ਨੇ ਰਜਿਸਟਰਡ ਕੀਤੇ ਹਨ। ਜਿਨ੍ਹਾਂ ਵਿਚੋਂ 64 ਕਰੋੜ ਲੋਕਾਂ ਨੇ ਹੀ ਵੋਟ ਪਾਈ ਹੈ, ਇਸ ਵਿਚੋਂ ਵੀ "ਨੋਟਾ" ਵੋਟਰਾਂ ਦੀ ਗਿਣਤੀ ਹੋਏਗੀ। ਭਾਵ ਸਿਰਫ਼ 60 ਕੁ ਕਰੋੜ ਲੋਕਾਂ ਨੇ ਵੋਟ ਪਾਈ ਹੈ। ਆਮ ਲੋਕ ਜਿਹੜੇ ਗਰੀਬੀ ਦੇ ਸਤਾਏ ਹੋਏ ਹਨ, ਬੇਰੁਜ਼ਗਾਰੀ ਦੇ ਮਾਰੇ ਹੋਏ ਹਨ, ਉਹ ਹਾਕਮਾਂ ਦੀਆਂ ਨੀਤੀਆਂ ਕਾਰਨ ਇਸ "ਚੋਣ-ਕੁੰਭ" 'ਚ ਹਿੱਸਾ ਲੈਣ ਤੋਂ ਇਨਕਾਰੀ ਹੋ ਗਏ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਹਾਕਮ ਜਿਹੜੇ ਇਹ ਆਖਦੇ ਹਨ ਕਿ ਪਿਛਲੇ ਇੱਕ ਦਹਾਕੇ 'ਚ ਦੇਸ਼ ਪੰਜਵੀਂ ਵਿਸ਼ਵ ਅਰਥ ਵਿਵਸਥਾ ਬਣਿਆ ਹੈ, ਇਹ ਦੱਸਦੇ ਕੰਨੀਂ ਕਤਰਾਉਂਦੇ ਹਨ ਕਿ ਦੇਸ਼ ਦੇ ਆਮ ਆਦਮੀ ਦੀਆਂ ਜੀਊਣ ਹਾਲਤਾਂ ਕਿਹੋ ਜਿਹੀਆਂ ਹਨ। ਹਾਲਾਂਕਿ ਨਰੇਂਦਰ ਮੋਦੀ ਗਰੰਟੀ ਦਿੰਦਿਆਂ ਆਮ ਆਦਮੀ ਨੂੰ ਚੰਗੇ ਭਵਿੱਖ ਅਤੇ ਚੰਗੇ ਦਿਨਾਂ ਦੇ ਸੁਪਨੇ ਵਿਖਾਉਂਦਾ ਰਿਹਾ, ਉਸ ਨੇ ਦਰਜਨਾਂ ਭਰ ਕਲਿਆਣਕਾਰੀ ਯੋਜਨਾਵਾਂ, ਜਿਨ੍ਹਾਂ ਵਿਚ ਬੇਟੀ ਬਚਾਓ-ਬੇਟੀ ਪੜ੍ਹਾਓ, ਸਵੱਛ ਭਾਰਤ ਮਿਸ਼ਨ, ਪੀ.ਐੱਮ. ਮੁਦਰਾ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਸਮਾਰਟ ਸਿਟੀ ਯੋਜਨਾ, ਮੇਕ ਇਨ ਇੰਡੀਆ ਯੋਜਨਾਵਾਂ ਸਮੇਤ 26 ਮਹੱਤਵਪੂਰਨ ਯੋਜਨਾਵਾਂ ਸ਼ਾਮਲ ਸਨ, ਸ਼ੁਰੂ ਕੀਤੀਆਂ, ਪਰ ਲਗਭਗ ਸਾਰੀਆਂ ਠੁੱਸ ਹੋ ਕੇ ਰਹਿ ਗਈਆਂ। ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ 6000 ਰੁਪਏ ਦੇਣ ਦੀ ਗੱਲ ਕੀਤੀ, ਪਰ ਪੰਜਾਬ, ਹਰਿਆਣਾ, ਉੱਤਰਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਰਾਜਾਂ ਦੇ ਹਜ਼ਾਰਾਂ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਆਪਣੀਆਂ ਮੰਗਾਂ ਲਈ ਬੈਠੇ ਹਨ। ਉਨ੍ਹਾਂ ਨੂੰ ਆਮ ਲੋਕਾਂ ਦਾ ਸਮਰਥਨ ਵੀ ਮਿਲਿਆ ਹੈ। ਪਰ ਨਰੇਂਦਰ ਮੋਦੀ ਦੀ ਸਰਕਾਰ ਵਲੋਂ ਉਨ੍ਹਾਂ ਨੂੰ ਲਗਾਤਾਰ ਅਣਗੌਲਿਆਂ ਕੀਤਾ ਗਿਆ। ਅਸਲ ਵਿਚ ਨਰੇਂਦਰ ਮੋਦੀ ਦਾ ਉਦੇਸ਼ ਖੇਤੀ, ਕਾਰਪੋਰੇਟ ਹੱਥਾਂ 'ਚ ਸੌਂਪਣ ਦਾ ਹੈ, ਜਿਵੇਂ ਉਨ੍ਹਾਂ ਵਲੋਂ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਦੀ ਆਜ਼ਾਦੀ ਖ਼ਤਮ ਕਰਕੇ ਆਪਣੇ ਹਿੱਤਾਂ ਲਈ ਵਰਤਿਆਂ, ਉਵੇਂ ਹੀ ਸਰਕਾਰੀ ਸਾਰਵਜਨਿਕ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਦੇਸ਼ ਨੂੰ ਕਾਰਪੋਰੇਟਾਂ ਹੱਥ ਵੇਚਿਆ ਗਿਆ।

ਅਡਾਨੀ ਅਤੇ ਅੰਬਾਨੀ ਨੂੰ ਜਿਸ ਢੰਗ ਨਾਲ ਦੇਸ਼ ਦੇ ਅਦਾਰੇ ਸਪੁਰਦ ਕੀਤੇ ਗਏ ਅਤੇ ਜਿਸ ਢੰਗ ਨਾਲ ਸਿੱਖਿਆ, ਸਿਹਤ ਸਹੂਲਤਾਂ ਤੋਂ ਹੱਥ ਖਿੱਚਕੇ ਤਿੰਨ ਤਾਰਾ ਹਸਪਤਾਲ, ਪੰਜ ਤਾਰਾ ਸਕੂਲ, ਹਸਪਤਾਲ ਬਨਾਉਣ ਹਿੱਤ ਕਦਮ ਚੁੱਕੇ ਗਏ, ਉਸ ਨਾਲ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਲੋਕਾਂ ਦੀਆਂ ਪ੍ਰੇਸ਼ਾਨੀਆਂ 'ਚ ਵਾਧਾ ਹੋਇਆ ਹੈ। ਕਰੋੜਾਂ ਲੋਕਾਂ ਦਾ ਜੀਵਨ ਬਦ ਤੋਂ ਬਦਤਰ ਹੋਇਆ ਹੈ। ਸਰਕਾਰੀ ਸਕੂਲਾਂ, ਹਸਪਤਾਲਾਂ ਦੇ ਹਾਲਾਤ ਦੇਸ਼ ਭਰ 'ਚ ਖ਼ਰਾਬ ਹੋਏ ਹਨ। ਟੀਚਰਾਂ, ਡਾਕਟਰਾਂ ਅਤੇ ਡਾਕਟਰੀ ਅਮਲੇ ਦੀ ਘਾਟ ਸਪੱਸ਼ਟ ਦਿਖਦੀ ਹੈ। ਇਹੋ ਜਿਹੇ ਹਾਲਤਾਂ 'ਚ 2014 ਤੋਂ 2024 ਤੱਕ ਕਿਹੜੀਆਂ ਪ੍ਰਾਪਤੀਆਂ ਗਿਣੀਆਂ ਜਾ ਸਕਦੀਆਂ ਹਨ, ਜਿਨ੍ਹਾਂ 'ਤੇ ਨਰੇਂਦਰ ਮੋਦੀ ਖੁਸ਼ ਹੋ ਸਕਦੇ ਹਨ।

ਕੀ ਇਹੋ ਪ੍ਰਾਪਤੀ ਹੈ ਕਿ ਧਰਮ ਦੇ ਨਾਂਅ 'ਤੇ ਧਰੁਵੀਕਰਨ ਕਰ ਦਿੱਤਾ ਗਿਆ ਤੇ ਵੋਟਾਂ ਅਟੇਰੀਆਂ ਗਈਆਂ?

ਕੀ ਕੁਦਰਤੀ ਸਾਧਨ ਧੰਨ ਕੁਬੇਰਾਂ ਦੇ ਹੱਥ ਫੜਾ ਕੇ ਦੇਸ਼ ਦੇ ਕੁਝ ਹਿੱਸਿਆਂ ਨੂੰ ਚਮਕਾ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੱਡਿਆਂ ਵਲੋਂ ਮਸਲਣ ਲਈ ਉਨ੍ਹਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ ਦੇ ਨਾਂਅ ਉਤੇ ਵੱਡੇ ਹਸਪਤਾਲ, ਸਕੂਲ ਸਿਰਜ ਦਿੱਤੇ ਗਏ ਤੇ ਆਮ ਲੋਕਾਂ ਲਈ ਤੱਪੜ, ਦਰੀਆਂ ਵਾਲੇ, ਬਿਨ੍ਹਾਂ ਬੁਨਿਆਦੀ ਢਾਂਚੇ ਵਾਲੇ ਸਕੂਲ, ਹਸਪਤਾਲ ਛੱਡ ਦਿੱਤੇ ਗਏ?

ਕੀ ਇਹੋ ਪ੍ਰਾਪਤੀ ਹੈ ਕਿ 82 ਕਰੋੜ ਲੋਕਾਂ ਨੂੰ ਅਨਾਜ ਦੇ ਕੇ ਖੁਸ਼ ਕਰਨ ਦਾ ਯਤਨ ਹੋਇਆ ਤੇ ਉਨ੍ਹਾਂ ਨੂੰ ਨੌਕਰੀਆਂ ਤੋਂ ਵੇਰਵੇ ਰੱਖਕੇ ਸਿਰਫ਼ ਉਨ੍ਹਾਂ ਹੱਥ ਠੂਠਾ ਫੜਾ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਵੱਡੇ ਹਾਈਵੇ, ਮੌਲਜ਼ ਆਦਿ ਬਣਾ ਦਿੱਤੇ ਗਏ ਅਤੇ ਪਿੰਡਾਂ ਦੀਆਂ ਸੜਕਾਂ, ਰਸਤਿਆਂ, ਪੁੱਲਾਂ, ਸਕੂਲਾਂ ਨੂੰ ਅਣਗੌਲਿਆ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਕੁਦਰਤੀ ਖਜ਼ਾਨੇ ਜੰਗਲ, ਖਾਣਾਂ ਕਾਰਪਰੇਟਾਂ ਨੂੰ ਸੌਂਪ ਦਿੱਤੇ ਗਏ ਤੇ ਵਾਤਾਵਰਨ ਦਾ ਘਾਣ ਕਰ ਦਿੱਤਾ ਗਿਆ ਤੇ ਦੇਸ਼ ਨੂੰ ਹੜ੍ਹਾਂ, ਸੋਕੇ, ਅਤਿਅੰਤ ਗਰਮੀ ਨਾਲ ਮਰਨ ਲਈ ਉਵੇਂ ਹੀ ਛੱਡ ਦਿੱਤਾ ਗਿਆ, ਉਵੇਂ ਹੀ ਜਿਵੇਂ ਕਰੋਨਾ ਕਾਲ ਸਮੇਂ ਹਾਕਮਾਂ ਨੂੰ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਮਰਨ ਲਈ ਛੱਡ ਦਿੱਤਾ ਸੀ ਅਤੇ ਉਨ੍ਹਾਂ ਦੇ ਸਸਕਾਰ ਲਈ ਸ਼ਮਸ਼ਾਨ ਘਾਟ ਵੀ ਨਸੀਬ ਨਹੀਂ ਸਨ ਹੋਏ, ਸਗੋਂ ਲਾਸ਼ਾਂ ਗੰਗਾ ਦਰਿਆ ਸਪੁਰਦ ਕਰਨ ਲਈ ਲੋਕ ਮਜਬੂਰ ਹੋਏ ਸਨ?

ਕੀ ਇਹੋ ਪ੍ਰਾਪਤੀ ਹੈ ਨਰੇਂਦਰ ਮੋਦੀ ਦੀ ਕਿ ਦੇਸ਼ 'ਚ ਅਰਬਪਤੀਆਂ, ਖਰਬਪਤੀ ਲੋਕਾਂ ਦੀ ਗਿਣਤੀ ਵਧਾ ਦਿੱਤੀ ਗਈ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਹੋਰ ਵੀ ਵਧ ਗਿਆ?

2014 ਤੇ 2024 ਦਾ ਦਹਾਕਾ ਦੇਸ਼ ਦੇ ਲੋਕਤੰਤਰੀ ਇਤਿਹਾਸ ਵਿਚ ਕਾਲੇ ਦੌਰ ਵਜੋਂ ਤਾਂ ਵੇਖਿਆ ਹੀ ਜਾ ਰਿਹਾ ਹੈ, ਆਮ ਲੋਕਾਂ ਦੀ ਗੁਰਬਤੀ ਹਾਲਤ, ਬੇਰੁਜ਼ਗਾਰੀ ਭਰਪੂਰ ਜ਼ਿੰਦਗੀ, ਭ੍ਰਿਸ਼ਟਾਚਾਰ ਯੁਕਤ ਧੱਕੇ-ਧੌਂਸ ਵਾਲੀ ਰਜਵਾੜਾਸ਼ਾਹੀ ਸਿਆਸਤ ਵਜੋਂ ਵੀ ਜਾਣਿਆ ਜਾਵੇਗਾ।

## ਡਾ. ਓਅੰਕਾਰ ਸਿੰਘ ਦੀ ਪੁਸਤਕ ਦੇ ਸੰਦਰਭ ਵਿਚ

# ਅਰਦਾਸ ਦੇ ਵਿਸ਼ਵਵਿਆਪੀ ਸਰੋਕਾਰ


-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲUSA



ਡਾ. ਜਸਵੰਤ ਸਿੰਘ ਨੇਕੀ ਨੇ 1997 ਵਿਚ 'ਵਿਸ਼ਵ ਅਰਦਾਸ' ਪੁਸਤਕ ਪ੍ਰਕਾਸ਼ਤ ਕੀਤੀ ਸੀ, ਉਸ ਅਨੁਸਾਰ ਅਰਦਾਸ ਇੱਕ ਅਤਿ ਵਿਚੱਤਰ ਆਤਮਿਕ ਪ੍ਰੇਰਨਾ ਹੈ। ਇੱਛਾ ਕਰਤਾਰ ਵੱਲ ਮੂੰਹ ਕਰ ਲਵੇ, ਤਾਂ ਅਰਦਾਸ ਬਣ ਨਿਬੜਦੀ ਹੈ, ਅਰਦਾਸ ਅੰਦਰ ਵੀ ਇੱਛਾ ਵਰਤਦੀ ਹੈ। ਅਰਦਾਸ ਤਾਂ ਕੇਵਲ ਉਹੋ ਹਿਰਦਾ ਹੀ ਕਰ ਸਕਦਾ ਹੈ, ਜੋ ਵਾਹਿਗੁਰੂ ਦੀ ਹਾਜ਼ਰ ਨਾਜ਼ਰਤਾ ਤੋਂ ਸ਼ਨਾਸਾ ਹੁੰਦਾ ਹੈ ਤੇ ਉਸ ਦੀ ਮਿਹਰਾਮਤ ਦੇ ਭਰੋਸੇ ਵਿਚ ਵਿਚਰਦਾ ਹੈ। ਜਿਨ੍ਹਾਂ ਨੇ ਅਰਦਾਸ ਦੇ ਵਸੀਲੇ ਨਾਲ ਆਪਣੇ ਅੰਦਰ ਪਰਿਵਰਤਨ ਹੁੰਦਾ ਵੇਖਿਆ ਹੈ, ਉਹੀ ਜਾਣ ਸਕਦੇ ਹਨ ਕਿ ਅਰਦਾਸ ਦਾ ਪ੍ਰਭਾਵ ਕਿਤਨਾ ਪ੍ਰਬਲ ਤੇ ਦੂਰ ਹੁੰਦਾ ਹੈ।

ਹੱਥਲੀ ਕਿਤਾਬ ਦੇ ਲੇਖਕ ਡਾ. ਓਅੰਕਾਰ ਸਿੰਘ ਨੇ ਅਰਦਾਸ ਨੂੰ 66 ਉਪ ਸਿਰਲੇਖਾਂ ਵਿਚ ਵੰਡਿਆ ਹੈ, ਇੱਕ ਓਅੰਕਾਰ ਵਾਹਿਗੁਰੂ ਜੀ ਕੀ ਫਤਿਹ, ਸ੍ਰੀ ਭਗੌਤੀ ਜੀ ਸਹਾਇ, ਗੁਰੂ ਨਾਨਕ ਲਈਂ ਧਿਆਇ, ਫਿਰ ਅੰਗਦ ਗੁਰ, ਅਨਰਦਾਸ (ਗੁਰੂ), ਰਾਮਦਾਸੈ ਹੋਈਂ ਸਹਾਇ, ਅਰਜਨ (ਗੁਰੂ), ਹਰਿਗੋਬਿੰਦ ਨੌਂ, ਸਿਮਰੌ ਸ੍ਰੀ ਹਰਿਰਾਇ, ਸ੍ਰੀ ਹਰਿਕ੍ਰਿਸ਼ਨ ਧਿਆਈਐ, ਤੇਗ ਬਹਾਦਰ ਸਿਮਰੀਐ, ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰਿਆਂ, ਚੌਹਾਂ ਸ਼ਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ਼ ਵਾਹੀ, ਦੇਖ ਕੇ ਅਣਡਿਠ ਕੀਤਾ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖ਼ੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦਵਾਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਪੰਜਾਂ ਤਖ਼ਤਾਂ (ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ), ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ, ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁੱਖ ਹੋਵੇ, ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫਤਿਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ ਝੰਡੇ ਬੁੰਗੇ ਜੁਗੋ ਜੁੱਗ ਅਟੱਲ, ਧਰਮ ਕਾ ਜੈਕਾਰ, ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਆਦਿ ਦਰਜ਼ ਕੀਤਾ ਹੈ।

ਡਾ. ਓਅੰਕਾਰ ਸਿੰਘ ਲਿਖਦੇ ਹਨ ਕਿ ਸੰਸਾਰ ਦੇ ਸਭਨਾਂ ਸਿੱਖ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਅਰਦਾਸ ਕੀਤੀ ਜਾਂਦੀ ਹੈ। ਸਭ ਗੁਰੂ ਨਾਨਕ ਨਾਮ ਲੇਵਾ ਵੀ ਦੋਨੋਂ ਵਕਤ ਨਿਤਨੇਮ ਤੋਂ ਬਾਅਦ ਅਰਦਾਸ ਕਰਦੇ ਹਨ। ਅਰਦਾਸ ਦੀਆਂ ਪਰਤਾਂ ਵਿਚ ਸਿੱਖ ਸਿਧਾਂਤਾਂ ਅਤੇ ਸਿੱਖ ਇਤਿਹਾਸ ਦਾ ਬਹੁਤ ਕੁਝ ਸਮੋਇਆ ਹੋਇਆ ਹੈ। ਬੱਚਿਆਂ ਨੂੰ ਅਰਦਾਸ ਜ਼ੁਬਾਨੀ ਯਾਦ ਕਰਵਾਕੇ ਅਭਿਆਸ ਕਰਵਾਉਣ ਦੇ ਨਾਲ-ਨਾਲ ਇਸ ਦੀ ਸੰਖੇਪ ਤੇ ਮਹੱਤਵਪੂਰਨ ਅਰਥਜਨਕ ਜਾਣਕਾਰੀ ਦੇਣਾ ਵੀ ਆਵਸ਼ਕ ਹੈ। ਇਸ ਵਿਚ ੧ੴ ਤੋਂ ਲੈਕੇ ਸਰਬੱਤ ਦੇ ਭਲੇ ਤੱਕ, ਹਰ ਵਿਸ਼ੇ 'ਤੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਡੇਢ-ਡੇਢ ਸਫੇ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਵਿਚ ਅਰਦਾਸ ਦਾ ਜੋ ਪਾਠ ਪੰਥ ਪ੍ਰਵਾਨਿਤ ਰਹਿਤ-ਮਰਿਯਾਦਾ ਵਿਚ ਦਿੱਤਾ ਹੈ, ਉਸੇ ਨੂੰ ਹੀ ਆਧਾਰ ਬਣਾਇਆ ਗਿਆ ਹੈ। ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਪ੍ਰੋਫੈਸਰ ਜੋਗਿੰਦਰ ਸਿੰਘ ਜੋਗੀ ਨੇ ਕੀਤਾ ਹੈ। ਗੁਰਮਤਿ ਵਿਚ ਅਰਦਾਸ ਦਾ ਸਿਧਾਂਤ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਹਰ ਕਾਰਜ ਦੇ ਆਰੰਭ ਵਿਚ ਗੁਰੂ ਦੀ ਬਖਸ਼ਿਸ਼ ਲੈਣ ਵਾਸਤੇ ਅਤੇ ਕਾਰਜ ਦੇ ਸੰਪੂਰਨ ਹੋਣ ਉੱਤੇ, ਗੁਰਸਿੱਖਾਂ ਵੱਲੋਂ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਰੱਬੀ-ਸੱਚ ਨਾਲ ਜੁੜਨ ਦਾ ਇੱਕ ਪੰਧ ਹੈ। ਇਸ ਰਾਹੀਂ ਘੱਟੋ-ਘੱਟ ਚਾਰ ਨਿਸ਼ਾਨਿਆਂ ਤੇ ਜੁੜਨ ਦਾ ਸਬੱਬ ਬਣਦਾ ਹੈ। ਸਭ ਤੋਂ ਪਹਿਲੇ ਆਪਣੇ ਆਪ ਨਾਲ, ਦੂਜੇ ਸੰਗਤ ਨਾਲ, ਤੀਜੇ ਗੁਰੂ ਨਾਲ ਅਤੇ ਚੌਥੇ ਪਰਮੇਸ਼ਰ ਨਾਲ ਰਾਬਤਾ ਕਾਇਮ ਹੁੰਦਾ ਹੈ।




ਵੈਸੇ ਤਾਂ ਹਰ ਛਿਣ ਸਿੱਖ ਨੂੰ ਅਰਦਾਸ ਅਤੇ ਸ਼ੁਕਰਾਨੇ ਵਿਚ ਜੁੜੇ ਰਹਿਣਾ ਚਾਹੀਦਾ ਹੈ ਪਰ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਅਨੁਸਾਰ ਸਵੇਰ ਅਤੇ ਸ਼ਾਮ ਰੋਜ਼ਾਨਾ ਦੇ ਵਕਤ ਦੇ ਨਿਤਨੇਮ ਉਪਰੰਤ ਅਰਦਾਸ ਵਿਚ ਜੁੜਨ ਦਾ ਹੁਕਮ ਹੈ। ਸਿੱਖ ਦੀ ਅਰਦਾਸ ਵਿਚ ਸੰਪੂਰਨ ਗੁਰਮਤਿ-ਫਿਲਾਸਫੀ ਅਤੇ ਸਿੱਖ-ਇਤਿਹਾਸ ਨੂੰ ਗੁੰਦਿਆ ਗਿਆ ਹੈ। ਇਸ ਲਈ ਸਿੱਖ-ਅਰਦਾਸ ਦੀ ਸਮਝ ਅਤੇ ਡੂੰਘੀ ਜਾਣਕਾਰੀ ਹੋਣੀ ਅਤਿਅੰਤ ਲਾਜ਼ਮੀ ਹੈ। ਸਮੇਂ-ਸਮੇਂ ਵੱਖ-ਵੱਖ ਵਿਦਵਾਨਾਂ ਨੇ ਇਸ ਜਾਣਕਾਰੀ ਨੂੰ ਜਗਿਆਸੂਆਂ ਪ੍ਰਤੀ ਉਜਾਗਰ ਕਰਨ ਦੇ ਉਪਰਾਲੇ ਕੀਤੇ ਹਨ। ਇਸੇ ਲੜੀ ਵਿਚ ਹਥਲਾ ਉਪਰਾਲਾ ਡਾ. ਓਅੰਕਾਰ ਸਿੰਘ ਵੱਲੋਂ ਬੜੀ ਮਿਹਨਤ, ਲਗਨ ਨਾਲ ਕੀਤਾ ਗਿਆ ਹੈ। ਡਾ. ਓਅੰਕਾਰ ਸਿੰਘ ਨੇ ਜਿਥੇ ਇਹ ਕਾਰਜ ਕਰਕੇ ਗੁਰੂ ਅਤੇ ਸੰਗਤਾਂ ਦੀ ਅਸੀਸ ਪ੍ਰਾਪਤ ਕੀਤੀ ਹੈ, ਉੱਥੇ ਉਹ ਸਤਿਗੁਰੂ ਸਾਹਿਬਾਨ ਦੇ ਸੰਦੇਸ਼ ਅਤੇ ਉਪਦੇਸ਼ ਨੂੰ ਪ੍ਰਚਾਰਨ ਤੇ ਪ੍ਰਸਾਰਨ ਦੇ ਕਾਰਜ ਨੂੰ ਵੀ ਸਮਰਪਿਤ ਹੋਏ ਹਨ।

ਨਾਮਵਰ ਦੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਲਿਖਦੇ ਹਨ ਕਿ ਅਰਦਾਸ ਕਿਸੇ ਵੀ ਧਰਮ ਦੇ ਉਸਾਰ ਨਾਲ ਜੁੜੇ ਹੋਏ ਜਾਗਦੇ ਚੇਤਿਆਂ ਦਾ ਆਧਾਰ ਹੁੰਦੀ ਹੈ। ਸਿੱਖ-ਅਰਦਾਸ ਵਿਚ ਸਿੱਖ-ਚਿੰਤਨ ਅਤੇ ਸਿੱਖ ਇਤਿਹਾਸ ਨੂੰ ਗੁੰਨਿਆ ਹੋਇਆ ਹੈ। ਇਸ ਤਰ੍ਹਾਂ ਉਹ ਹੋਰ ਕਿਸੇ ਧਰਮ ਵਿਚ



ਉਪਲਬਧ ਨਹੀਂ। ਇਸ ਪੰਥਕ ਵਿਲੱਖਣਤਾ ਨੂੰ ਡਾ. ਓਅੰਕਾਰ ਸਿੰਘ ਨੇ ਪੁਸਤਕ ਰੂਪ ਵਿਚ ਸਾਹਮਣੇ ਲਿਆਉਣ ਦੀ ਜਿਸ ਤਰ੍ਹਾਂ ਕੋਸ਼ਿਸ਼ ਕੀਤੀ ਹੈ, ਉਹ ਪ੍ਰਸ਼ੰਸਾਯੋਗ ਹੈ। ਸਿੱਖ-ਅਰਦਾਸ ਸਿੱਖ ਵਿਸ਼ਵਾਸ ਦੀ ਦਾਸਤਾਨ ਹੈ ਅਤੇ ਸ਼ਬਦ-ਗੁਰੂ ਦਾ ਇਤਿਹਾਸ ਵਿਚ ਪ੍ਰਗਟਾਵਾ ਵੀ ਹੈ। ਸਿੱਖ-ਅਰਦਾਸ, ਪਵਿੱਤਰ ਪੰਥਕ ਕਿਰਤ ਹੈ ਅਤੇ ਪੰਥ ਨੂੰ ਗੁਰੂ ਦਾ ਦਰਜਾ ਵੀ ਪ੍ਰਾਪਤ ਹੈ। ਚੇਤੰਨ ਸਿੱਖ ਪੁਰਖਿਆਂ ਨੇ ਕੋਸ਼ਿਸ਼ ਕੀਤੀ ਹੋਈ ਹੈ ਕਿ ਅਰਦਾਸ ਨੂੰ ਇਤਿਹਾਸ ਨਾਲ ਜੋੜਣ ਦੀ ਥਾਂ, ਬਾਣੀ ਨਾਲ ਜੋੜਕੇ ਉਸਾਰਿਆ ਜਾਵੇ। ਇਸ ਤਰ੍ਹਾਂ ਅਰਦਾਸ ਦਾ ਜੋ ਸਰੂਪ ਨਿਰਧਾਰਿਤ ਹੋਇਆ ਹੈ, ਉਹ ਪੰਥਕ-ਵਿਸ਼ਵਾਸ਼ ਦੇ ਪ੍ਰਗਟਾਵਿਆਂ ਦਾ ਪ੍ਰਤੀਨਿਧ ਹੋ ਗਿਆ ਹੈ। ਅਰਦਾਸ ਦਾ ਜੋ ਪੱਖ ਡਾ. ਓਅੰਕਾਰ ਸਿੰਘ ਨੇ ਆਮ ਸਿੱਖ ਵਾਸਤੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ-ਕਾਲ (1708) ਤੋਂ ਪਿੱਛੋਂ ਸਿੱਖੀ ਦਾ ਵਹਿਣ, ਗ੍ਰੰਥ ਅਤੇ ਪੰਥ ਦੇ ਕੰਢਿਆਂ ਵਿਚਕਾਰ ਵਹਿੰਦਾ ਰਿਹਾ ਹੈ। ਵਹਿਣ ਦੇ ਦੋਹਾਂ ਕੰਢਿਆਂ ਦੀ ਮਜ਼ਬੂਤੀ ਦੇ ਭੇਤੀ ਸਿੱਖ-ਪੁਰਖਿਆਂ ਨੇ ਗ੍ਰੰਥ ਅਤੇ ਪੰਥ ਨੂੰ ਇੱਕ ਦੂਸਰੇ ਦੀ ਪੂਰਕਤਾ ਵਿਚ ਉਸਾਰਨ ਦੀ ਕੋਸ਼ਿਸ਼ ਕਰਦਿਆਂ ਇਹ ਕਦੇ ਨਹੀਂ ਵਿਸਾਰਿਆ ਸੀ ਕਿ ਸਿੱਖੀ ਦੀ ਧੁਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਸਿੱਖ-ਉਸਾਰ ਦੀਆਂ ਸਾਰੀਆਂ ਸੰਭਾਵਨਾਵਾਂ ਸ਼ਬਦ-ਗੁਰੂ ਨਾਲ ਹੀ ਜੁੜੀਆਂ ਹੋਈਆਂ ਹਨ। ਸੂਚਨਾ ਦੇ ਹੜ੍ਹ ਵਾਲੇ ਇਸ ਯੁੱਗ ਵਿਚ ਕੋਈ ਇਹ ਪ੍ਰਸ਼ਨ ਵੀ ਕਰ ਸਕਦਾ ਹੈ, ਕਿ ਸਿੱਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਕਰਕੇ ਬਚੀ ਹੋਈ ਹੈ ਕਿ ਸਿੱਖਾਂ ਕਰਕੇ ਬਚੀ ਹੋਈ ਹੈ? ਜਵਾਬ ਦੇਣ ਦੀ ਲੋੜ ਨਹੀਂ, ਸਵਾਲ ਦੇ ਸਨਮੁੱਖ ਰਹਿਣ ਦੀ ਲੋੜ ਹੈ। ਇਸ ਵਾਸਤੇ ਅਰਦਾਸ ਦੇ ਸਿੱਖ ਸਰੋਕਾਰਾਂ ਸਬੰਧੀ ਡਾ. ਓਅੰਕਾਰ ਸਿੰਘ ਨੇ ਅਜਿਹੀ ਪੁਸਤਕ ਤਿਆਰ ਕੀਤੀ ਹੈ, ਜਿਸ ਨੂੰ ਪੜ੍ਹਨ ਨਾਲ ਅਰਦਾਸ ਮਹੱਤਵ ਤੇ ਸਰੋਕਾਰ ਨੂੰ ਮਨਮਸਤਕ ਵਿਚ ਵਸਾਉਣ ਲਈ ਸਿਧੀ ਕਾਰਗਾਰ ਹੈ।

ਸਿੱਖ ਤੋਂ ਖਾਲਸਾ ਤੱਕ ਦਾ ਉਸਾਰ ਗੁਰੂ-ਜੋਤਿ ਅਤੇ ਗੁਰੂ-ਜੁਗਤਿ ਨਾਲ ਜੁੜਿਆ ਹੋਣ ਕਰਕੇ ਸਿੱਖ ਅਤੇ ਖਾਲਸੇ ਨੂੰ ਇੱਕ ਦੂਜੇ ਨਾਲੋਂ ਨਿਖੇੜਕੇ ਵੇਖੇ ਜਾਣ ਦੀ ਲੋੜ ਨਹੀਂ ਹੈ, ਕਿਉਂਕਿ ਇਸ ਨਾਲ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਨਿਖੇੜਕੇ ਵੇਖੇ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ। ਸਿੱਖ-ਅਰਦਾਸ, ਅਜਿਹਾ ਪਾਠ (ਟੈਕਸਟ) ਹੈ, ਜੋ ਸਿੱਖ ਭਾਈਚਾਰੇ ਨੂੰ ਬਹੁ-ਪਰਤੀ ਆਸਰਾ ਦਿੰਦੀ ਰਹੀ ਹੈ। ਇਸ ਨੂੰ ਇੱਕ-ਪਰਤੀ ਕਰਣ ਨਾਲ ਇੱਛਤ ਨਤੀਜੇ ਤਾਂ ਨਿਕਲ ਆਉਣਗੇ, ਪਰ ਸ਼ਰਧਾ ਦੀਆਂ ਕੋਮਲ ਪਰਤਾਂ ਮੁਰਝਾਉਣ ਲੱਗ ਪੈਣਗੀਆਂ। ਸਿੱਖ-ਸਿਧਾਂਤ, ਸਿੱਖ-ਅਨੁਭਵ ਅਤੇ ਸਿੱਖ ਪ੍ਰਗਟਾਵਾ ਨਿੱਕੀ ਕਣੀ ਦੇ ਮੀਂਹ ਵਾਂਗ ਅਰਦਾਸ ਵਿਚ ਰਮਦਾ ਰਿਹਾ ਹੈ। ਡਾ. ਓਅੰਕਾਰ ਸਿੰਘ ਨੇ ਇਸ ਦੇ ਗ੍ਰਾਫਿਕ ਪ੍ਰਗਟਾਵਿਆਂ ਨਾਲ ਇਹ ਸੰਭਾਵਨਾ ਪੈਦਾ ਹੋ ਗਈ ਹੈ ਕਿ ਇਸ ਨੂੰ ਖੁੱਲ੍ਹੇ ਪਾਠ ਵਾਂਗ ਹਰ ਰੰਗ ਅਤੇ ਹਰ ਵਰਗ ਦਾ ਜਗਿਆਸੂ ਆਪਣੀ ਆਪਣੀ ਲੋੜ ਅਤੇ ਸਮਰੱਥਾ ਮੁਤਾਬਿਕ ਲਾਹਾ ਲੈ ਸਕਦਾ ਹੈ। ਇਹ ਕਿਤਾਬ ਅਮੈਰਿਕਨ ਸਕੂਲ ਆਫ਼ ਸਪਿਰਿਚੂਐਲਿਟੀ ਇੰਕ. ਅਮਰੀਕਾ ਵੱਲੋਂ ਪਬਲਿਸ਼ ਕੀਤੀ ਗਈ ਹੈ। ਇਸ ਦਾ ਮੁੱਲ ਯੂ.ਐੱਸ.ਏ. 15 ਡਾਲਰ ਹੈ।

# ਵਾਤਾਵਰਨ ਬਚਾਉਣ ਵਿਚ ਐੱਨ.ਸੀ.ਸੀ. ਕੈਡਿਟ ਦੀ ਭੂਮਿਕਾ

ਡਾ. ਸਰਬਜੀਤ ਸਿੰਘ
ਸਬ ਲੈਫਟੀਨੈਂਟ
1 ਪੰਜਾਬ ਨੇਵਲ ਯੂਨਿਟ ਐਨ.ਸੀ.ਸੀ.,
ਨੰਗਲ, 94176-26925
ਪੰਜਾਬ ਮੇਲUSA



ਮਨੁੱਖ ਨੇ ਜਿਵੇਂ-ਜਿਵੇਂ ਤਰੱਕੀ ਕੀਤੀ ਅਤੇ ਵਿਕਾਸ ਦੇ ਨਾਮ 'ਤੇ ਕੁਦਰਤ ਨਾਲ ਛੇੜਛਾੜ ਕੀਤੀ, ਉਸ ਦਾ ਸਭ ਤੋਂ ਵੱਧ ਪ੍ਰਭਾਵ ਕੁਦਰਤੀ ਸਰੋਤਾਂ 'ਤੇ ਪਿਆ ਹੈ। ਮਨੁੱਖ ਦੀ ਅਜਿਹੀ ਛੇੜਛਾੜ ਦਾ ਨਤੀਜਾ ਹੀ ਹੈ ਕਿ ਅਸੀਂ ਪਿਛਲੀਆਂ ਕਈ ਸਦੀਆਂ ਤੋਂ ਭਿਆਨਕ ਮਹਾਮਾਰੀਆਂ ਦਾ ਸਾਹਮਣਾ ਕਰਦੇ ਆ ਰਹੇ ਹਾਂ। ਸੰਯੁਕਤ ਰਾਸ਼ਟਰ ਸਭਾ ਨੇ ਹਰੇਕ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੋਇਆ ਹੈ। 1974 ਤੋਂ ਇਹ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦਿਨ ਮੌਕੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ, ਕਾਰੋਬਾਰੀ ਅਤੇ ਪ੍ਰਮੁੱਖ ਹਸਤੀਆਂ, ਇਸ ਵਿਸ਼ੇ 'ਤੇ ਕੇਂਦਰਿਤ ਹੋ ਕੇ ਗਹਿਰ ਗੰਭੀਰ ਚਿੰਤਨ ਕਰਦੀਆਂ ਹਨ। ਹੁਣ ਇੱਥੇ ਮਸਲਾ ਇਹ ਪੈਦਾ ਹੁੰਦਾ ਹੈ ਕਿ ਕੁਦਰਤ ਤਾਂ ਸਾਨੂੰ ਬਹੁਤ ਕੁਝ ਦਿੰਦੀ ਹੈ ਪਰ ਬਦਲੇ ਵਿਚ ਮਨੁੱਖ ਕੁਦਰਤ ਨੂੰ ਕੀ ਦੇ ਰਿਹਾ ਹੈ? ਹਰੇਕ ਸਾਲ ਇੱਕ ਨਵੇਂ ਥੀਮ 'ਤੇ ਇਹ ਦਿਨ ਮਨਾਇਆ ਜਾਂਦਾ ਹੈ ਪਰ ਵਿਵਹਾਰਕ ਰੂਪ ਵਿਚ ਵਾਤਾਵਰਨ ਨੂੰ ਬਚਾਉਣ ਵਿਚ ਜੋ ਟੀਚੇ ਮਿੱਥੇ ਹੁੰਦੇ ਹਨ, ਉਨ੍ਹਾਂ 'ਤੇ ਨਹੀਂ ਪਹੁੰਚਿਆ ਜਾਂਦਾ ਹੈ। ਸਾਡੇ ਲਈ ਕੁਦਰਤ ਕਿੰਨੀ ਜ਼ਰੂਰੀ ਹੈ, ਇਸ ਬਾਰੇ ਵੀ ਸਾਨੂੰ ਵਿਚਾਰ ਚਰਚਾ ਕਰਨੀ ਚਾਹੀਦੀ ਹੈ। ਅਸੀਂ ਜੋ ਭੋਜਨ ਖਾਂਦੇ ਹਾਂ, ਜਿਸ ਹਵਾ ਵਿਚ ਸਾਹ ਲੈਂਦੇ ਹਾਂ, ਪਾਣੀ ਪੀਂਦੇ ਹਾਂ ਅਤੇ ਜਲਵਾਯੂ ਜੋ ਸਾਡੀ ਧਰਤੀ ਨੂੰ ਰਹਿਣ ਯੋਗ ਬਣਾਉਂਦੀ ਹੈ, ਇਹ ਸਭ ਕੁਝ ਕੁਦਰਤ ਤੋਂ ਮਿਲਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਬਹੁਤ ਸਾਰੀਆਂ ਪ੍ਰਜਾਤੀਆਂ ਸਾਡੇ ਵਿਚੋਂ ਅਲੋਪ ਹੋ ਚੁੱਕੀਆਂ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਕਈ ਹੋਰ ਦੁਰਲੱਭ ਪ੍ਰਜਾਤੀਆਂ ਅਲੋਪ ਹੋ ਜਾਣਗੀਆਂ, ਜਿਸ ਦਾ ਨਤੀਜਾ ਸਾਨੂੰ ਕੁਦਰਤੀ ਕਰੋਪੀਆਂ ਦੇ ਰੂਪ ਵਿਚ ਝੱਲਣਾ ਪਵੇਗਾ। ਕੁਦਰਤ ਦੀ ਖ਼ੂਬਸੂਰਤੀ ਵਿਚ ਵਾਤਾਵਰਨ ਦਾ ਯੋਗਦਾਨ ਅਤੇ ਸਮਾਜ ਲਈ ਧਰਤ, ਪਾਣੀ ਅਤੇ ਹਵਾ ਦੀ ਮਹੱਤਤਾ ਬਹੁਤ ਜ਼ਿਆਦਾ ਜ਼ਰੂਰੀ ਹੈ। ਗੁਰਬਾਣੀ ਦੇ ਪੂਰੇ ਫਲਸਫੇ ਵਿਚ ਕੁਦਰਤ ਦੀ ਬਹੁਤ ਵਡਿਆਈ ਕੀਤੀ ਗਈ ਹੈ। ਮੌਜੂਦਾ ਸਮੇਂ ਵਿਚ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ, ਜੋ ਕਿ ਆਉਣ ਵਾਲੇ ਸਮੇਂ ਵਿਚ ਇੱਕ ਵੱਡੀ ਸਮੱਸਿਆ ਬਣ ਕੇ ਸਾਡੇ ਸਾਹਮਣੇ ਹੋਵੇਗਾ। ਇਸ ਲਈ ਜੇਕਰ ਅਸੀਂ ਆਪਣੀ ਧਰਤੀ ਨੂੰ ਬਚਾਉਣਾ ਹੈ, ਤਾਂ ਸਾਨੂੰ ਉਨ੍ਹਾਂ ਸਾਰੇ ਪਹਿਲੂਆਂ ਦਾ ਧਿਆਨ ਰੱਖਣਾ ਪਵੇਗਾ, ਜੋ ਕਿ ਕੁਦਰਤੀ ਹਨ ਅਤੇ ਲੰਬੇ ਸਮੇਂ ਤੋਂ ਮਨੁੱਖ ਉਨ੍ਹਾਂ ਦਾ ਫਾਇਦਾ ਚੁੱਕ ਰਿਹਾ ਹੈ। ਸੋ ਲੋੜ ਹੈ, ਅਸੀਂ ਸੰਯੁਕਤ ਰਾਸ਼ਟਰ ਦੇ ਇਸ ਯਤਨ ਨਾਲ ਜੁੜੀਏ ਅਤੇ ਹਰੇਕ ਪੱਧਰ 'ਤੇ ਕੁਦਰਤ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸਾਫ-ਸੁਥਰਾ ਵਾਤਾਵਰਨ ਦਿੱਤਾ ਜਾ ਸਕੇ। ਮਨੁੱਖ ਦੁਆਰਾ ਹੁਣ ਤੱਕ ਕੀਤੇ ਵਿਕਾਸ ਨੇ ਕੁਦਰਤ ਨਾਲ ਇੰਨੀ ਛੇੜਖਾਨੀ ਕਰ ਦਿੱਤੀ ਹੈ ਕਿ ਕਿਸੇ ਵੀ ਸਮੇਂ ਧਰਤੀ 'ਤੇ ਕੋਈ ਵੀ ਕਰੋਪੀ ਵਾਪਰ ਸਕਦੀ ਹੈ। ਸੋ ਸਾਨੂੰ ਵਿਸ਼ਵ ਪੱਧਰ 'ਤੇ ਤੈਅ ਕੀਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਅਸੀਂ ਆਪਣੀ ਕੁਦਰਤ ਨੂੰ ਬਚਾ ਸਕੀਏ ਅਤੇ ਸਮਾਜ ਵਿਚ ਇੱਕ ਚੰਗੇ ਮਨੁੱਖ ਦੀ ਭੂਮਿਕਾ ਨਿਭਾਉਂਦੇ ਹੋਏ ਸਮਾਜਿਕ ਸੰਤੁਲਨ ਬਣਾ ਕੇ ਰੱਖ ਸਕੀਏ। ਵਾਤਾਵਰਣ ਸੰਭਾਲ ਦੀ ਵਿਸ਼ਵਵਿਆਪੀ ਕੋਸ਼ਿਸ਼ ਵਿਚ, ਹਰੇਕ ਵਿਅਕਤੀ ਦਾ ਯੋਗਦਾਨ, ਬਹੁਤ ਮਹੱਤਵ ਰੱਖਦਾ ਹੈ। ਨੈਸ਼ਨਲ ਕੈਡੇਟ ਕੋਰ (ਐੱਨ.ਸੀ.ਸੀ.), ਅਨੁਸ਼ਾਸਿਤ ਅਤੇ ਪ੍ਰੇਰਿਤ ਕੈਡਿਟਾਂ ਦੇ ਆਪਣੇ ਵਿਸ਼ਾਲ ਨੈੱਟਵਰਕ ਦੇ ਨਾਲ, ਇਸ ਕੋਸ਼ਿਸ਼ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਐੱਨ.ਸੀ.ਸੀ. ਕੈਡਿਟ, ਆਪਣੀ ਸਿਖਲਾਈ ਅਤੇ ਸੇਵਾ ਪ੍ਰਤੀ ਵਚਨਬੱਧਤਾ ਦੁਆਰਾ, ਵਾਤਾਵਰਣ ਨੂੰ ਬਚਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਲਈ ਵਧੇਰੇ ਯੋਗ ਹਨ। ਐੱਨ.ਸੀ.ਸੀ. ਦੀ ਸਿਖਲਾਈ ਕੈਡਿਟ ਵਿਚ ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀ ਹੈ, ਜੋ ਵਾਤਾਵਰਨ ਸੰਭਾਲ ਲਈ ਬਹੁਤ ਜ਼ਰੂਰੀ ਗੁਣ ਹੈ। ਕੈਡਿਟ ਅਨੁਸ਼ਾਸਨ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਮਹੱਤਤਾ ਨੂੰ ਸਿੱਖਦੇ ਹਨ, ਜੋ ਕੁਦਰਤ ਪ੍ਰਤੀ ਸਤਿਕਾਰ ਅਤੇ ਮਨੁੱਖੀ ਵਿਵਹਾਰ ਵਿਚ ਬਦਲਾਵ ਕਰਦਾ ਹੈ। ਮੁੱਢਲੇ ਰੂਪ ਵਿਚ ਵਾਤਾਵਰਨ ਦੀ ਸੰਭਾਲ ਪ੍ਰਤੀ ਚੇਤਨ ਹੋਣਾ ਭਾਵੇਂ ਸਫਾਈ ਬਣਾਈ ਰੱਖਣ ਦੀ ਚੇਤਨਾ ਪੈਦਾ ਕਰਨਾ ਹੈ ਜਾਂ



ਸਰੋਤਾਂ ਦੀ ਸੰਭਾਲ ਕਰਨਾ ਹੈ। ਇਹ ਸਿਧਾਂਤ ਕੈਡਿਟ ਨੂੰ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਮਾਰਗ ਦਰਸ਼ਨ ਕਰਦੇ ਹਨ। ਇਸ ਤੋਂ ਇਲਾਵਾ, ਐੱਨ.ਸੀ.ਸੀ. ਗਤੀਵਿਧੀਆਂ ਵਿਚ ਅਕਸਰ ਵੱਖ-ਵੱਖ ਪ੍ਰਕਾਰ ਦੇ ਅਭਿਆਸ ਅਤੇ ਕੈਂਪ ਸ਼ਾਮਲ ਹੁੰਦੇ ਹਨ, ਜੋ ਕਿ ਕੈਡਿਟ ਨੂੰ ਵਾਤਾਵਰਣ ਦੀ ਅਹਿਮੀਅਤ ਅਤੇ ਮਨੁੱਖੀ ਜੀਵਨ ਵਿਚ ਇਸਦੇ ਪ੍ਰਭਾਵ ਪ੍ਰਤੀ ਅਨੁਭਵ ਪ੍ਰਦਾਨ ਕਰਦੇ ਹਨ। ਕੁਦਰਤ ਅਤੇ ਕੁਦਰਤੀ ਸਾਧਨਾਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਕੈਡਟ ਅਤੇ ਇਸਨੂੰ ਸੁਰੱਖਿਅਤ ਕਰਨ ਦੀ ਤੁਰੰਤ ਲੋੜ ਨੂੰ ਪਛਾਣਦੇ ਹਨ। ਇਹ ਜਾਗਰੂਕਤਾ ਕੈਡਿਟ ਵਿਚ ਮਨੁੱਖੀ ਤੌਰ 'ਤੇ ਨੈਤਿਕਤਾ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਉਨ੍ਹਾਂ ਨੂੰ ਵਾਤਾਵਰਨ ਸੰਭਾਲ ਲਈ ਉਚੇਚੇ ਕਦਮ ਚੁੱਕਣ ਲਈ ਪ੍ਰੇਰਿਤ ਕਰਦੀ ਹੈ। ਐੱਨ.ਸੀ.ਸੀ. ਕੈਡੇਟ ਨੂੰ ਲੀਡਰਸ਼ਿਪ ਦੇ ਗੁਣ ਅਤੇ ਟੀਮ ਵਰਕ ਵਿਚ ਵੀ ਸਿਖਲਾਈ ਦਿੱਤੀ ਜਾਂਦੀ ਹੈ, ਕੈਡਟ ਵਜੋਂ ਵਾਤਾਵਰਣ ਨੂੰ ਵੱਖ-ਵੱਖ ਢੰਗ ਤਰੀਕਿਆਂ ਨਾਲ ਬਚਾਉਣ ਲਈ ਕੀਤੀਆਂ ਪਹਿਲਕਦਮੀਆਂ ਅਤੇ ਹਰੇਕ ਸਥਿਤੀ ਵਿਚ ਜ਼ਿੰਦਗੀ ਜਿਊਣ ਦੇ ਜ਼ਰੂਰੀ ਹੁਨਰ ਲਈ ਐੱਨ.ਸੀ.ਸੀ. ਦੀ ਵੱਖਰੀ ਮਹੱਤਤਾ ਹੈ, ਇਸ ਦੇ ਅੰਤਰਗਤ ਚਾਹੇ ਰੁੱਖ ਲਗਾਉਣ ਦੀਆਂ ਮੁਹਿੰਮਾਂ ਦਾ ਆਯੋਜਨ ਕਰਨਾ, ਸਫਾਈ ਮੁਹਿੰਮਾਂ ਦਾ ਆਯੋਜਨ ਕਰਨਾ, ਜਾਂ ਵਾਤਾਵਰਨ ਸੰਭਾਲ ਬਾਰੇ ਜਾਗਰੂਕਤਾ ਵਧਾਉਣਾ, ਕੈਡਿਟ ਆਪਣੇ ਆਲੇ-ਦੁਆਲੇ ਵਿਚ ਤਬਦੀਲੀ ਲਿਆਉਣ ਲਈ ਮਿਲ ਕੇ ਕੰਮ ਕਰਦੇ ਹਨ। ਉਨ੍ਹਾਂ ਦੇ ਸਮੂਹਿਕ ਯਤਨ ਵਾਤਾਵਰਣ ਸੰਭਾਲ ਦੇ ਯਤਨਾਂ ਦੇ ਪ੍ਰਭਾਵ ਨੂੰ ਵਧਾਉਂਦੇ ਹਨ, ਇਹ ਕੈਡੇਟ ਸਮਾਜ ਦੇ ਸਹਿਯੋਗ ਅਤੇ ਨਾਗਰਿਕ ਵਜੋਂ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ। ਇਸ ਤੋਂ ਇਲਾਵਾ, ਐੱਨ.ਸੀ.ਸੀ. ਪਾਠਕ੍ਰਮ ਵਿਚ ਆਫ਼ਤ ਪ੍ਰਬੰਧਨ ਬਾਰੇ ਜਾਣਕਾਰੀ ਸ਼ਾਮਲ ਹਨ, ਜੋ ਕਿ ਕੈਡਿਟ ਨੂੰ ਵਾਤਾਵਰਨ ਸੰਕਟਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਹੁਨਰਮੰਦ ਵਜੋਂ ਤਿਆਰ ਕਰਦੇ ਹਨ। ਹੜ੍ਹਾਂ ਅਤੇ ਜੰਗਲੀ ਅੱਗ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਲੈ ਕੇ ਮਨੁੱਖ ਪ੍ਰੇਰਿਤ ਐਮਰਜੈਂਸੀ ਜਿਵੇਂ ਕਿ ਪ੍ਰਦੂਸ਼ਣ ਫੈਲਣ ਤੱਕ, ਐੱਨ.ਸੀ.ਸੀ. ਕੈਡਿਟ ਨੂੰ ਰਾਹਤ ਕਾਰਜਾਂ ਵਿਚ ਸਹਾਇਤਾ ਕਰਨ ਅਤੇ ਵਾਤਾਵਰਣ 'ਤੇ ਪੈ ਰਹੇ ਬੁਰੇ ਪ੍ਰਭਾਵ ਨੂੰ ਘਟਾਉਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਵਾਤਾਵਰਣ ਸੰਭਾਲ ਦੇ ਯਤਨਾਂ ਵਿਚ ਆਪਣੀ ਸਰਗਰਮ ਸ਼ਮੂਲੀਅਤ ਤੋਂ ਇਲਾਵਾ, ਐੱਨ.ਸੀ.ਸੀ. ਕੈਡਿਟ ਆਪਣੇ ਸਮੇਂ ਵਿਚ ਰੋਲ ਮਾਡਲ ਅਤੇ ਵਕੀਲ ਵਜੋਂ ਕੰਮ ਕਰਦੇ ਹਨ। ਵਾਤਾਵਰਣ ਅਨੁਕੂਲ ਗਤਿਵਿਧਿਆਂ ਨੂੰ ਉਤਸ਼ਾਹਿਤ ਕਰਕੇ, ਉਹ ਦੂਜਿਆਂ ਨੂੰ ਇਸ ਕਾਰਜ ਵਿਚ ਸ਼ਾਮਲ ਹੋਣ ਅਤੇ ਇਸ ਸੰਦੇਸ਼ ਨੂੰ ਵੱਖ-ਵੱਖ ਲੋਕ ਸਮੂਹ ਤੱਕ ਪਹੁੰਚਾਉਣ ਲਈ ਪ੍ਰੇਰਿਤ ਕਰਦੇ ਹਨ। ਵੱਖ-ਵੱਖ ਪ੍ਰੋਗਰਾਮਾਂ ਅਤੇ ਵਿਦਿਅਕ ਗਤੀਵਿਧੀਆਂ ਰਾਹੀਂ, ਕੈਡਿਟ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਉਂਦੇ ਹਨ ਅਤੇ ਵਿਅਕਤੀਆਂ ਨੂੰ ਇਸ ਕਾਰਜ ਵਿਚ ਸ਼ਾਮਿਲ ਕਰਦੇ ਹਨ, ਜੋ ਵਾਤਾਵਰਨ ਦੀ ਸਾਂਭ ਸੰਭਾਲ ਲਈ ਅੱਗੇ ਵਧ ਕੇ ਵਿਸ਼ੇਸ਼ ਕਾਰਜ ਕਰ ਸਕਦੇ ਹੋਣ, ਐੱਨ.ਸੀ.ਸੀ. ਕੈਡਿਟ ਵਾਤਾਵਰਨ ਨੂੰ ਬਚਾਉਣ, ਆਪਣੀ ਸਿਖਲਾਈ, ਕਦਰਾਂ-ਕੀਮਤਾਂ ਅਤੇ ਕਰਤੱਵ ਦੀ ਭਾਵਨਾ ਨੂੰ ਸਕਾਰਾਤਮਕ ਪ੍ਰਭਾਵ ਬਣਾਉਣ ਲਈ ਬਹੁਪੱਖੀ ਭੂਮਿਕਾ ਨਿਭਾਉਂਦੇ ਹਨ। ਰਾਸ਼ਟਰੀ ਸੁਰੱਖਿਆ ਅਤੇ ਵਾਤਾਵਰਣ ਸਥਿਰਤਾ ਦੋਵਾਂ ਦੇ ਨਾਲ ਸਬੰਧਿਤ ਹੋਣ ਦੇ ਨਾਤੇ, ਕੈਡਿਟ ਸੇਵਾ ਦੀ ਭਾਵਨਾ ਨੂੰ ਧਾਰਨ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਹਰੇ-ਭਰੇ ਵਾਤਾਵਰਨ ਅਤੇ ਚੰਗੇ ਭਵਿੱਖ ਦੇ ਨਿਰਮਾਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਵਿਸ਼ਵ ਪੱਧਰ 'ਤੇ ਇਸ ਗੱਲ ਦਾ ਫਿਕਰ ਹੋ ਰਿਹਾ ਹੈ ਕਿ ਮਨੁੱਖ ਦੀ ਕੁਦਰਤ ਨਾਲ ਛੇੜਛਾੜ ਉਸਨੂੰ ਵਿਸ਼ਵ ਦੇ ਖਾਤਮੇ ਵੱਲ ਲੈ ਕੇ ਜਾ ਰਹੀ ਹੈ। ਤਕਨਾਲੋਜੀ ਦੇ ਵਿਕਾਸ ਨੇ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕਰਕੇ ਮਨੁੱਖ ਲਈ ਬਹੁਤ ਸਾਰੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਇਨ੍ਹਾਂ ਵਿਚ ਸਭ ਤੋਂ ਵੱਡੀ ਸਮੱਸਿਆ ਹੈ ਕਿ ਕਿਵੇਂ ਸਾਫ-ਸੁਥਰੇ ਵਾਤਾਵਰਣ ਦੀ ਪੁਨਰ ਸਥਾਪਿਤੀ ਕੀਤੀ ਜਾਵੇ। ਵਿਸ਼ਵ ਪੱਧਰ 'ਤੇ ਅਜਿਹੇ ਯਤਨ ਹੋ ਰਹੇ ਹਨ ਕਿ ਕਿਸ ਤਰ੍ਹਾਂ ਕੁਦਰਤੀ ਕਰੋਪੀਆਂ ਤੋਂ ਬਚਿਆ ਜਾ ਸਕੇ। ਸੋ ਲੋੜ ਹੈ ਕਿ ਗੁਰੂ ਸਹਿਬਾਨ ਦੇ ਫਲਸਫੇ ਨੂੰ ਅੱਗੇ ਤੋਰਦੇ ਹੋਏ, ਕੁਦਰਤ ਦੀ ਕਦਰ ਕਰੀਏ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਾਫ-ਸੁਥਰੀ ਹਵਾ ਵਿਚ ਸਾਹ ਲੈ ਸਕਣ। ਰੁੱਖ ਲਗਾਈਏ ਅਤੇ ਉਨ੍ਹਾਂ ਦੀ ਸਾਭ ਸੰਭਾਲ ਕਰੀਏ। ਇਸ ਤਰ੍ਹਾਂ ਕਰਕੇ ਅਸੀਂ ਆਪਣੇ ਵਰਤਮਾਨ ਅਤੇ ਭਵਿੱਖ ਦੋਹਾਂ ਦਾ ਫਿਕਰ ਕਰ ਸਕਦੇਂ ਹਾਂ।

# ਮਨ ਦੀ ਮੈਨਾ

## ਕਹਾਣੀ

ਡਾਕਟਰ ਅਜੀਤ ਸਿੰਘ
ਕੋਟਕਪੂਰਾ
585-305-0443
ਪੰਜਾਬ ਮੇਲ USA



ਮੇਰਾ ਨਾਂ ਮੋਹਨ ਹੈ ਅਤੇ ਮੈਂ ਹਾਂ ਇਸ ਘਰ ਦਾ ਸਭ ਤੋਂ ਵੱਡਾ ਮੈਂਬਰ। ਮੈਨੂੰ ਮੇਰਾ ਪੋਤਾ ਅਤੇ ਪੋਤੀ ਪਿਆਰ ਨਾਲ ਦਾਦੂ ਆਖਦੇ ਹਨ। ਵਾਹਿਗੁਰੂ ਦਾ ਸ਼ੁਕਰ ਹੈ ਕਿ ਮੇਰੇ ਅੰਦਰ ਦੀ ਮੈਨਾ ਨੂੰ ਕੋਈ ਵੀ ਸੁਣ ਨਹੀਂ ਸਕਦਾ ਪ੍ਰੰਤੂ ਇਹ ਮਨ ਦੀ ਮੈਨਾ ਵੀ ਮਜਬੂਰ ਹੈ, ਚੁੱਪ ਇਹ ਵੀ ਨਹੀਂ ਰਹਿ ਸਕਦੀ। ਹਰ ਵੇਲੇ ਕੁਝ ਨਾ ਕੁਝ ਉਚਰਦੀ ਰਹਿੰਦੀ ਹੈ।

ਰਾਣੀ ਬੇਟਾ, ਸ਼ਾਲੂ ਨੂੰ ਸਮੇਂ ਤੋਂ ਪਹਿਲਾਂ ਉਠਾ ਦਿਆ ਕਰ, ਤਾਂ ਜੋ ਇਹ ਵੀ ਆਤਮ ਨਿਰਭਰ ਹੋ ਸਕੇ। ਰਾਣੀ ਆਖਦੀ ਹੈ, ਮੈਂ ਤਾਂ ਅਵਾਜ਼ਾਂ ਮਾਰ-ਮਾਰ ਥੱਕ ਜਾਂਦੀ ਹਾਂ, ਇਹ ਕਦੋਂ ਮੇਰੀ ਸੁਣਦੀ ਹੈ। ਰਾਣੀ ਮੇਰੀ ਨੂੰਹ ਹੈ ਅਤੇ ਸ਼ਾਲੂ ਮੇਰੀ ਪੋਤੀ ਹੈ, ਜੋ ਸੌਣ ਦੀ ਸ਼ੌਕੀਨ ਹੈ ਤੇ ਉਸ ਨੂੰ ਉਠਾਉਣ ਲਈ ਕਾਫੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਇਹ ਜੱਦੋ-ਜਹਿਦ ਲਗਭਗ ਰੋਜ਼ਾਨਾ ਦਾ ਕਿੱਸਾ ਹੈ। ਸ਼ਾਲੂ ਨੂੰ ਜਗਾਉਣ ਦੀਆਂ ਕੋਸ਼ਿਸ਼ਾਂ ਕਾਰਨ ਮੇਰੀ ਨੂੰਹ ਮੇਰੀ ਨੀਂਦ ਨੂੰ ਉਡਾ ਦਿੰਦੀ ਹੈ। ਇਸ ਕਾਰਨ ਹੀ ਮੈਂ ਥੋੜ੍ਹਾ ਪਹਿਲਾਂ ਹੀ ਉੱਠ ਪੈਂਦਾ ਹਾਂ।

ਇਕ ਦਿਨ ਮੈਂ ਸਵੇਰ ਦੀ ਸੈਰ ਲਈ ਸਮੁੰਦਰ ਕੰਢੇ ਚਲਾ ਜਾਂਦਾ ਹਾਂ। ਉਥੇ ਕੋਈ ਤੇਜ਼ ਰਫਤਾਰ ਨਾਲ ਚੱਲ ਰਿਹਾ ਹੈ, ਕੋਈ ਦੌੜ ਰਿਹਾ ਹੈ। ਸਾਰੇ ਦੇ ਸਾਰੇ ਰਸਤੇ ਨੂੰ ਮੰਜ਼ਿਲ ਬਣਾਉਣ ਖਾਤਿਰ ਅਗੇ ਵੱਧ ਰਹੇ ਹਨ। ਜਵਾਨ ਮੁੰਡੇ-ਕੁੜੀਆਂ ਅੰਦਰ ਜਾਗਿੰਗ, ਜੰਪਿੰਗ ਅਤੇ ਉੱਛਲਣ ਕੁੱਦਣ ਦੇ ਨਵੇਂ-ਨਵੇਂ ਢੰਗ ਲੱਭ ਸਿਹਤਵੰਦ ਹੋ ਜਾਣ ਦੀ ਦੌੜ ਲੱਗੀ ਹੋਈ ਹੈ। ਮੋਟਾਪਾ ਘਟਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਕੋਈ ਵੀ ਨਹੀਂ ਸੋਚ ਰਿਹਾ ਕਿ ਮੋਟਾਪਾ ਚੜ੍ਹਿਆ ਕਿਉਂ ਹੈ। ਜਿਹੜਾ ਜੰਕ ਭੋਜਨ ਜੀਭ ਦੇ ਸੁਆਦ ਪੂਰਾ ਕਰਨ ਲਈ ਵਰਤਿਆ ਜਾ ਰਿਹਾ ਹੈ, ਜੇ ਉਸ ਵੱਲ ਧਿਆਨ ਦਿੱਤਾ ਜਾਵੇ ਤੇ ਸਿਹਤਵੰਦ ਭੋਜਨ ਖਾਧਾ ਜਾਵੇ, ਤਾਂ ਮੋਟਾਪੇ ਤੋਂ ਕਿਨਾਰਾ ਹੋ ਸਕਦਾ ਹੈ। ਮੈਂ ਵੀ ਇਸ ਦੌੜ ਵਿਚ ਸ਼ਾਮਲ ਹਾਂ ਅਤੇ ਇਸ ਰਸਤੇ ਉਪਰੋਂ ਲੰਘ ਰਿਹਾ ਹਾਂ। ਲੰਘ ਜਾਣ ਦਾ ਅਰਥ ਹੈ ਕਿ ਹਰ ਰਸਤੇ ਤੋਂ ਲੰਘਣਾ, ਭਾਵੇਂ ਖੁਸ਼ੀ ਨਾਲ ਲੰਘੋ, ਮਾਯੂਸੀ ਨਾਲ ਲੰਘੋ, ਜਾਂ ਮਨ ਵਿਚ ਕੋਈ ਰੰਜਸ਼ ਲੈ ਕੇ ਲੰਘੋ। ਇਹ ਗੱਲ ਵਿਚਾਰਨ ਵਾਲੀ ਹੈ ਕਿ ਹਰ ਦੌਰ ਵਿਚੋਂ ਲੰਘੇ ਬਿਨਾਂ ਕੋਈ ਚਾਰਾ ਵੀ ਨਹੀਂ ਹੈ। ਪਰ ਮੇਰੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਹਰ ਰਸਤੇ ਤੋਂ ਖੁਸ਼ੀ ਨਾਲ ਹੀ ਲੰਘਾਂ ਤੇ ਉਸ ਰਸਤੇ 'ਤੇ ਚੱਲਾਂ, ਜਿਹੜਾ ਮੰਜ਼ਿਲ ਵਲ ਸੇਧਿਤ ਹੈ।

ਇਸ ਗੈਰ ਬਰਾਬਰੀ ਦੇ ਜ਼ਮਾਨੇ ਅੰਦਰ ਬਰਾਬਰੀ ਦੀ ਗੱਲ ਮੇਰਾ ਧਿਆਨ ਆਪਣੇ ਵੱਲ ਖਿੱਚਦੀ ਹੈ ਕਿ ਸਮੁੰਦਰੀ ਲਹਿਰਾਂ ਅਤੇ ਮਨੁੱਖੀ ਮਨ ਦੀਆਂ ਉਡਾਰੀਆਂ ਵਿਚ ਕੋਈ ਬਹੁਤਾ ਫਰਕ ਨਹੀਂ ਹੈ। ਹਰ ਸਮੁੰਦਰੀ ਲਹਿਰ ਕਿਨਾਰੇ ਨਾਲ ਟੱਕਰ ਖਾ ਕੇ ਮੁੜਦੀ ਉਸ ਤੋਂ ਪਿੱਛੋਂ ਦੂਸਰੀ ਲਹਿਰ, ਫੇਰ ਅਗਲੀ ਲਹਿਰ, ਇਸ ਆਵਾਗਮਨ ਦੇ ਚੱਕਰ ਵਿਚ, ਸਾਥ ਅਤੇ ਸਹਿਯੋਗ ਦਿਆ ਕਰਦੀ ਹੈ। ਲਹਿਰਾਂ ਦਾ ਇਹ ਸਫ਼ਰ ਨਿਰੰਤਰ ਜਾਰੀ ਹੈ। ਇਹੋ ਜਿਹਾ ਹੀ ਕੁਝ ਦਿਲ ਨਾਲ ਹੋਇਆ ਕਰਦਾ ਹੈ, ਇਕ ਦਿਲ ਦੇ ਵਿਚ ਉਠਿਆ ਵਿਚਾਰ ਮਨ ਦੀ ਕੰਧ ਨਾਲ ਟਕਰਾ ਕੇ ਮੁੜਦਾ ਹੈ, ਤਾਂ ਅਗਲਾ ਵਿਚਾਰ ਸਿਰ ਚੁੱਕੀ ਖੜ੍ਹਾ ਹੁੰਦਾ ਹੈ। ਇਸੇ ਕਾਰਨ ਹੀ ਮਨ ਦੀ ਮੈਨਾ ਵੀ ਕੁਝ ਨਾ ਕੁਝ ਬੋਲਦੀ ਰਹਿੰਦੀ ਹੈ ਅਤੇ ਚੁੱਪ ਨਹੀਂ ਰਹਿ ਸਕਦੀ।

ਮੈਂ ਜਦੋਂ ਸੈਰ ਤੋਂ ਬਾਅਦ ਘਰ ਵਿਚ ਪੁੱਜਾ, ਤਾਂ ਦੇਖਿਆ ਕਿ ਸਾਡੇ ਘਰ ਅੰਦਰ ਵੀ ਤੇਜ਼ ਘਮਾਸਾਨ ਯੁੱਧ ਚੱਲ ਰਿਹਾ ਹੈ। ਟੀ.ਵੀ. ਇਤਨੀ ਉੱਚੀ ਆਵਾਜ਼ ਵਿਚ ਚੱਲ ਰਿਹਾ ਹੈ ਕਿ ਸੁਣਨ ਦਾ ਯਤਨ ਕਰਨ ਲਈ ਹਰ ਆਦਮੀ ਨੂੰ ਬੋਲਾਪਣ ਮਹਿਸੂਸ ਹੋ ਰਿਹਾ ਹੈ। ਮੇਰਾ ਪੋਤਾ ਪਿੰਕਾ ਕੰਨ ਵਿਚ ਟੂਟੀਆਂ ਲੈ ਕੇ ਮਸਤ ਲੱਕ ਨੂੰ ਹਿਲਾ ਰਿਹਾ ਹੈ, ਜਿਵੇਂ ਉਸ ਨੇ ਡਾਂਸਰ ਬਣਨ ਦੀ ਸੌਂਹ ਖਾਧੀ ਹੋਈ ਹੈ। ਅੱਗੇ ਵਧਦਾ ਹਾਂ ਤਾਂ ਦੇਖਿਆ ਕਿ ਰਾਣੀ ਵੀ ਸਾਈਕਲ ਚਲਾ ਰਹੀ ਹੈ, ਇਹ ਅਜਿਹਾ ਸਾਈਕਲ, ਜਿਸ ਨੂੰ ਜਿਤਨਾ ਮਰਜ਼ੀ ਚਲਾ ਲਵੋ, ਇਹ ਤੁਹਾਨੂੰ ਕੀਤੇ ਵੀ ਨਹੀਂ ਪੁਚਾ ਸਕਦਾ, ਤੁਸੀਂ ਆਪਣਾ ਪਸੀਨਾ ਵਹਾ ਰਹੇ ਹੋ ਪਰ ਉਥੇ ਹੀ ਖੜ੍ਹੋਤੇ ਹੋ। ਉਸ ਦੇ ਭਾਰੀਪਨ ਦਾ ਅਸਰ ਮਹਿਸੂਸ ਕਰਦੇ ਸਾਈਕਲ ਦੇ ਪੈਡਲ ਵੀ ਚੂੰ-ਚੂੰ ਦੀ ਆਵਾਜ਼ ਕੱਢਦੇ ਪਏ ਹਨ। ਇਕ ਸਾਈਕਲ ਉਹ ਸੀ, ਜਿਸ ਨੂੰ ਅਸੀਂ ਚਲਾਇਆ ਕਰਦੇ ਸੀ, ਦੂਰੀ ਵੀ ਤਹਿ ਹੁੰਦੀ ਸੀ ਤੇ ਪਸੀਨੇ ਨਾਲ ਵੀ ਤਰੋ-ਤਰ ਹੋ ਜਾਈਦਾ ਸੀ, ਕਸਰਤ ਵੀ ਹੋ ਜਾਇਆ ਕਰਦੀ ਸੀ। ਮੈਨੂੰ ਦੇਖਦੇ ਹੀ ਰਾਣੀ ਆਖਦੀ ਹੈ ਕਿ ਡੈਡੀ ਤੁਸੀਂ ਆ ਗਏ, ਮੈਂ ਤੁਹਾਡੇ ਲਈ ਚਾਹ ਬਣਾਉਂਦੀ ਹਾਂ। ਤੁਸੀਂ ਪਲੀਜ਼ ਮੇਰਾ ਇੱਕ ਛੋਟਾ ਜਿਹਾ ਕੰਮ ਕਰ ਦਿਉ। ਮੈਂ ਝੱਟ ਹੀ ਆਖਿਆ, ਹਾਂ ਜੀ ਬੇਟਾ, ਦੱਸੋ। ਮੈਂ ਸੋਫੇ 'ਤੇ ਬੈਠਣ ਦਾ ਯਤਨ ਕਰਦਿਆਂ ਪੁੱਛਿਆ। ਮੇਰੇ ਮਨ ਦੀ ਮੈਨਾ ਹੋਲੀ ਜਿਹੀ ਬੋਲਦੀ ਹੈ ਕਿ ਮੈਨੂੰ ਤਕਦਿਆਂ ਹੀ ਇਸ ਨੂੰ ਕੰਮ ਯਾਦ ਆ ਜਾਂਦਾ ਹੈ, ਪਾਣੀ ਤਾਂ ਪੁੱਛਿਆ ਹੀ ਨਹੀਂ। ਘਰ ਦਾ ਵਾਧੂ ਮੈਂਬਰ ਜੋ ਹਾਂ, ਕੰਮ ਤਾਂ ਕੋਈ ਕਰਦਾ ਹੀ ਨਹੀਂ ਹਾਂ। ਸਾਰਾ ਦਿਨ ਮੰਜਾ ਹੀ ਤੋੜਦਾ ਰਹਿੰਦਾ ਹਾਂ। ਡੈਡੀ ਮੇਰੇ ਸਾਈਕਲ ਦੇ ਪੈਡਲਾਂ ਨੂੰ ਅਤੇ ਚੱਕਿਆਂ ਨੂੰ ਥੋੜ੍ਹਾ ਤੇਲ ਹੀ ਦੇ ਦਿਓ। ਮੈਂ ਹੁਣੇ ਤੇਲ ਲੈ ਕੇ ਆਈ। ਦੇਖੋ ਕਿਵੇਂ ਆਵਾਜ਼ਾਂ ਕੱਢ ਰਹੇ ਹਨ। ਮਨ ਦੀ ਮੈਨਾ ਬੋਲ ਪੈਂਦੀ ਹੈ ਕਿ ਸਾਰਾ ਦਿਨ ਵੇਹਲੀ ਟੀ.ਵੀ. ਵੇਖਦੀ ਰਹਿੰਦੀ ਹੈ, ਘਰ ਦੇ ਕੰਮਾਂ ਲਈ ਤਾਂ ਨੌਕਰ ਹਨ, ਕੰਮ ਕੋਈ ਹੈ ਨਹੀਂ, ਮੋਟਾਪਾ ਨਹੀਂ ਆਵੇਗਾ ਤੇ ਹੋਰ ਕੀ ਹੋਵੇਗਾ। ਮੈਨਾ ਦੇ ਬੋਲ ਤਾਂ ਮੈਂ ਹੀ ਸੁਣ ਸਕਦਾ ਹਾਂ। ਪਰ ਇਹ ਮੈਨਾ ਮੈਨੂੰ ਬਹੁਤ ਤਸੱਲੀ ਦਿੰਦੀ ਹੈ। ਜੋ ਮੈਂ ਨਹੀਂ ਕਹਿ ਸਕਦਾ, ਇਹ ਆਖ ਦਿੰਦੀ ਹੈ। ਰਾਣੀ ਸਾਈਕਲ ਲਈ ਤੇਲ ਮੈਨੂੰ ਦੇ ਕੇ ਚਲੀ ਜਾਂਦੀ ਹੈ। ਮੇਰੇ ਲਈ ਚਾਹ ਬਣਾਉਣੀ ਉਹ ਭੁੱਲ ਗਈ ਹੈ ਪ੍ਰੰਤੂ ਤੇਲ ਤਾਂ ਯਾਦ ਰਹਿ ਗਿਆ ਹੈ। ਮੈਂ ਤੇਲ ਦੇਣ ਵਿਚ ਵਿਅਸਤ ਹੋ ਜਾਂਦਾ ਹਾਂ। ਤੇਲ ਦੇ ਕੇ ਮੈਂ ਥੋੜ੍ਹੀ ਦੇਰ ਚਾਹ ਦਾ ਇੰਤਜ਼ਾਰ ਕਰਦਾ ਹਾਂ। ਮੈਨਾ ਨੂੰ ਚੁੱਪ ਕਰਵਾ ਕੇ ਮੈਂ ਰਸੋਈ ਵਿਚ ਚਾਹ ਬਣਾਉਣ ਲੱਗਦਾ ਹਾਂ। ਮੇਰੇ ਬੇਟੇ ਦੀ ਆਵਾਜ਼ ਆਉਂਦੀ ਹੈ ਕਿ ਡੈਡੀ ਪਲੀਜ਼ ਚਾਹ ਦਾ ਇੱਕ ਕੱਪ ਮੈਂ ਵੀ ਲਵਾਂਗਾ। ਮੈਂ ਪਾਣੀ ਵਧਾ ਦਿੰਦਾ ਹਾਂ। ਇਹ ਆਵਾਜ਼ ਮੇਰੇ ਬੇਟੇ ਰੋਹਨ ਦੀ ਹੈ, ਜੋ ਭਾਰੇ-ਭਾਰੇ ਬੰਡਲ ਚੁੱਕ ਕੇ ਕਸਰਤ ਕਰ ਰਿਹਾ ਹੈ। ਮੈਂ ਉਸ ਨੂੰ ਆਖਦਾ ਹਾਂ ਤੂੰ ਮੇਰਾ ਬਿਸਤਰਾ ਇਕੱਠਾ ਕਰਕੇ ਰੱਖ ਦੇਵੀਂ ਮੈਂ ਚਾਹ ਲਿਆ ਰਿਹਾ ਹਾਂ। ਡੈਡੀ ਚਿੰਤਾ ਨਾ ਕਰੋ, ਮੈਂ ਪਸੀਨਾ ਸੁਕਾ ਕੇ ਕਰ ਦੇਵਾਂਗਾ। ਮੇਰਾ ਬਿਸਤਰਾ ਰਸੋਈ ਦੇ ਕੋਲ ਬਾਹਰ ਥੱਲੇ ਹੀ ਲੱਗਿਆ ਹੁੰਦਾ ਹੈ। ਜੇਕਰ ਨਾ ਚੁੱਕਿਆ ਜਾਵੇ। ਤਾਂ ਸਾਰਾ ਦਿਨ ਉਪਰ ਹੀ ਟੋਰਾ-ਫੇਰਾ ਹੀ ਬਣਿਆ ਰਹਿੰਦਾ ਹੈ ਤੇ ਬਿਸਤਰਾ ਮਿਧਿਆ ਜਾਂਦਾ ਹੈ, ਰਾਤ ਨੂੰ ਮੈਨੂੰ ਸੋਣਾ ਮੁਸ਼ਕਿਲ ਹੋ ਜਾਂਦਾ ਹੈ।

ਸਾਡੀਆਂ ਗੱਲਾਂ ਨਾਲ ਪਿੰਕਾ ਡਿਸਟਰਬ ਹੋ ਰਿਹਾ ਹੈ। ਉਹ ਆਖਦਾ ਦਾਦੂ, ਤੁਸੀਂ ਡੱਡੀ ਨਾਲ ਹੋਲੀ ਗੱਲਾਂ ਕਰਿਆ ਕਰੋ, ਮੈਂ ਗੀਤਾਂ ਨੂੰ ਠੀਕ ਤਰ੍ਹਾਂ ਨਾਲ ਨਹੀਂ ਸੁਣ ਸਕਦਾ। ਮੇਰੇ ਮਨ ਦੀ ਮੈਨਾ ਆਖਦੀ ਹੈ ਕਿ ਪੋਤਾ ਵੀ ਪਿਓ 'ਤੇ ਹੀ ਗਿਆ ਹੈ। ਮੇਰੇ ਉਪਰ ਤਾਂ ਗੱਲਾਂ ਕਰਨ 'ਤੇ ਵੀ ਪਾਬੰਦੀ ਲੱਗ ਰਹੀ ਹੈ। ਹੁਣ ਚੰਗਾ ਇਹ ਹੈ ਕਿ ਚੁੱਪ ਰਹਾਂ ਤੇ ਖਾਮੋਸ਼ੀ ਦਾ ਮਾਸਕ ਮੂੰਹ ਉਪਰ ਚੜ੍ਹਾਈ ਰੱਖਾਂ।

ਬੇਟਾ ਇਹ ਚਾਹ ਦਾ ਕੱਪ ਮੇਜ਼ 'ਤੇ ਰੱਖ ਦਿੱਤਾ ਹੈ, ਲੈ-ਲੈ। ਇਹ ਆਖ ਕੇ ਮੈਂ ਆਪਣਾ ਕੱਪ ਲੈ ਆਪਣੀ ਕੁਰਸੀ 'ਤੇ ਬੈਠਣ ਲੱਗਦਾ ਹਾਂ। ਉਧਰੋਂ ਰਾਣੀ ਆਪਣਾ ਮੁੜਕਾ ਸੁਕਾ ਕੇ ਮੇਰੇ ਕੋਲ ਆਉਂਦੀ ਹੈ ਤੇ ਆਖਦੀ ਹੈ ਕਿ ਡੈਡ ਥੋੜ੍ਹੀ ਚਾਹ ਹੇਗੀ ਹੈ ਮੈਂ ਵੀ ਪੀਣੀ ਹੈ।

ਇਹ ਲੈ ਬੇਟਾ ਆਖ ਕੇ ਮੈਂ ਆਪਣਾ ਚਾਹ ਦਾ ਕੱਪ ਰਾਣੀ ਨੂੰ ਪਕੜਾ ਦਿੰਦਾ ਹਾਂ। ਉਹ ਚਾਹ ਪੀਣ ਲੱਗੀ ਤੇ ਮੈਂ ਆਪਣਾ ਬਿਸਤਰਾ ਸੰਭਾਲਣ ਲੱਗ ਜਾਂਦਾ ਹਾਂ। ਰਾਣੀ ਚਾਹ ਦਾ ਘੁੱਟ ਭਰਦੀ ਹੋਈ ਆਖਦੀ ਹੈ, ਪਾਪਾ ਤੁਸੀਂ ਰਹਿਣ ਦੇਵੋ, ਮੈਂ ਹੁਣੇ ਹੀ ਕਰ ਦੇਵਾਂਗੀ। ਮੇਰੀ ਮੈਨਾ ਚੁੱਪ ਨਹੀਂ ਰਹਿੰਦੀ ਕਿ ਜੇ ਤੂੰ ਕਰਨਾ ਹੁੰਦਾ, ਤਾਂ ਹੁਣ ਤੱਕ ਹੋ ਚੁੱਕਿਆ ਹੁੰਦਾ, ਵੀਹ ਵਾਰ ਇਸ ਬਿਸਤਰੇ ਉਪਰ ਪੈਰ ਰੱਖ ਤੂੰ ਇਥੋਂ ਲੰਘ ਚੁਕੀ ਹੈਂ। ਤੂੰ ਚਾਹ ਮੇਰੇ ਲਈ ਲਿਆ ਰਹੀ ਸੀ, ਸਗੋਂ ਮੇਰੀ ਪਿਆਲੀ ਵੀ ਆਪਣੇ ਮੂੰਹ ਨੂੰ ਲਾ ਲਈ ਹੈ। ਪਰ ਮੈਂ ਉੱਚੀ ਕੁਝ ਵੀ ਨਹੀਂ ਆਖਿਆ। ਹੁਣ ਮੈਨੂੰ ਪੂਰੀ ਭੁੱਖ ਲੱਗ ਚੁੱਕੀ ਹੈ। ਚਾਹ ਪੀ ਕੇ ਉੱਠਦੀ ਹੋਈ ਰਾਣੀ ਆਖਦੀ ਹੈ ਡੈਡ ਹੁਣੇ ਨਾਸ਼ਤਾ ਤਿਆਰ ਹੋ ਰਿਹਾ ਹੈ, ਤੁਸੀਂ ਇਸ਼ਨਾਨ ਕਰ ਲਵੋ। ਪਰ ਮੈਨੂੰ ਪਤਾ ਹੈ ਕਿ ਐਤਵਾਰ ਦਾ ਨਾਸ਼ਤਾ ਤਾਂ ਬਾਹਰੋਂ ਮੰਗਵਾਇਆ ਜਾਣਾ ਹੈ। ਮੇਰੇ ਮਨ ਦੀ ਮੈਨਾ ਨੂੰ ਵੀ ਇਹ ਤਾਂ ਗਿਆਨ ਹੋ ਚੁੱਕਿਆ ਹੈ, ਕਿਉਂ ਜੋ ਐਤਵਾਰ ਤਾਂ ਪਰੌਂਠੇ ਬਣਾਏ ਹੀ ਨਹੀਂ ਜਾਂਦੇ ਹਨ। ਬੱਚੇ ਭਾਵ ਪੋਤਾ ਤੇ ਪੋਤੀ ਡੋਸਾ ਤੇ ਇਡਲੀ ਖਾਣਾ ਚਾਹੁੰਦੇ ਹਨ।

ਉਧਰੋਂ ਰੋਹਨ ਆ ਰਿਹਾ ਹੈ, ਮੈਨੂੰ ਪੁੱਛਦਾ ਹੈ ਕਿ ਡੈਡ ਕੁਝ ਚਾਹੀਦਾ ਹੈ, ਤਾਂ ਦਸੋ ਮੈਂ ਬਾਜ਼ਾਰ ਜਾ ਰਿਹਾ ਹਾਂ। ਮੈਂ ਆਖਦਾ ਹਾਂ ਕਿ ਨਹੀਂ ਸਭ ਠੀਕ ਹੈ। ਮੈਨੂੰ ਤਾਂ ਸੌਣ ਲਈ ਕੇਵਲ ਬਿਸਤਰਾ ਹੀ ਚਾਹੀਦਾ ਹੈ, ਜੋ ਮੇਰੇ ਕੋਲ ਹੈ। ਲਗਾਤਾਰ ਯਤਨ ਕਰਦਾ ਹਾਂ ਕਿ ਮਨ ਦੀ ਮੈਨਾ ਕੁਝ ਨਾ ਬੋਲੇ ਤੇ ਮੈਂ ਵੀ ਆਰਾਮ ਕਰ ਸਕਾਂ। ਪਰ ਇਹ ਨਹੀਂ ਮੰਨਦੀ। ਕੁਝ ਨਾ ਕੁਝ ਬੋਲਦੀ ਹੀ ਰਹਿੰਦੀ ਹੈ। ਮੈਂ ਇਹ ਸੋਚਦਾ ਹਾਂ ਜਿਹੜੇ ਮੇਰੇ ਕੋਲੋਂ ਚਾਹ ਵੀ ਲੈ ਸਕਦੇ ਹਨ, ਉਹ ਮੈਨੂੰ ਕੀ ਦੇ ਸਕਦੇ ਹਨ। ਕਹਿਣ ਨੂੰ ਘਰ ਮੇਰਾ ਹੈ, ਬਿਸਤਰਾ ਵੀ ਮੇਰਾ ਹੈ, ਮੈਨੂੰ ਬੱਚਿਆਂ ਦੀ ਚਾਹ ਹੈ, ਬੱਚਿਆਂ ਨੂੰ ਮੇਰੀ ਕਿਤਨੀ ਚਾਹ ਹੈ, ਇਹ ਮੇਰੇ ਮਨ ਦੀ ਮੈਨਾ ਨੂੰ ਗਿਆਨ ਹੈ, ਜੋ ਬੋਲੇ ਬਿਨਾਂ ਰਹਿ ਹੀ ਨਹੀਂ ਸਕਦੀ।

# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਇਹ ਮਹਾਂਵਾਕ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਉਚਾਰਿਆ ਹੋਇਆ ਹੈ, ਜਿਸ ਦੇ ਅਰਥ ਹਨ ਕਿ ਸੱਚ ਸਭ ਤੋਂ ਉੱਤਮ ਹੈ। ਪਰ ਆਚਾਰਿ ਇਸ ਤੋਂ ਵੀ ਉੱਪਰ ਹੈ। ਆਚਾਰਿ ਦੇ ਅਰਥ ਹਨ ਮਨੁੱਖੀ ਸ਼ਖ਼ਸੀਅਤ ਦੇ ਗੁਣ। ਗੁਰੂ ਜੀ ਨੇ ਮਨੁੱਖੀ ਗੁਣਾਂ ਵਿਚੋਂ ਆਚਾਰਿ ਨੂੰ ਸਭ ਤੋਂ ਉੱਤਮ ਸਮਝਿਆ ਹੈ ਕਿਉਂਕਿ ਆਚਾਰਿ ਦਾ ਸੰਬੰਧ ਸ਼ੁੱਭ ਅਮਲਾਂ ਨਾਲ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ, "ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ"। ਜਦੋਂ ਗੁਰੂ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ। ਇਸ ਲਈ ਜੇ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ ਅਤੇ ਨਿਤਨੇਮ ਵੀ ਨਹੀਂ ਕਰ ਸਕਦੇ, ਤਾਂ ਕੋਈ ਗੱਲ ਨਹੀਂ। ਪਰ ਤੁਹਾਡੇ ਕੰਮ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਕਿਸੇ ਦਾ ਦਿਲ ਨਾ ਦੁਖਾਓ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ, "ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕਦਾ ਹੋਵੇ ਦੂਜੇ ਦਾ ਭਲਾ ਕਰੋ; ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ"। ਐੱਸ.ਟੀ. ਕੋਲਰੇਜ ਆਖਦੇ ਹਨ ਕਿ ਉਹ ਮਨੁੱਖ ਸਭ ਤੋਂ ਵੱਡਾ ਭਗਤ ਅਤੇ ਧਰਮੀ ਹੈ, ਜਿਹੜਾ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਬੰਦਿਆਂ ਨੂੰ ਪਿਆਰ ਕਰਦਾ ਹੈ। ਕੁਝ ਬੰਦੇ ਦੇਖਣ ਨੂੰ ਤਾਂ ਬੰਦੇ ਲੱਗਦੇ ਹਨ ਪਰ ਵਿਚੋਂ ਪਸ਼ੂਆਂ ਨਾਲੋਂ ਵੀ ਮਾੜੇ ਹੁੰਦੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਇਕ ਵਧੀਆ ਅਧਿਆਪਕ, ਵਧੀਆ ਲੇਖਕ, ਵਧੀਆ ਡਾਕਟਰ, ਵਧੀਆ ਗੀਤਕਾਰ ਅਤੇ ਵਧੀਆ ਗਾਇਕ ਹੋਣਾ ਹੋਰ ਗੱਲ ਹੈ ਪਰ ਵਧੀਆ ਮਨੁੱਖ ਹੋਣਾ ਹੋਰ ਗੱਲ ਹੁੰਦੀ ਹੈ। ਤੁਹਾਡੀ ਕਹਿਣੀ ਤੇ ਕਰਨੀ ਇੱਕ ਹੋਣੀ ਚਾਹੀਦੀ ਹੈ। ਕਿਸੇ ਕੰਮ ਦੇ ਪਿੱਛੇ ਤੁਹਾਡੀ ਭਾਵਨਾ ਕੀ ਹੈ? ਭਾਵ ਮਨੋਰਥ, ਉਦੇਸ਼, ਲਕਸ਼ ਟੀਚਾ ਕੀ ਹੈ? ਨਿੱਜੀ ਜਾਂ ਸਮਾਜਿਕ ਭੈੜੀ ਸੰਗਤ ਤੋਂ ਬਚੋ, ਕਿਉਂਕਿ ਸੰਗਤ ਦਾ ਮਨੁੱਖ 'ਤੇ ਪ੍ਰਭਾਵ ਪੈਂਦਾ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਤਿਸੰਗਤਿ ਮਿਲੈ ਸੁ ਤਰਿਆ॥" ਭੈੜੀ ਸੰਗਤ ਨਾਲੋਂ ਇਕੱਲਾ ਚੰਗਾ। ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ, ਜਿਵੇਂ ਗੁਰੂ ਜੀ ਫਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥"



ਆਪਣੇ ਫਰਜ਼ ਤੇ ਜ਼ਿੰਮੇਵਾਰੀ ਨੂੰ ਸਮਝੋ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ। ਸਿੱਖ ਉਹ ਹੈ, ਜਿਹੜਾ ਸਿੱਖਣ ਲਈ ਯਤਨਸ਼ੀਲ ਹੈ। ਜਿਵੇਂ ਗੁਰੂ ਜੀ ਫਰਮਾਉਂਦੇ ਹਨ, "ਸਿੱਖੀ ਸਿਖਿਆ ਗੁਰ ਵੀਚਾਰਿ॥" ਦੂਜਿਆਂ ਨਾਲ ਅਜਿਹਾ ਵਰਤਾਓ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਸਾਰਾ ਸੰਸਾਰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਭਾਵ ਬਦ ਤੇ ਨੇਕ। ਗੁਰਬਾਣੀ ਅਨੁਸਾਰ ਗੁਰਮੁਖਿ ਤੇ ਮਨਮੁਖਿ। ਹੋਰ ਵਿਸਥਾਰ ਵਿਚ ਇਸ ਪ੍ਰਕਾਰ ਆਪ ਆਖ ਸਕਦੇ ਹਾਂ, ਠੀਕ ਤੇ ਗ਼ਲਤ, ਚੰਗਾ ਅਤੇ ਮਾੜਾ, ਸੱਚ ਤੇ ਝੂਠ ਅਤੇ ਬਦ ਤੇ ਨੇਕ। ਸੰਸਾਰ ਵਿਚ ਹੁਣ ਤੱਕ ਜੋ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੋਇਆ ਹੈ। ਜਿਵੇਂ ਸਚਿਆਰ, ਪਰਉਪਕਾਰੀ ਦੇ ਮਾਨਵਵਾਦੀ ਆਦਿ। ਹੁਣ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ। ਇਸ ਲਈ ਮਨੁੱਖ ਨੂੰ ਚੰਗੇ ਮਨੁੱਖ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

## 6 ਜੂਨ ਅਪ੍ਰੇਸ਼ਨ ਬਲਿਊ ਸਟਾਰ ’ਤੇ ਵਿਸ਼ੇਸ਼ ਲੇਖ

# ਖ਼ੂਨ ਨਾਲ ਭਿੱਜਿਆ ਤੀਜਾ ਘੱਲੂਘਾਰਾ



ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ’ਤੇ ਅਜਿਹੇ ਖ਼ੂਨੀ ਕਾਂਢ ਵਰਤਾਏ, ਜੋ ਨਾ ਭੁੱਲਣਯੋਗ ਬਣ ਕੇ ਰਹਿ ਗਏ। ਪਹਿਲਾ ਘੱਲੂਘਾਰਾ 1746 ਵਿਚ ਕਾਹਨੂੰਵਾਨ (ਗੁਰਦਾਸਪੁਰ) ਦੀ ਧਰਤੀ ’ਤੇ ਵਾਪਰਿਆ। ਦੂਸਰਾ ਘੱਲੂਘਾਰਾ 1762 ਈ: ਵਿਚ ਕੁੱਪ ਰਹੀੜਾ (ਮਲੇਰਕੋਟਲਾ) ਦੀ ਧਰਤੀ ’ਤੇ ਵਾਪਰਿਆ। ਤੀਜਾ ਘੱਲੂਘਾਰਾ ਸਿੱਖਾਂ ਦੇ 37 ਇਤਿਹਾਸਕ ਗੁਰਦੁਆਰਿਆਂ ਸਮੇਤ ਸ੍ਰੀ ਦਰਬਾਰ




ਸੁਖਵਿੰਦਰ ਸਿੰਘ ਮੁੱਲਾਂਪੁਰ

ਵਟਸਐੱਪ : +91-99141-84794

ਪੰਜਾਬ ਮੇਲ USA


ਸਾਹਿਬ ਅੰਮ੍ਰਿਤਸਰ ਵਿਖੇ ਵਾਪਰਿਆ, ਜਿੱਥੇ ਸਰੋਵਰ ਦਾ ਸਾਰਾ ਅੰਮ੍ਰਿਤ ਜਲ ਖ਼ੂਨ ਨਾਲ ਲਾਲ ਹੋ ਗਿਆ ਸੀ, ਦਰਬਾਰ ਸਾਹਿਬ ਦੀ ਪ੍ਰੀਕਰਮਾਂ ਅਤੇ ਸਰਾਵਾਂ ਵਿਚ ਲਾਸ਼ਾਂ ਦੇ ਢੇਰ ਲੱਗ ਗਏ ਸਨ।

1 ਜੂਨ, 1984 ਨੂੰ ਸੀ.ਆਰ.ਪੀ.ਐੱਫ. ਵਲੋਂ ਸਵੇਰੇ 12 ਵੱਜ ਕੇ 40 ਮਿੰਟ ’ਤੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀ ਚੱਲਣੀ ਸ਼ੁਰੂ ਹੋ ਗਈ ਸੀ। ਇਹ ਰੁੱਕ-ਰੁੱਕ ਕੇ ਲਗਾਤਾਰ 7 ਘੰਟੇ ਚੱਲਦੀ ਰਹੀ, ਜੋ ਸ਼ਾਮ ਨੂੰ ਲਗਭਗ 8 ਵੱਜ ਕੇ 15 ਮਿੰਟ ’ਤੇ ਚੱਲਣੀ ਬੰਦ ਹੋਈ। ਇਸ ਅੰਨ੍ਹੇਵਾਹ ਫਾਇਰਿੰਗ ਨਾਲ ਸ੍ਰੀ ਦਰਬਾਰ ਸਾਹਿਬ ਦੇ ਸੁਨਿਹਰੀ ਗੁੰਬਦ ’ਤੇ ਵੀ 32 ਨਿਸ਼ਾਨ ਪੈ ਗਏ ਸਨ। ਇਸ ਗੋਲਾਬਾਰੀ ਨਾਲ 11 ਆਦਮੀਆਂ ਦੇ ਮਰਨ ਅਤੇ ਦਰਜਨਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਸੁਣਾਈ ਗਈ। ਸਾਰੇ ਪੰਜਾਬ ਵਿਚ ਰਾਤ 9 ਵਜੇ ਤੋਂ 32 ਘੰਟੇ ਦਾ ਕਰਫ਼ਿਊ ਲਗਾ ਦਿੱਤਾ ਗਿਆ।

2 ਜੂਨ ਨੂੰ ਸ੍ਰੀ ਗੁਰੂ ਰਾਮਦਾਸ ਸਰ੍ਹਾਂ ਦੇ ਕਮਰਾ ਨੰਬਰ 40 ਵਿਚ ਚਾਰ-ਪੰਜ ਲਾਸ਼ਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਲਾਸ਼ਾਂ ਉੱਪਰ ਉਨ੍ਹਾਂ ਦੀਆਂ ਦਸਤਾਰਾਂ ਦਿੱਤੀਆਂ ਹੋਈਆਂ ਸਨ। ਉਨ੍ਹਾਂ ਨੂੰ ਪੁਲਿਸ ਆ ਕੇ ਪੋਸਟ ਮਾਰਟਮ ਲਈ ਲੈ ਗਈ ਪਰ ਭਾਈ ਮਹਿੰਗਾਂ ਸਿੰਘ ਬੱਬਰ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਸਾਥੀਆਂ ਦੀਆਂ ਲਾਸ਼ਾਂ ਨਾ ਦਿੱਤੀਆਂ ਗਈਆਂ। ਮਹਿੰਗਾ ਸਿੰਘ ਦਾ ਸਸਕਾਰ ਮੰਜੀ ਸਾਹਿਬ ਦੇ ਨਜ਼ਦੀਕ ਅਤੇ ਚਾਰ-ਪੰਜ ਜਾਣਿਆਂ ਦਾ ਸਸਕਾਰ ਸ੍ਰੀ ਗੁਰੂ ਰਾਮਦਾਸ ਲੰਗਰ ਦੇ ਨਜ਼ਦੀਕ ਕੀਤਾ ਗਿਆ। 2 ਜੂਨ ਨੂੰ ਫ਼ੌਜਾਂ ਬਹੁਤ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵੱਲ ਨੂੰ ਆ ਰਹੀਆਂ ਸਨ।

3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੂਰਬ ਸੀ। ਭਾਰੀ ਗਿਣਤੀ ਵਿਚ ਸੰਗਤਾਂ ਦੇ ਪਹੁੰਚਣ ਨੂੰ ਵੇਖਦਿਆਂ ਪੁਲਿਸ ਅਫ਼ਸਰਾਂ ਦੇ ਕਹਿਣ ਦੇ ਬਾਵਜੂਦ ਅੰਮ੍ਰਿਤਸਰ ਦੇ ਡੀ.ਸੀ. ਗੁਰਦੇਵ ਸਿੰਘ ਬਰਾੜ ਨੇ ਕਰਫ਼ਿਊ ਲਾਉਣ ਤੋਂ ਇੰਨਕਾਰ ਕਰ ਦਿੱਤਾ। ਇਸ ਕਰਕੇ ਸੰਗਤਾਂ ਭਾਰੀ ਗਿਣਤੀ ਵਿਚ ਅੰਦਰ ਜਾਣੀਆਂ ਸ਼ੁਰੂ ਹੋ ਗਈਆਂ ਸਨ। ਦੁਪਿਹਰ 12 ਵਜੇ ਕਰਫ਼ਿਊ ਲਗਾ ਦਿੱਤਾ ਗਿਆ। ਸ਼ਾਮ 5 ਤੋਂ 7 ਵਜੇ ਤੱਕ ਕਰਫ਼ਿਊ ਵਿਚ ਢਿੱਲ ਦਿੱਤੀ ਗਈ। ਬਹੁਤੇ ਲੋਕਾਂ ਨੂੰ ਇਸ ਢਿੱਲ ਦਾ ਪਤਾ ਨਾ ਲੱਗਾ। ਇਸ ਕਰਕੇ ਸ਼ਹੀਦੀ ਪੁਰਵ ’ਤੇ 12 ਵਜੇ ਤੋਂ ਪਹਿਲਾਂ ਆਏ ਯਾਤਰੀ ਅੰਦਰ ਹੀ ਘਿਰੇ ਹੋਣ ਕਰਕੇ ਰਾਤ ਅੰਦਰ ਹੀ ਰਹਿਣਾ ਪਿਆ।

ਰਾਤ ਨੂੰ 9 ਵਜੇ ਸਰਕਾਰ ਵਲੋਂ ਟੀ.ਵੀ. ਅਤੇ ਰੇਡੀਓ ’ਤੇ ਹੁਕਮ ਸੁਣਾਇਆ ਗਿਆ ਕਿ ਹੁਣ 9 ਵਜੇ ਤੋਂ ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ 36 ਘੰਟੇ ਦਾ ਕਰਫ਼ਿਊ ਲਾ ਦਿੱਤਾ ਹੈ। ਇਸ ਦੌਰਾਨ ਰੇਲਾਂ, ਬੱਸਾਂ, ਟਰੱਕਾਂ, ਕਾਰਾਂ, ਸਕੂਟਰਾਂ, ਮੋਟਰ ਸਾਇਕਲਾਂ, ਬੈਲ ਗੱਡੀਆਂ ਅਤੇ ਸਾਈਕਲ ਚਲਾਉਣ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਅਜਿਹੇ ਕਾਰਨਾਂ ਕਰਕੇ ਫ਼ੌਜੀ ਕਾਰਵਾਈ ਦੇ ਲੱਛਣ ਦਿੱਸਣ ਲੱਗ ਪਏ ਸਨ।

ਰਾਤ ਦੇ 12 ਵਜੇ ਸਾਰੇ ਅੰਮ੍ਰਿਤਸਰ ਸ਼ਹਿਰ ਦੇ ਫੋਨ ਕੱਟ ਦਿੱਤੇ ਗਏ ਅਤੇ ਦਰਬਾਰ ਸਾਹਿਬ ਸਮੂੰਹ ਦਾ ਪਾਣੀ ਅਤੇ ਬਿਜਲੀ ਵੀ ਕੱਟ ਦਿੱਤੇ ਗਏ ਸਨ।

4 ਜੂਨ ਤੜਕੇ 4 ਵੱਜ ਕੇ 40 ਮਿੰਟ ’ਤੇ ਭਾਰੀ ਤੋਪ ਦਾ ਗੋਲਾ ਚਲਿਆ। ਥੋੜੇ ਸਮੇਂ ਬਾਅਦ ਫਿਰ ਇਕ ਗੋਲਾ ਚਲਿਆ। ਇਸ ਤਰ੍ਹਾਂ ਥੋੜੇ-ਥੋੜੇ ਫ਼ਰਕ ਨਾਲ 10-12 ਗੋਲੇ ਚੱਲੇ। ਸਾਰੇ ਸ਼ਹਿਰ ਵਿਚ ਦਹਿਸ਼ਤ ਫੈਲ ਗਈ ਕਿ ਫ਼ੌਜ ਨੇ ਦਰਬਾਰ ਸਾਹਿਬ ’ਤੇ ਹਮਲਾ ਕਰ ਦਿੱਤਾ ਹੈ। ਫਿਰ ਗੋਲੀਆਂ ਚੱਲਣ ਲੱਗ ਪਈਆਂ। ਸਾਰਾ ਦਿਨ ਗੋਲੀਆਂ ਚੱਲਦੀਆਂ ਰਹੀਆਂ। ਇਹ ਕਦੇ ਜ਼ੋਰ ਨਾਲ ਚੱਲਦੀਆਂ ਸਨ, ਕਦੇ ਮੱਧਮ ਪੈ ਜਾਂਦੀਆਂ ਸਨ। ਫ਼ੌਜ ਸੜਕਾਂ ’ਤੇ ਗਸ਼ਤ ਕਰ ਰਹੀ ਸੀ। ਫ਼ੌਜੀ ਕਿਸੇ ਨੂੰ ਬੂਹੇ ਤੋਂ ਬਾਹਰ ਸਿਰ ਨਹੀਂ ਕੱਢਣ ਦਿੰਦੇ ਸਨ। ਇਸ ਕਰਕੇ ਲੋਕਾਂ ਦੇ ਦੁੱਧ, ਆਟਾ, ਸਬਜ਼ੀਆਂ ਅਤੇ ਹੋਰ ਘਰਾਂ ਦੇ ਰਾਸ਼ਨ ਦੀ ਸਪਲਾਈ ਬੰਦ ਹੋ ਗਈ ਸੀ।

ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਕੋਈ ਖ਼ਬਰ ਬਾਹਰ ਨਹੀਂ ਆ ਰਹੀ ਸੀ, ਨਾ ਅਖ਼ਬਾਰਾਂ ਆਈਆਂ, ਟੈਲੀਫ਼ੋਨ ਵੀ ਸਭ ਘਰਾਂ ਦੇ ਬੰਦ ਸਨ। 4 ਅਤੇ 5 ਜੂਨ ਦੀ ਦਰਮਿਆਨੀ ਰਾਤ ਨੂੰ ਕਦੇ ਤੇਜ਼, ਕਦੇ ਰੁੱਕ-ਰੁੱਕ ਕੇ ਗੋਲੀਆਂ ਚੱਲਦੀਆਂ ਰਹੀਆਂ।

5 ਜੂਨ ਦਿਨੇ ਬਾਰ੍ਹਾਂ ਵਜੇ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਸਰਾਂ ਵਿਚਲੀ ਪਾਣੀ ਦੀ ਸਭ ਤੋਂ ਵੱਡੀ ਟੈਂਕੀ ਵਿਚ ਟੈਂਕਾਂ ਦੇ ਗੋਲੇ ਵੱਜਣ ਲੱਗੇ। ਇਹ ਟੈਂਕੀ ਲੋਹਾ ਬੱਜਰੀ ਤੇ ਸੀਮੈਂਟ ਨਾਲ ਬਣੀ ਹੋਈ ਬਹੁਤ ਮਜ਼ਬੂਤ ਸੀ। ਇਕ ਪਾਸੇ ਬਹੁਤ ਵੱਡਾ ਮਘੋਰਾ ਹੋ ਗਿਆ, ਜਿਸ ਨਾਲ ਪਾਣੀ ਦੀ ਮੋਟੀ ਧਾਰ ਬਹਿ ਤੁਰੀ ਅਤੇ ਟੈਂਕੀ ਖਾਲੀ ਹੋ ਗਈ। ਸ਼ਾਮ ਵੇਲੇ ਪੁਲਿਸ ਸਟੇਸ਼ਨ ਅਤੇ ਜਲ੍ਹਿਆਂਵਾਲੇ ਬਾਗ਼ ਨੇੜੇ ਫ਼ੌਜ ਵਲੋਂ ਤੋਪਾਂ ਤੇ ਟੈਂਕ ਖੜ੍ਹੇ ਕੀਤੇ ਜਾ ਰਹੇ ਸਨ।

ਰਾਤ ਨੂੰ 8.30 ਵਜੇ ਦੇ ਕਰੀਬ ਤੋਪਾਂ ਨਾਲ ਕੰਪਲੈਕਸ ’ਤੇ ਗੋਲੇ ਸੁੱਟੇ ਗਏ, ਜਿਸ ਨਾਲ ਪਾਣੀ ਦੀ ਟੈਂਕੀ, ਬਾਬਾ ਅਟੱਲ ਸਾਹਿਬ, ਲੰਗਰ ਤੇ ਦੋਵਾਂ ਸਰਾਵਾਂ ਦੇ ਸਾਰੇ ਮੋਰਚੇ ਤੋੜ ਕੇ ਫ਼ੌਜ ਨੇ ਲੰਗਰ, ਦੋਵੇਂ ਸਰਾਵਾਂ, ਅਕਾਲ ਰੈਸਟ ਹਾਊਸ ਤੇ ਮੰਜੀ ਸਾਹਿਬ ’ਤੇ ਕਬਜ਼ਾ ਕਰ ਲਿਆ। ਰਾਤੀਂ 9 ਵਜੇ ਦੇ ਕਰੀਬ ਸਾਰੇ ਸ਼ਹਿਰ ਦੀ ਬਿਜਲੀ ਕੱਟ ਦਿੱਤੀ ਗਈ, ਹਨੇਰੀ ਰਾਤ ਵਿਚ ਗੋਲਿਆਂ ਦੀ ਕੜਕ ਦੀਆਂ ਆਵਾਜ਼ਾਂ ਨੇ ਸ਼ਹਿਰ ਵਾਸੀਆਂ ਨੂੰ ਦਹਿਸ਼ਤ ਵਿਚ ਪਾ ਦਿੱਤਾ। 5 ਜੂਨ ਦੀ ਰਾਤ ਬੜੀ ਕਹਿਰ ਦੀ ਰਾਤ ਸੀ, ਕੋਈ ਵਿਰਲਾ ਹੀ ਸਿੱਖ ਸੁੱਤਾ ਹੋਵੇਗਾ।

ਰਾਤ ਨੂੰ ਲਗਭਗ 10 ਵਜੇ ਰੈਜਮਿੰਟ ਨੇ ਤੋਪਾਂ ਅਤੇ ਟੈਂਕਾ ਨਾਲ ਲੈਸ ਹੋ ਕੇ ਸਰ੍ਹਾਂ ਵਾਲੇ ਪਾਸਿਓਂ ਕੰਪਲੈਕਸ ਵਿਚ ਦਾਖ਼ਲ ਹੋ ਕੇ ਸਾਂਝੇ ਤੌਰ ’ਤੇ ਜ਼ੋਰਦਾਰ ਹਮਲਾ ਕੀਤਾ।

ਅੱਗੋਂ ਸਰ੍ਹਾਂ ਵਾਲੇ ਪਾਸਿਓਂ ਡਿਊਡੀ ਰਾਹੀ ਦੁੱਖ ਭਜਨੀ ਬੇਰੀ ਗੁਰਦੁਆਰੇ ਦੇ ਨੇੜੇ ਡਿਊਡੀ ਦੀਆਂ ਪੌੜੀਆਂ ਤੋੜਦੇ ਹੋਏ ਟੈਂਕ ਪ੍ਰਕਰਮਾਂ ’ਚੋਂ ਉਤਰੇ, ਕੁਝ ਟੈਂਕ ਸੱਜੇ ਹੱਥ ਬ੍ਰਹਮਬੂਟਾ ਅਖਾੜੇ ਕੋਲ ਪ੍ਰਕਰਮਾਂ ਕੋਲ ਖੜ੍ਹੇ ਕੀਤੇ ਗਏ। ਦੂਜੇ ਪਾਸੇ ਖੱਬੇ ਹੱਥ ਗੁਰਦੁਆਰਾ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਤੇ ਅੱਗੇ ਪ੍ਰੀਕਰਮਾਂ ਵਿਚ ਟੈਂਕ ਖੜ੍ਹੇ ਕੀਤੇ ਗਏ। ਫ਼ੌਜੀ ਟੈਂਕ ਲੈ ਕੇ ਪ੍ਰੀਕਰਮਾਂ ਵਿਚ ਤਾਂ ਵੜ ਗਏ ਪਰ ਸਿੰਘਾਂ ਨੇ ਬਹੁਤ ਜ਼ਬਰਦਸਤ ਫਾਇਰਿੰਗ ਕਰਕੇ ਬਹੁਤ ਸਾਰੇ ਫ਼ੌਜੀ ਮਾਰ ਦਿੱਤੇ ਸਨ।

ਇਨ੍ਹਾਂ ਟੈਂਕਾਂ ਨਾਲ ਦੋਹਾਂ ਪਾਸਿਆਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੀ ਇਮਾਰਤ ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਆਪਣੇ ਸਾਥੀਆਂ ਸਮੇਤ ਰਹਿ ਰਹੇ ਸਨ, ਉੱਪਰ ਗੋਲੇ ਸੁੱਟੇ ਗਏ, ਜਿਸ ਨਾਲ ਉਹ ਮੰਜ਼ਲ ਉੱਡ ਗਈ। ਪਰ ਇਸ ਤੋਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੀਜੀ ਮੰਜ਼ਿਲ ਤੇ ਫਿਰ ਦੂਜੀ ਮੰਜ਼ਿਲ ਵੱਲ ਆ ਗਏ।

ਉਨ੍ਹਾਂ ਨੇ ਪਹਿਲਾਂ ਗੋਲੇ ਗਬੁੰਦ ’ਚੋ ਮਾਰੇ, ਜਿਸ ਨਾਲ ਗਬੁੰਦ ਵਿਚ ਮਘੋਰੇ ਹੋ ਕੇ ਅੰਦਰ ਲੱਕੜ ਦੇ ਰੈਕਾਂ ’ਚੋਂ ਬਿਰਾਜਮਾਨ ਕੀਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਅਗਨ ਭੇਟ ਹੋ ਗਈਆਂ। ਗਬੁੰਦ ਦੇ ਨੇੜੇ ਹੀ ਇਕ ਬੁਰਜੀ ਉੱਡ ਗਈ। ਗਬੁੰਦ ਤੋਂ ਬਾਅਦ ਤੀਜੀ ਮੰਜ਼ਿਲ ਦੀਆਂ ਬਾਰੀਆਂ ਉਡਾ ਦਿੱਤੀਆਂ ਤੇ ਛੱਜਾ ਹੇਠਾਂ ਡੇਗ ਦਿੱਤਾ। ਫਿਰ ਦੂਸਰੀ ਮੰਜ਼ਿਲ ਵਿਚ ਗੋਲੇ ਮਾਰ ਕੇ ਸਾਹਮਣੇ ਦਾ ਹਿੱਸਾ ਢਾਹ ਦਿੱਤਾ।

6 ਜੂਨ ਦੀ ਸਵੇਰ ਨੂੰ ਪੌਣੇ 9 ਵਜੇ ਤੋਂ ਸਵਾ 9 ਵਜੇ ਦੇ ਵਿਚਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਘਮਸਾਨ ਦਾ ਯੁੱਧ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਤੇ ਆਸ-ਪਾਸ ਦੇ ਬੁੰਗਿਆਂ ’ਤੇ ਹਜੇ ਫ਼ੌਜ ਕਾਬਜ਼ ਨਹੀਂ ਹੋ ਸਕੀ ਸੀ। ਕੋਈ ਦੋ ਕੁ ਵਜੇ ਤੱਕ ਗੋਲੀ ਚੱਲਦੀ ਰਹੀ। ਫਿਰ ਕੁਝ ਘੱਟ ਗਈ।

6 ਜੂਨ ਸਵੇਰ ਵੇਲੇ ਖ਼ਬਰ ਸੁਣਾਈ ਗਈ ਕਿ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਦੀਆਂ ਬਾਕੀ ਸਾਥੀਆਂ ਸਮੇਤ ਲਾਸ਼ਾਂ ਮਿਲ ਗਈਆਂ ਹਨ ਅਤੇ ਸੰਤ ਜਰਨੈਲ ਸਿੰਘ ਦੀ ਲਾਸ਼ ਦੀ ਸਨਾਖਤ ਹੋ ਗਈ ਹੈ।

6 ਜੂਨ ਨੂੰ ਹੀ ਸ਼ਾਮ 4 ਵੱਜ ਕੇ ਪੰਜ ਮਿੰਟ ’ਤੇ ਫ਼ੌਜੀਆਂ ਵਲੋਂ ਮੈਗਾਫ਼ੋਨ ਤੇ ਕੰਪਲੈਕਸ ਵਿਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿਚ ਬਾਹਰ ਆਉਣ ਦੀ ਅਨਾਊਂਸਮਿੰਟ ਕੀਤੀ ਗਈ। ਇਸ ਤਰ੍ਹਾਂ ਬਹੁਤ ਸਾਰੇ ਸੇਵਾਦਾਰ ਆ ਗਏ ਸਨ, ਜਿਨ੍ਹਾਂ ਨੂੰ ਫ਼ੌਜ ਆਪਣੀ ਨਿਗਰਾਨੀ ਹੇਠ ਫੜ ਕੇ ਬਾਹਰ ਲੈ ਗਈ।

ਟੋਹੜਾ ਸਾਹਿਬ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸਰਾਂ ਵਿਚ ਰੱਖ ਕੇ ਉਨ੍ਹਾਂ ਨੂੰ ਸੁਰੱਖਿਆ ਦੇਣ ਲਈ ਪੁਲਿਸ ਟੁਕੜੀ ਚੁਫੇਰੇ ਖਲੋਤੀ ਸੀ। 6 ਜੂਨ ਸ਼ਾਮ ਨੂੰ ਫ਼ੌਜੀ ਗੱਡੀ ਰਾਹੀਂ ਦੋਵਾਂ ਨੂੰ ਬਿਠਾ ਕੇ ਮਿਲਟਰੀ ਕੈਂਪ ਵਿਚ ਲੈ ਗਏ।

ਇੰਨੀ ਜ਼ਿਆਦਾ ਤਬਾਹੀ ਹੋ ਚੁੱਕੀ ਸੀ ਕਿ ਫ਼ੌਜ ਨੇ ਮਹੀਨਿਆਂ ਤੱਕ ਦਰਬਾਰ ਸਾਹਿਬ ਸੰਗਤਾਂ ਲਈ ਨਹੀਂ ਖੋਲ੍ਹਿਆ। ਸਿੱਖ ਰੈਫ਼ਰੈਂਸ ਲਾਇਬਰੇਰੀ ਵੀ ਸੜ ਕੇ ਸੁਵਾਹ ਹੋ ਚੁੱਕੀ ਸੀ।

ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ’ਤੇ 380 ਗੋਲੀਆਂ ਦੇ ਨਿਸ਼ਾਨ ਲੱਗੇ, ਜੋ ਸੋਨੇ ਦੇ ਪੱਤਰਿਆਂ ’ਤੇ ਲੱਗੇ ਹੋਏ ਸਨ।

ਭਾਈ ਨਰਾਇਣ ਸਿੰਘ ਅਨੁਸਾਰ 7 ਜੂਨ ਨੂੰ ਸੰਤ ਜਰਨੈਲ ਸਿੰਘ ਜੀ ਦਾ ਅੰਮ੍ਰਿਤਸਰ ਦੇ ਸ਼ਮਸ਼ਾਨ ਘਾਟ ਵਿਚ ਡਾਕਟਰ ਕੰਗ ਵਲੋਂ ਪੋਸਟ ਮਾਰਟਮ ਕੀਤਾ ਗਿਆ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਸੰਤਾਂ ਦੇ ਸਰੀਰ ਉੱਪਰ 14 ਗੋਲੀਆਂ ਲੱਗੀਆਂ ਹੋਈਆਂ ਸਨ। ਉਨ੍ਹਾਂ ਵਿਚੋਂ 7 ਸਿਰ ਦੇ ਇਕ ਪਾਸੇ, ਦੋ ਛਾਤੀ ਵਿਚ, ਇੱਕ ਡੋਲੇ ਵਿਚ, ਤਿੰਨ ਪੈਰ੍ਹਾਂ ਵਿਚ, ਇਕ ਪਿਜਣੀ ਵਿਚ, ਇਨ੍ਹਾਂ ਵਿਚੋਂ 11 ਗੋਲੀਆਂ ਸਾਹਮਣੇ ਤੇ ਦੋ ਸਾਇਡਾਂ ’ਤੇ ਲੱਗੀਆਂ ਸਨ। ਇਸ ਰਿਪੋਰਟ ਤੋਂ ਸਪੱਸ਼ਟ ਹੈ ਕਿ ਸਿੱਖ ਕੌਮ ਦੇ ਅਣਖ਼ੀਲੇ ਜਰਨੈਲ ਸੰਤ ਜਰਨੈਲ ਸਿੰਘ ਜੀ ਨੇ ਸਨਮੁੱਖ ਜੂਝਦਿਆਂ ਛਾਤੀ ਤਾਣ ਕੇ ਗੋਲੀਆਂ ਖਾਦੀਆਂ ਅਤੇ ਸ਼ਹੀਦੀ ਪਾਈ।

ਕਾਰ ਸੇਵਾ ਵਾਲੇ ਬਾਬਾ ਬੁੱਧ ਸਿੰਘ ਹਵੇਲੀ ਰਾਂਝੇਵਾਲੀ ਨੇੜੇ ਸ਼ਮਸ਼ਾਨ ਘਾਟ ਸ਼ਹੀਦਾਂ ਅੰਮ੍ਰਿਤਸਰ ਅਨੁਸਾਰ ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਦੇ ਸਰੀਰ (ਲਾਸ਼ਾਂ) ਰਾਤ ਨੂੰ 10 ਵਜੇ ਇਕ ਗੱਡੀ ਰਾਹੀਂ ਲਿਆਂਦੀਆਂ ਗਈਆਂ। ਗੱਡੀ ਵਿਚ ਹੀ ਸੰਤ ਜਰਨੈਲ ਸਿੰਘ ਜੀ ਦੀ ਅਤੇ ਭਾਈ ਅਮਰੀਕ ਸਿੰਘ ਜੀ ਦੀਆਂ ਦੇਹਾਂ ਦੇ ਇਸ਼ਨਾਨ ਕਰਵਾਏ ਗਏ। ਇਨ੍ਹਾਂ ਦੀਆਂ ਦੋ ਵੱਖ-ਵੱਖ ਚਿਖਾਵਾਂ ਚਿਣ ਕੇ ਗੁਰਮਰਿਆਦਾ ਅਨੁਸਾਰ ਸਸਕਾਰ ਕੀਤੇ ਗਏ।

# ਸਾਕਾ ਨੀਲਾ ਤਾਰਾ

## (ਜੂਨ ਦੋ, 1984 ਦੀ ਇੱਕ ਅਭੁੱਲ ਯਾਦ)

ਚਰਨਜੀਤ ਸਿੰਘ ਪੰਨੂ
ਕੈਲੀਫੋਰਨੀਆ
ਪੰਜਾਬ ਮੇਲ USA



ਦੋ ਜੂਨ, 1984 ਦਾ ਦਿਨ ਨਾ ਕੇਵਲ ਅਸਮਾਨੀ ਤਪਸ਼ ਵਜੋਂ ਹੀ ਪੰਜਾਬ ਦੇ ਲੋਕਾਂ 'ਤੇ ਸਕਤਾ ਕਰੜਾ ਸੀ, ਬਲਕਿ ਦਿੱਲੀ ਹਕੂਮਤ ਦੀਆਂ ਦੂਈ ਦਵੈਸ਼ ਭਰੀਆਂ ਨਜ਼ਰਾਂ ਕਰਕੇ ਵੀ ਜ਼ਹਿਰੀ ਹੋਇਆ ਤਪਿਆ ਪਿਆ ਸੀ। ਰੰਗਲੇ ਪੰਜਾਬ ਦੀਆਂ ਖ਼ੁਸ਼ਬੂਆਂ ਭਰੀਆਂ ਹਵਾਵਾਂ ਨਿੱਤ ਦਿਨ ਪੁਲਿਸ, ਮਿਲਟਰੀ ਗਸ਼ਤ ਤੇ ਨਾਕੇ-ਬਾਜ਼ੀ ਕਰਕੇ ਸਹਿਮੀਆਂ-ਸਹਿਮੀਆਂ ਨਜ਼ਰ ਆ ਰਹੀਆਂ ਸਨ। ਹਕੂਮਤ ਵੱਲੋਂ ਪੰਜਾਬੀ ਭਾਈਚਾਰੇ ਵੱਲ ਘੁਣਸੀ ਵਤੀਰੇ ਕਾਰਨ ਪੰਜਾਬ ਦੀ ਜਵਾਨੀ ਵੀ ਇਸ ਬੇਇਨਸਾਫ਼ੀ ਸਲੂਕ ਦੇ ਖ਼ਿਲਾਫ਼ ਹਿੱਕ ਕੱਢ ਕੇ ਖੜ੍ਹੋ ਗਈ ਸੀ। ਜੇ ਪੁਲਿਸ ਜਾਂ ਸੁਰੱਖਿਆ ਬਲ ਪੰਜਾਬ ਦੀ ਇੱਕ ਨੁੱਕਰੇ ਕੋਈ ਵਧੀਕੀ ਕਰਦੀ, ਤਾਂ ਉਹ ਪੰਜਾਬ ਦੀ ਦੂਸਰੀ ਨਾੜ/ਨੁੱਕਰ ਤੱਕ ਕਰਬਲਾਹਟ ਮਚਾ ਦਿੰਦੀ। ਸੰਤ ਭਿੰਡਰਾਂਵਾਲਾ ਦਾ ਮੋਟਰਸਾਈਕਲ ਬ੍ਰਿਗੇਡ ਝਬਦੇ ਹੀ ਉਸ ਦੀ ਭਾਜੀ ਮੋੜ ਦਿੰਦਾ। ਇਹ ਪੰਜਾਬ ਦੇ ਬਹੁਤ ਡੂੰਘੇ ਦੋਹਰੇ ਸੰਤਾਪ ਦੀ ਨਿਸ਼ਾਨੀ ਸੀ ਕਿ ਜੇ ਕੋਈ ਪੁਲਿਸ ਵਾਲਾ ਮਾਰ ਦਿੱਤਾ ਜਾਂਦਾ, ਤਾਂ ਉਹ ਵੀ ਪੰਜਾਬੀ ਜੁਆਨ ਤੇ ਜੇ ਪੁਲਿਸ ਵਾਲੇ ਖਾੜਕੂ ਸਿੰਘਾਂ ਵੱਲ ਨਕਲੀ ਮੁਕਾਬਲੇ ਕਰਕੇ ਮਾਰ ਦਿੰਦੇ, ਤਾਂ ਉਹ ਵੀ ਪੰਜਾਬ ਦੀ ਜਵਾਨੀ ਦਾ ਹੀ ਘਾਣ ਸੀ। ਪਾਸੇ ਖੜ੍ਹੋ ਕੇ ਵੇਖਦੀ ਤਮਾਸ਼ਬੀਨ ਇੱਕ ਜਮਾਤ ਇਹ ਸਭ ਕੁੱਝ ਵੇਖ ਕੇ ਵੱਖੀਆਂ 'ਚ ਹੱਸ ਰਹੀ ਸੀ। ਜਦ ਕਿਧਰੇ ਇਨ੍ਹਾਂ ਤੋਂ ਬਿਨਾਂ ਇੱਕ ਤੀਸਰੀ ਧਿਰ ਉੱਤੇ ਕਰੋਪੀ ਆ ਜਾਂਦੀ, ਤਾਂ ਇਸ ਮੁਤਅੱਸਬ ਧਿਰ ਦਾ ਸੀਨਾ ਛਲਨੀ ਹੋ ਜਾਂਦਾ। ਉਹ ਪਾਹਰਿਆ-ਪਾਹਰਿਆ ਕਰਦੇ ਆਪਣੀ ਇੱਜ਼ਤ-ਆਬਰੂ 'ਤੇ ਖ਼ਤਰੇ ਦੀ ਘੰਟੀ ਦੇ ਬਹਾਨੇ ਦਿੱਲੀ ਦਰਬਾਰ ਤੱਕ ਆਪਣੇ ਬਚਾਅ ਲਈ ਜਾ ਫ਼ਰਿਆਦ ਕਰਦੇ। ਹਰਿਮੰਦਰ ਗਲਿਆਰੇ ਦੇ ਅੰਦਰ ਸੰਤ ਭਿੰਡਰਾਂ ਵਾਲਿਆਂ ਦੇ ਸ਼ਰੀਕ ਹੋਰ ਕਈ ਧੜੇ ਵੀ ਜੰਮ ਪਏ ਜਾਂ ਪੈਦਾ ਕਰ ਦਿੱਤੇ ਗਏ। ਇਹ ਜੋ ਅੰਦਰੋਂ ਉਨ੍ਹਾਂ ਦੀ ਚੜ੍ਹਤ 'ਤੇ ਖਾਰ ਖਾਂਦੇ ਸਨ, ਨੇ ਪੰਥ ਦੋਖੀਆਂ ਦਾ ਸਾਥ ਦਿੱਤਾ। ਅਕਾਲੀ ਖੇਮੇ ਦੇ ਪ੍ਰਮੁੱਖ ਲੀਡਰਾਂ ਦੀ ਵੀ ਇਸ ਨਾਲ ਪੂਰੀ ਸਹਿਮਤੀ ਸੀ ਤੇ ਉਨ੍ਹਾਂ ਨੇ ਹੀ ਚਿੱਠੀ ਲਿਖ ਕੇ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਸੀ ਕਿ ਹਾਲਾਤ ਉਨ੍ਹਾਂ ਦੇ ਵਸੋਂ ਬਾਹਰ ਹੋ ਰਹੇ ਹਨ, ਇਸ ਲਈ ਕੇਂਦਰ ਸਰਕਾਰ ਦਖ਼ਲ ਦੇਵੇ। ਆਖ਼ਰ ਪੰਥ ਵਿਰੋਧੀ ਤਾਕਤਾਂ ਦੀ ਮਿਲੀਭੁਗਤ ਨੇ ਪੰਜਾਬ/ਅੰਮ੍ਰਿਤਸਰ ਉੱਤੇ ਫ਼ੌਜੀ ਹਮਲੇ ਦੀ ਰਾਹਦਾਰੀ ਪੈਦਾ ਕਰ ਦਿੱਤੀ।

ਇੱਕ ਜੂਨ, 1984 ਨੂੰ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਭਾਰੀ ਲਾਮ-ਲਸ਼ਕਰ ਨਾਲ ਅੰਮ੍ਰਿਤਸਰ ਪਹੁੰਚ ਗਿਆ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਹਰ ਪਿੰਡ, ਸ਼ਹਿਰ, ਗਲੀ ਕੂਚੇ ਪਹੁੰਚ ਗਈ ਕਿ ਅੰਮ੍ਰਿਤਸਰ/ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਹਮਲਾ ਕਰਨ ਜਾ ਰਹੀ ਹੈ। ਸੰਤ ਭਿੰਡਰਾਂਵਾਲਾ ਨੇ ਐਲਾਨ ਕੀਤਾ ਕਿ ਜੇਕਰ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਹੋਇਆ ਤਾਂ ਇਸ ਨੂੰ ਖ਼ਾਲਿਸਤਾਨ ਦੀ ਨੀਂਹ ਸਮਝੀ ਜਾਏਗੀ। ਇਸ ਦੇ ਮੁਕਾਬਲੇ ਅੰਦਰ ਵੀ ਪੂਰੀ ਤਿਆਰੀ ਹੋ ਗਈ ਤੇ ਖ਼ਾਲਸਾ ਕਮਰ-ਕੱਸੇ ਕਰਕੇ ਤਿਆਰ-ਬਰ-ਤਿਆਰ ਹੋ ਗਿਆ। ਦਰਬਾਰ ਸਾਹਿਬ ਅੰਦਰ-ਬਾਹਰ ਚਾਰ ਚੁਫੇਰੇ 'ਗਗਨ ਦਮਾਮਾ ਬਾਜਿਓ ਪਇਓ ਨਿਸ਼ਾਨੇ ਘਾਓ' ਦੇ ਬੀਰ ਰਸੀ ਸ਼ਬਦ ਗੂੰਜਣ ਲੱਗੇ।

ਦੋ ਜੂਨ ਤੱਕ ਪੰਜਾਬ ਦੇ ਹਰ ਪਿੰਡ ਸ਼ਹਿਰ, ਹਰ ਗਲੀ-ਚੌਂਕ ਵਿਚ ਮਿਲਟਰੀ ਗਸ਼ਤ ਕਰਨ ਲੱਗੀ। ਪੈਰ-ਪੈਰ 'ਤੇ ਤਲਾਸ਼ੀ ਨਾਕੇ-ਬਾਜ਼ੀ ਕਰਕੇ ਲੋਕਾਂ ਦਾ ਦਮ ਘੁੱਟਣ ਲੱਗਾ। ਜਦ-ਜਦ ਉਹ ਹੋਰ ਦੀ ਹੋਰ ਸਖ਼ਤੀ ਕਰਦੇ, ਲੋਕਾਂ ਦਾ ਰੋਹ ਹੋਰ ਦੀ ਹੋਰ ਭੜਕਦਾ ਉੱਪਰ ਚੜ੍ਹਦਾ ਗਿਆ। ਪੇਂਡੂ ਸੰਗਤਾਂ ਭਾਰੀ ਗਿਣਤੀ 'ਚ ਅੰਮ੍ਰਿਤਸਰ ਦਰਬਾਰ ਸਾਹਿਬ ਵੱਲ ਵਹੀਰਾਂ ਘੱਤੀ ਆਉਣ ਲੱਗੀਆਂ।

ਹਰਿਆਣਾ ਦੇ ਸਰਸਾ ਵਿਖੇ ਰਹਿੰਦਾ ਮੇਰਾ ਇੱਕ ਰਿਸ਼ਤੇਦਾਰ ਸੁਖਦੇਵ ਸਿੰਘ ਜੋ ਟਰੱਕ ਲੈ ਕੇ ਹਮੇਸ਼ਾ ਹੀ ਆਉਂਦਾ-ਜਾਂਦਾ ਸੀ, ਆਪਣੀ ਰੁਟੀਨ ਫੇਰੀ ਵਿਚ ਇੱਕ ਜੂਨ ਨੂੰ ਮਾਲ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ। ਉਹ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ਤੇ ਇਸ ਧਾਰਮਿਕ ਨਗਰੀ ਵੱਲ ਢੋਆ-ਢੁਆਈ ਨੂੰ ਹੋਰ ਜ਼ਿਆਦਾ ਤਰਜੀਹ ਦਿੰਦਾ ਸੀ। ਇਸ ਨਾਲ ਇੱਕ ਤਾਂ ਉਸ ਦੀ ਦਿਹਾੜੀ ਬਣ ਜਾਂਦੀ, ਦੂਸਰਾ ਦਰਬਾਰ ਸਾਹਿਬ ਦੇ ਦਰਸ਼ਨ ਹੋ ਜਾਂਦੇ ਤੇ ਤੀਸਰੇ ਉਹ ਮੇਰੀ ਭੂਆ ਦਾ ਪੁੱਤ ਹੋਣ ਕਰਕੇ ਨਾਨਕੇ ਘਰ ਚੱਕਰ ਲਾ ਲੈਂਦਾ। ਉਹ ਇੱਕ ਜੂਨ ਨੂੰ ਸਮਾਨ ਉਤਾਰ ਕੇ ਬਾਬੇ ਦੇ ਦਰਸ਼ਨ ਕਰਕੇ ਰਾਤ ਮੇਰੇ ਕੋਲ ਖ਼ਾਲਸਾ ਕਾਲਜ ਲਾਗੇ ਘਰ ਠਹਿਰ ਗਿਆ। ਦਰਬਾਰ ਸਾਹਿਬ ਦੇ ਚਾਰ-ਚੁਫੇਰੇ ਇਮਾਰਤਾਂ 'ਤੇ ਚੜ੍ਹੇ ਫ਼ੌਜੀਆਂ ਵੱਲੋਂ ਕੀਤੀ ਘੇਰਾਬੰਦੀ ਤੇ ਛੁੱਟ-ਪੁੱਟ ਗੋਲੀ ਬਾਰੇ ਗੱਲਾਂ ਕਰਦਾ ਉਹ ਭੈਅਭੀਤ ਜਿਹਾ ਹੋ ਰਿਹਾ ਸੀ। ਰੋਜ਼ ਦਾ ਪੀਣ ਵਾਲਾ ਵੱਡਾ ਪਿਆਕਲ ਉਸ ਦਿਨ ਤੌਬਾ ਕਰਕੇ ਕੰਨਾਂ ਨੂੰ ਹੱਥ ਲਾ ਗਿਆ। ਸੰਤਾਂ ਦੇ ਲੈਕਚਰ ਤੋਂ ਉਹ ਏਨਾ ਪ੍ਰਭਾਵਿਤ ਹੋਇਆ ਕਿ ਜਿਵੇਂ ਸ਼ਰਾਬ, ਨਸ਼ੇਬਾਜ਼ੀ ਦੇ ਖ਼ਿਲਾਫ਼ ਪ੍ਰਚਾਰਕ ਬਣ ਗਿਆ। ਉਸ ਦੇ ਆਉਣ ਨਾਲ ਸਾਡੇ ਵੀ ਖਾਣ-ਪੀਣ ਵਾਲੇ ਸਾਥੀ ਸਾਰੇ ਸੁੱਕੇ ਰਹੇ। ਅਗਲੇ ਦਿਨ ਉਸ ਨੇ ਵਾਪਸ ਚਲੇ ਜਾਣਾ ਸੀ। ਮੈਂ ਕਿਹਾ, ਇੱਕ ਦਿਨ ਹੋਰ ਠਹਿਰ ਜਾਹ। ਇਸ ਵਿਚ ਮੇਰਾ ਇੱਕ ਸੁਆਰਥ ਵੀ ਸੀ ਕਿ 500 ਸਫ਼ੈਦਿਆਂ ਦੀ ਪਨੀਰੀ ਦਾ ਕਈ ਦਿਨਾਂ ਤੋਂ ਮਿਲਿਆ ਪਰਮਿਟ ਪਿਆ ਸੀ, ਜੋ ਮੈਂ ਨਰਸਰੀ ਤੋਂ ਚੁੱਕ ਨਹੀਂ ਸਕਿਆ। ਮੈਂ ਕਿਹਾ, ਚੱਲ ਤੇਰੇ ਬਹਾਨੇ ਮੇਰੇ ਸਫ਼ੈਦੇ ਚਲੇ ਜਾਣਗੇ ਤੇ ਤੈਨੂੰ ਫਾਰਮ ਦਾ ਚੱਕਰ ਮਰਾਵਾਂਗਾ। ਉਹ ਅਣਮੰਨੇ ਜਿਹੇ ਮਨ ਨਾਲ ਮੰਨ ਗਿਆ। ਦੋ ਜੂਨ ਨੂੰ ਚਾਟੀਵਿੰਡ ਨਹਿਰ ਦੇ ਸੁਲਤਾਨਪੁਰ ਇਲਾਕੇ ਨਹਿਰ ਕੰਢੇ ਸਰਕਾਰੀ ਨਰਸਰੀ 'ਤੇ ਪਹੁੰਚ ਗਏ। ਰਸਤੇ ਵਿਚ ਸੁਰੱਖਿਆ ਏਜੰਸੀਆਂ ਦਾ ਦਬਾਅ ਬਹੁਤ ਜ਼ਿਆਦਾ ਸੀ ਪਰ ਇਸ ਨਾਲ ਲੋਕਾਂ ਦੀ ਆਵਾਜਾਈ ਵਿਚ ਕੋਈ ਫ਼ਰਕ ਨਹੀਂ ਪਿਆ। ਜਿਵੇਂ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਵਾਂਗ ਅਜਿਹੀਆਂ ਦਹਿਸ਼ਤ ਭਰਪੂਰ ਕਾਰਜ ਸ਼ੈਲੀਆਂ ਉਨ੍ਹਾਂ ਦੇ ਹੱਡੀ ਰੱਚ ਗਈਆਂ ਹਨ।

ਨਰਸਰੀ ਦੇ ਮੌਕੇ 'ਤੇ ਬੇਲਦਾਰ ਇੰਚਾਰਜ ਵੀ ਹਾਜ਼ਰ ਮਿਲ ਗਿਆ।

'ਛੇਤੀ ਕਰ ਲਓ ਸਿੰਘ ਜੀ! ਸ਼ਹਿਰ ਦੇ ਸਾਰੇ ਰਸਤੇ ਸੀਲ ਹੋ ਰਹੇ ਨੇ। ਅੰਦਰ ਘਮਸਾਣ ਮੱਚ ਰਿਹਾ ਹੈ।' ਉਹ ਘਬਰਾਇਆ ਹੋਇਆ ਸੀ।

'ਕੁੱਝ ਨੀਂ ਹੁੰਦਾ ਜੁਆਨਾਂ... ਹੌਂਸਲਾ ਕਰ। ਕਲਗ਼ੀਆਂ ਵਾਲੇ ਨੂੰ ਯਾਦ ਰੱਖ।' ਸੁਖਦੇਵ ਸਿੰਘ ਨੇ ਉਸ ਦੇ ਮੋਢੇ ਥਪਕੀ ਦਿੱਤੀ।

'ਮੈਂ ਕਲਗ਼ੀਆਂ ਵਾਲੇ ਨੂੰ ਸਿਰ ਨਿਵਾਉਂਦਾ ਹਾਂ ਪਰ ਮੇਰੇ 'ਤੇ ਵੀ ਯਕੀਨ ਕਰੋ ਵੀਰ ਜੀ! ਕੱਲ੍ਹ ਦਰਬਾਰ ਸਾਹਿਬ ਦੇ ਚੁਫੇਰੇ ਉੱਚੀਆਂ ਇਮਾਰਤਾਂ 'ਤੇ ਘਾਤ ਲਗਾਈ ਬੈਠੇ ਸਰਕਾਰੀ ਕੁੱਤਿਆਂ ਨੇ ਸੁਰੱਖਿਆ ਦੇ ਬਹਾਨੇ ਗੋਲੀਬਾਰੀ ਕਰਕੇ ਗੁਰੂ ਰਾਮਦਾਸ ਦੇ ਘਰ ਅੰਦਰ ਹਰਿਮੰਦਰ ਦੀ ਬੇਅਦਬੀ ਕੀਤੀ ਤੇ 6-7 ਬੇਕਸੂਰ ਸ਼ਰਧਾਲੂ ਸਿੰਘ ਭੁੰਨ ਸੁੱਟੇ ਨੇ। ਪ੍ਰਕਰਮਾ ਦੇ ਇਕ ਕਮਰੇ ਵਿਚ ਰੱਖੇ ਅਖੰਡ ਪਾਠ ਵੱਲ ਗੋਲੀਆਂ ਚਲਾ ਕੇ ਪਾਠ ਵਿਚ ਵਿਘਨ ਪਾ ਕੇ ਮਰਿਯਾਦਾ ਭੰਗ ਕੀਤੀ, ਪਾਠੀ ਨੂੰ ਮਾਰ ਦਿੱਤਾ ਤੇ ਲਹੂ-ਲੁਹਾਨ ਗੁਰੂ ਗ੍ਰੰਥ ਸਾਹਿਬ ਨੂੰ ਵੀ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਅੱਜ ਸ਼ਹੀਦਾਂ ਵਾਲੇ ਸ਼ਮਸ਼ਾਨਘਾਟ ਵਿਚ ਉਨ੍ਹਾਂ ਦਾ ਸਸਕਾਰ ਹੈ, ਮੈਂ ਵੀ ਜਾਣਾ ਚਾਹੁੰਦਾ ਹਾਂ ਉੱਥੇ।' ਕਾਹਲੀ-ਕਾਹਲੀ ਰਜਿਸਟਰ ਵਿਚ ਪਰਮਿਟ ਦਰਜ ਕਰਕੇ ਉਹ ਆਪ ਹੀ ਸਫ਼ੈਦੇ ਚੁਕਾਉਣ ਤੇ ਲਦਾਉਣ ਵਿਚ ਸਾਡੀ ਮਦਦ ਕਰਨ ਲੱਗਾ। ਸਰੀਰਕ ਤੇ ਮਾਨਸਿਕ ਤਣਾਓ ਨਾਲ ਉਸ ਦਾ ਸਾਹ ਜਿਵੇਂ ਫੁੱਲਦਾ ਜਾ ਰਿਹਾ ਸੀ।

'ਸਰਕਾਰੀ ਆਗੂਆਂ ਦੇ ਥਾਪੜੇ ਨਾਲ ਪੁਲਿਸ ਲੋਕਾਂ ਨੂੰ ਚੱਕੀ ਪੀਹ ਰਹੀ ਹੈ। ਕਿਸੇ ਨੂੰ ਕਾਨੂੰਨੀ ਡੰਡੇ ਦਾ ਡਰ ਨਹੀਂ... ਜਨਤਾ ਦੀ ਰਖਵਾਲੀ ਪੁਲਿਸ ਭੁੱਖੀ ਬੇਲਗਾਮ ਹੋਈ ਪਈ ਸ਼ਰੀਫ਼ ਲੋਕਾਂ ਨੂੰ ਵੱਢ-ਵੱਢ ਖਾਈ ਜਾ ਰਹੀ ਹੈ।' ਉਹ ਬੜੇ ਜੋਸ਼ ਵਿਚ ਬੁੜਬੁੜ ਕਰ ਰਿਹਾ ਸੀ।

ਚਿਹਰੇ 'ਤੇ ਭਖਦੀ ਲਾਲੀ ਵਾਲੇ ਉਸ ਬੇਲਦਾਰ ਦੇ ਛੁਹਲੇ ਹੱਥ ਕੰਮ ਕਰ ਰਹੇ ਸਨ ਪਰ ਨਾਲ-ਨਾਲ ਜ਼ੁਬਾਨ ਉਸ ਦੀ ਪਾਠ ਕਰ ਰਹੀ ਸੀ। ਸ਼ਹੀਦ ਫੌਜਾ ਸਿੰਘ ਜੋ 1978 'ਚ ਨਿਰੰਕਾਰੀ ਕਾਂਡ ਦਾ ਮੋਹਰੀ ਸੀ ਤੇ ਅੰਮ੍ਰਿਤਸਰ ਵਿਖੇ ਖੇਤੀਬਾੜੀ ਮਹਿਕਮੇ ਦਾ ਕਰਮਚਾਰੀ ਸੀ, ਵਾਂਗ ਇਸ ਦੇ ਚਿਹਰੇ ਦਾ ਤੇਜ-ਤਪ ਦਰਸਾਉਂਦਾ ਸੀ ਕਿ ਉਹ ਕੋਈ ਸਾਧਾਰਨ ਸ਼ਖ਼ਸੀਅਤ ਨਹੀਂ ਸੀ। ਸੁਖਦੇਵ ਨੇ ਡਾਲਾ ਖੋਲ੍ਹਿਆ ਤੇ ਘੰਟੇ ਭਰ ਵਿਚ ਸਾਰਾ ਕੰਮ ਹੋ ਗਿਆ। ਬੇਲਦਾਰ ਨੂੰ ਧੰਨਵਾਦ ਵਜੋਂ ਮੈਂ ਦਸ ਰੁਪਏ ਦੇਣੇ ਚਾਹੇ, ਪਰ ਉਸ ਨੇ ਹੱਥ ਜੋੜਦੇ ਨਾਂਹ ਕਰਦੇ ਮੁਆਫ਼ੀ ਮੰਗੀ।

'ਲੈ ਜਾਓ ਬਾਬਿਓ, ਨਿਕਲ ਜਾਓ ਜਲਦੀ। ਕਾਲੀ ਬੋਲੀ ਹਨੇਰੀ ਚੜ੍ਹੀ ਆ ਰਹੀ ਹੈ ਇਹ ਦਸ ਤੁਹਾਡੇ ਕੰਮ ਆਉਣਗੇ।' ਜਿਵੇਂ ਉਸ ਨੂੰ ਕੋਈ ਅਸਮਾਨੀ ਭਾਖਿਆ ਸੀ ਜਾਂ ਉਹ ਵੀ ਅੰਦਰਲਾ ਸੱਚਾ ਸੇਵਕ ਸੀ ਤੇ ਉਸ ਨੂੰ ਹੋਣ ਵਾਲੀ ਸਾਰੀ ਹੋਣੀ ਦਾ ਗਿਆਨ ਸੀ।

'ਧੰਨਵਾਦ ਤੇਰਾ... ਤੂੰ ਵੀ ਘਰ ਜਾਹ ਜਲਦੀ ਆਪਣੇ ਬਾਲ ਬੱਚੇ ਕੋਲ।' ਉਸ ਦੀਆਂ ਅੱਖਾਂ ਤਰਲ ਹੋਈਆਂ ਵੇਖ ਕੇ ਮੇਰਾ ਮਨ ਵੀ ਦੁਚਿੱਤੀ ਜਿਹੀ ਵਿਚ ਗ੍ਰਸਿਆ ਗਿਆ। ਉਸ ਗੁੱਝੀ ਬੁਝਾਰਤ ਨੂੰ ਖੋਲ੍ਹਣਾ ਚਾਹੁੰਦੇ ਵੀ ਮੈਂ ਨਾ ਕਰ ਸਕਿਆ ਤੇ ਇਹ ਪਛਤਾਵਾ ਅਜੇ ਤੱਕ ਮੇਰੇ ਅੰਦਰ ਘੁੰਮਣ-ਘੇਰੀਆਂ ਮਚਾ ਰਿਹਾ ਹੈ।

ਨਹਿਰੇ ਪੈ ਕੇ ਮੁੜ ਜੀ.ਟੀ. ਰੋਡ 'ਤੇ ਫਰੀਡਮ ਇੰਡਸਟਰੀ ਲਾਗੋਂ ਹੁੰਦੇ ਹੋਏ ਮਕਬੂਲਪੁਰਾ ਚੌਂਕ, 100 ਫੁੱਟੀ ਸੜਕ ਤੱਕ ਚਾਰ ਥਾਵਾਂ 'ਤੇ ਪੁਲਿਸ, ਬੀ.ਐੱਸ.ਐਫ. ਅਤੇ ਫ਼ੌਜੀਆਂ ਦੀ ਟੁਕੜੀ ਨੇ ਰੋਕ ਕੇ ਪੁੱਛਿਆ, 'ਕਿੱਥੋਂ ਆਏ ਹੋ? ਕਿੱਥੇ ਜਾਣਾ ਹੈ? ਕਾਗ਼ਜ਼ ਪੱਤਰ ਦਿਖਾਓ... ਪਰਮਿਟ ਦਿਖਾਓ।' ਆਦਿ ਕਈ ਸੁਆਲਾਂ ਦਾ ਜੁਆਬ ਦਿੰਦੇ ਰਹੇ।

'ਇੱਧਰ ਨਹੀਂ... ਅੱਗੇ।' ਸੁਖਦੇਵ ਡਰਾਈਵਰ ਨੇ ਈਸਟ ਮੋਹਨ ਨਗਰ ਚਮ-ਰੰਗ ਰੋਡ ਨੂੰ ਮੁੜਨਾ ਚਾਹਿਆ ਪਰ ਅੱਗੇ ਡੋਗਰਾ ਫ਼ੌਜੀਆਂ ਨੇ ਸਿਰ ਹਿਲਾ ਦਿੱਤਾ।

'ਅਰੇ ਭਾਈ ਮੇਰਾ ਤੋਂ ਇੱਧਰ ਸ਼ੇਰਾਂ ਵਾਲਾ ਗੇਟ ਪਰ ਵਰਕਸ਼ਾਪ ਮੇਂ ਟਾਇਰ ਪੜਾ ਹੈ ਪੰਚਰ ਲਗਾਣੇ ਵਾਲਾ, ਮੈਂ ਵੋਹ ਲੈਣਾ ਹੈ।' ਉਸ ਨੇ ਹਰਿਆਣਵੀ ਡਰਾਈਵਰਾਂ ਵਾਲੀ ਹਿੰਡ ਵਰਤੀ। ਉਹ ਚੰਗੀ ਹਰਿਆਣਵੀ ਜਾਣਦਾ ਸੀ।

ਧਰਮ-ਯੁੱਧ ਮੋਰਚੇ ਦੇ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ, ਅਕਾਲੀ ਦਲ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਦਮਦਮੀ ਟਕਸਾਲ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵੱਲੋਂ ਅਖ਼ਬਾਰਾਂ ਵਿਚ ਸਾਂਝੀ ਅਪੀਲ ਛਪੀ ਸੀ ਕਿ ਵੱਧ ਤੋਂ ਵੱਧ ਕਣਕ ਤੇ ਬਸਤਰ ਅੰਦਰ ਦਰਬਾਰ ਸਾਹਿਬ ਭੇਜੇ ਜਾਣ। ਗੁਰੂ ਅਰਜਨ ਦੇਵ ਦੇ ਸ਼ਹੀਦੀ ਸਮਾਗਮ ਨੇੜੇ ਹੋਣ ਕਾਰਨ ਵੀ ਬਾਹਰੋਂ ਟਰੱਕਾਂ ਦੇ ਟਰੱਕ ਕਣਕ, ਖਾਦ ਪਦਾਰਥ ਤੇ ਸ਼ਰਧਾਲੂ ਵਹੀਰਾਂ ਘੱਤੀ ਆ ਰਹੇ ਸਨ। ਵੇਖੋ ਵੇਖੀ ਬਹੁਤੇ ਲੋਕ ਸ਼ਹੀਦਾਂ ਦੇ ਸਸਕਾਰ ਵਾਸਤੇ ਵੀ ਉਮਡ ਪਏ ਜਾਪਦੇ ਸਨ। ਠੀਕ ਉਸੇ ਵੇਲੇ ਕੁੱਝ ਹੋਰ ਪੈਦਲ ਚਾਲਕ ਨਿਹੰਗ ਸਿੰਘ ਅੱਗੇ ਜਾਣ ਦੀ ਜ਼ਿੱਦ ਕਰਦੇ ਖਹਿਬੜਦੇ ਸੀ.ਆਰ.ਪੀ.ਐਫ. ਨਾਲ ਭਿੜਦੇ ਗੁੱਥਮਗੁੱਥਾ ਹੁੰਦੇ ਵਾਲ ਪੁਟਾਉਂਦੇ ਵੇਖ ਕੇ ਮੈਂ ਤੇ ਮੇਰੇ ਸਾਥੀ ਡਰਾਈਵਰ ਨੇ ਹੌਂਸਲਾ ਹਾਰ ਦਿੱਤਾ। ਉਨ੍ਹਾਂ ਕੁੱਕੜੀ ਦੇ ਖੰਭਾਂ ਵਾਂਗ ਨਿਹੰਗ ਦੇ ਲੀੜੇ ਕੱਪੜੇ ਬੋਟੀ-ਬੋਟੀ ਕਰ ਦਿੱਤੇ ਸਨ। ਕੋਈ ਉਸ ਦੀ ਮਦਦ ਵਾਸਤੇ ਨੇੜੇ ਨਹੀਂ ਆਇਆ। ਉਨ੍ਹਾਂ ਦੇ ਅਗਲੇ ਇਸ਼ਾਰੇ ਨਾਲ ਮਲਕੜੇ ਜਿਹੇ ਹੀ ਅਸੀਂ ਇੱਜ਼ਤ ਬਚਾ ਕੇ ਜੀ.ਟੀ. ਰੋਡ 'ਤੇ ਚੱਲ ਪਏ।

'ਤਸੀਲਪੁਰੇ ਦੇ ਸਾਹਮਣੇ ਅਕਾਲੀ ਫੂਲਾ ਸਿੰਘ ਬੁਰਜ ਵਾਲੀ ਸੜਕੇ ਪੈ ਜਾਵਾਂਗੇ, ਚੱਲ ਅੱਗੇ ਚੱਲ।' ਮੈਂ ਉਸ ਨੂੰ ਹੌਂਸਲਾ ਦਿੱਤਾ।

'ਭਾਊ ਮੇਰੇ ਟਾਇਰ ਮਾੜੇ ਹਨ ਤੇ ਮੈਂ ਸ਼ੇਰਾਂ-ਵਾਲਾ-ਗੇਟ ਨੇੜਲੀ ਵਰਕਸ਼ਾਪ 'ਤੇ ਸਟੈਪਨੀ ਦਿੱਤੀ ਹੋਈ ਹੈ, ਉਸ ਤੋਂ ਬਿਨਾਂ ਮੈਂ ਬਾਹਰ ਦੂਰ ਨਹੀਂ ਜਾ ਸਕਦਾ।' ਡਰਾਈਵਰ ਨੇ ਆਪਣਾ ਤਰਲਾ ਦੁਹਰਾਇਆ।

ਤਸੀਲਪੁਰੇ ਪਹੁੰਚ ਕੇ ਵੀ ਖ਼ਾਕੀ ਵਰਦੀ ਵਾਲਿਆਂ ਦਾ ਉਹੀ ਡਰਾਮਾ ਵੇਖ ਕੇ ਮੈਂ ਆਪ ਥੱਲੇ ਉੱਤਰਿਆ। ਫ਼ੌਜੀਆਂ ਨੂੰ ਆਪਣਾ ਸਰਕਾਰੀ ਕਾਰਡ ਤੇ ਕਰਫ਼ਿਊ ਪਾਸ ਵੀ ਦਿਖਾਇਆ ਤੇ ਦੱਸਿਆ ਕਿ ਅਸੀਂ ਅੱਗੇ ਦਰਬਾਰ ਸਾਹਿਬ ਨਹੀਂ, ਸਗੋਂ ਸ਼ੇਰਾਂ ਵਾਲੇ ਗੇਟ ਤੱਕ ਹੀ ਟਾਇਰਾਂ ਦੀ ਦੁਕਾਨ ਤੱਕ ਜਾਣਾ ਹੈ, ਪਰ ਉਹ ਨਹੀਂ ਮੰਨੇ।


'ਆਗੇ ਸੇ ਚਲੇ ਜਾਣਾ ਸ਼ਰੀਫਪੁਰੇ ਵਾਲੇ ਮੋੜ ਤੋਂ।' ਉਨ੍ਹਾਂ ਨਾਲ ਖੜ੍ਹੇ ਪੰਜਾਬ ਪੁਲਿਸ ਦੇ ਸਿਪਾਹੀ ਨੇ ਜਿਵੇਂ ਹਮਦਰਦੀ ਜਤਾਈ। ਪਰ ਅੱਗੇ ਵੀ ਓਹੀ ਭਾਣਾ ਵਰਤਿਆ। ਉੱਥੇ ਖੜ੍ਹੇ ਸੰਤਰੀਆਂ ਨੇ ਮੁੜਨ ਸਮੇਂ ਦੂਰੋਂ ਹੀ ਹੱਥ ਦੇ ਕੇ ਅੱਗੇ ਨੂੰ ਇਸ਼ਾਰਾ ਕਰ ਦਿੱਤਾ। ਪ੍ਰਤੱਖ ਸੀ ਕਿ ਦਰਬਾਰ ਸਾਹਿਬ ਅਤੇ ਸ਼ਹੀਦਾਂ ਗੁਰਦੁਆਰੇ ਤੱਕ ਜਾਣ ਦੇ ਸਾਰੇ ਨਾਕੇ ਸੀਲ ਕਰ ਦਿੱਤੇ ਗਏ ਹਨ।

'ਇਹ ਤਾਂ ਸਰਕਾਰੀ ਚੌਕੀਦਾਰ ਹਨ, ਇਨ੍ਹਾਂ ਨੂੰ ਕੁੱਝ ਪਤਾ ਨਹੀਂ। ਇਨ੍ਹਾਂ ਨੇ ਤਾਂ ਜੋ ਉੱਪਰੋਂ ਹੁਕਮ ਹੋਇਆ, ਉਹੀ ਵਜਾਉਣਾ ਹੈ।' ਮੈਂ ਚਾਲਕ ਨੂੰ ਧਰਵਾਸ ਦਿੱਤਾ। ਉਹ ਅਣਮੰਨੇ ਜਿਹੇ ਮੰਨ ਗਿਆ। ਹੋਰ ਚਾਰਾ ਹੀ ਕੋਈ ਨਹੀਂ ਸੀ।

ਰਾਮ-ਬਾਗ ਵਾਲਾ ਮੋੜ ਆ ਗਿਆ। ਸੱਜੇ ਪਾਸੇ ਸਿਵਲ ਹਸਪਤਾਲ ਫਾਟਕ 'ਤੇ ਖੱਬੇ ਪਾਸੇ ਕੈਰੋਂ ਦਾ ਸਿਨੇਮਾ ਘਰ ਬਾਜ਼ਾਰ ਸੀ। ਉੱਥੇ ਖੜ੍ਹੀ ਨਿਪਾਲੀ ਟੁਕੜੀ ਨੇ ਫੇਰ ਦੋਵੇਂ ਹੱਥ ਉੱਚੇ ਚੁੱਕ ਕੇ ਇਸ਼ਾਰਾ ਦੁਹਰਾ ਦਿੱਤਾ। ਇਹ ਸਾਰਾ ਵਰਤਾਰਾ ਵੇਖ ਹੰਢਾ ਕੇ ਮੈਂ ਵੀ ਅੱਕ ਗਿਆ ਸਾਂ।

'ਚੱਲ ਤੂੰ ਨਿਕਲ ਚੱਲ ਵੇਖੀ ਜਾਊ।' ਮੇਰੀ ਹੱਲਾਸ਼ੇਰੀ ਤੇ ਡਰਾਈਵਰ ਸ਼ੇਰ ਹੋ ਗਿਆ ਤੇ ਰੇਸ-ਕਿੱਲੀ ਨੱਪ ਦਿੱਤੀ।

'ਠਾਹ! ਠਾਹ!' ਟਰੱਕ ਅੱਗੇ ਦੌੜਦੇ ਇੱਕ ਗੋਰਖੇ ਨੇ ਹਵਾਈ ਫਾਇਰ ਛੱਡ ਦਿੱਤੇ।



'ਰੋਕ... ਰੋਕ!' ਉਸ ਨੇ ਬਰੇਕ ਲਗਾ ਦਿੱਤੀ, ਨਹੀਂ ਤਾਂ ਤੀਸਰਾ ਫਾਇਰ ਮੂਹਰਲੇ ਸ਼ੀਸ਼ੇ ਵਿਚ ਆਉਣਾ ਸੀ। ਡਰਾਈਵਰ ਪਸੀਨੋ-ਪਸੀਨੀ ਹੋ ਗਿਆ ਤੇ ਮੇਰਾ ਹਾਲ ਵੀ ਕਿਹੜਾ ਘੱਟ ਸੀ।

'ਇੱਕ ਨੇ ਨੇੜੇ ਆ ਕੇ ਡਰਾਈਵਰ ਨੂੰ ਗਲੋਂ ਫੜ ਥੱਲੇ ਘਸੀਟ ਲਿਆ। ਨਾਲ ਦੀ ਸੀਟ ਤੋਂ ਮੈਂ ਝਟਪਟ ਥੱਲੇ ਉੱਤਰਿਆ। ਉਹ ਗਿਰਝਾਂ ਵਾਂਗ ਟਰੱਕ ਦੇ ਦੁਆਲੇ ਝਪਟ ਪਏ। ਗੋਲੀਆਂ ਦੀ ਆਵਾਜ਼ ਨਾਲ ਸਾਰਾ ਬਾਜ਼ਾਰ ਸੁੰਨ-ਮਸਾਣ ਖ਼ਾਲੀ ਹੋ ਗਿਆ। ਮੇਰੀ ਲੰਬੀ ਦਾੜ੍ਹੀ ਜੋ ਉਸ ਵੇਲੇ ਸੁਖਦੇਵ ਸਿੰਘ ਉਰਫ਼ ਸੁੱਖੇ-ਸਧੀਰੇ ਦੀ ਸਲਾਹ 'ਤੇ ਜਾਂ ਉਸ ਤੋਂ ਡਰਦੇ ਮਾਰੇ ਸਮਝ ਲਓ, ਦੋ-ਚਾਰ ਮਹੀਨੇ ਰਹਿਤ ਰੱਖ ਕੇ ਮੈਂ ਵਧਾਈ ਸੀ, ਮੇਰੀ ਸ਼ਾਮਤ ਬਣ ਗਈ। ਮੇਰਾ ਸਰੀਰ ਕੰਬਣ ਲੱਗਾ। ਸੂਬੇਦਾਰ ਇੰਚਾਰਜ ਨੂੰ ਟੋਟੇ-ਟੋਟੇ ਕਰਕੇ ਸਾਰੀ ਗੱਲ ਸਮਝਾਉਣ ਦੀ ਮੈਂ ਕੋਸ਼ਿਸ਼ ਕੀਤੀ। ਮੇਰਾ ਸਰਕਾਰੀ ਕਾਰਡ ਤੇ ਕਰਫ਼ਿਊ-ਪਾਸ ਉਸ ਨੇ ਜੇਬ ਵਿਚ ਪਾ ਲਿਆ।

'ਯਹ ਖ਼ਤਮ ਹੈ, ਆਜ ਸੇ। ਅਬ ਯਹ ਸਿਵਲੀਅਨ ਕਾਰਡ ਨਹੀਂ ਚਲੇਂਗੇ। ਦੂਸਰਾ ਨਯਾ ਬਣਾਓ।'

ਟਰੱਕ ਦੀ ਸਾਲਮ ਤਲਾਸ਼ੀ ਦੌਰਾਨ ਸਫ਼ੈਦੇ ਵੇਖ ਕੇ ਉਨ੍ਹਾਂ ਨੂੰ ਨਿਰਾਸ਼ਤਾ ਵੀ ਹੋਈ, ਕਿਉਂਕਿ ਪਿਛਲੀ ਰਾਤ ਹੀ ਅਸਲੇ ਦਾ ਇੱਕ ਟਰੱਕ ਫੜ ਕੇ ਉਨ੍ਹਾਂ ਨੇ ਮਾਅਰਕਾ ਮਾਰਿਆ ਸੀ ਤੇ ਸਰਕਾਰੋਂ ਇਨਾਮ ਹਾਸਲ ਕੀਤੇ ਸਨ। ਸਫ਼ੈਦੇ ਦਾ ਇੱਕ ਇੱਕ ਬੂਟਾ ਉਨ੍ਹਾਂ ਬੰਬ ਵਾਂਗ ਘੋਖਿਆ। ਟਾਇਰ ਲੈਣ ਜਾਣ ਵਾਲੀ ਗੱਲ ਉਹ ਮੰਨ ਗਿਆ। ਆਪਣੇ ਉੱਪਰਲੇ ਬਾਸ ਤੋਂ ਹੁਕਮ ਲੈ ਕੇ ਮੈਨੂੰ ਸ਼ੇਰਾਂ ਵਾਲੇ ਗੇਟ ਤੋਂ ਅੱਗੇ ਅੰਦਰ ਨਾ ਜਾਣ ਦੀ ਨਸੀਹਤ ਦੇ ਕੇ ਟੁਕੜੀ ਇੰਚਾਰਜ ਨੇ ਆਪਣੇ ਬਾਰੇ ਕੋਈ ਪਛਤਾਵਾ ਨਹੀਂ ਕੀਤਾ, ਨਾ ਹੀ 'ਸੌਰੀ' ਕਿਹਾ। ਨਾਲ ਦੋ ਸਿਪਾਹੀ ਸਾਡੀ ਨਿਗਰਾਨੀ ਲਈ ਬਿਠਾ ਦਿੱਤੇ ਕਿ ਕਿਤੇ ਦਰਬਾਰ ਸਾਹਿਬ ਅੰਦਰ ਨਾ ਪਹੁੰਚ ਜਾਣ। ਰਾਮ-ਬਾਗ ਥਾਣੇ ਤੋਂ ਅੰਦਰ ਸ਼ੇਰਾਂ ਵਾਲੇ ਗੇਟ ਵੱਲ ਮੁੜਨ 'ਤੇ ਇੱਕ ਹੋਰ ਪੰਜਾਬ ਪੁਲਿਸ ਦਾ ਇੰਸਪੈਕਟਰ ਜੋ ਪਿਛਲੇ ਨਾਕੇ 'ਤੇ ਹੋਈ ਫਾਇਰਿੰਗ ਦੌਰਾਨ ਸਾਡਾ ਹਸ਼ਰ ਵੇਖ ਰਿਹਾ ਸੀ, ਨੇ ਵੀ ਰੁਕਣ ਦਾ ਇਸ਼ਾਰਾ ਕਰ ਦਿੱਤਾ। ਸਾਡੇ ਨਾਲ ਦੋ ਫ਼ੌਜੀ ਬੈਠੇ ਵੇਖ ਕੇ ਉਨ੍ਹਾਂ ਸਮਝ ਲਿਆ ਕਿ ਨਿਪਾਲੀ ਭਈਆਂ ਨੇ ਕੋਈ ਮੋਟੀ ਸਾਮੀ ਫਸਾ ਲਈ ਹੈ ਤੇ ਇਨ੍ਹਾਂ ਮੁਲਜ਼ਮਾਂ ਨੂੰ ਪੁੱਛ-ਗਿੱਛ ਕੇਂਦਰ ਲਿਜਾਇਆ ਜਾ ਰਿਹਾ ਹੈ। ਮੈਂ ਥੱਲੇ ਉਤਰ ਕੇ ਉਸ ਨੂੰ ਸਾਰੀ ਹੱਡ ਬੀਤੀ ਦੱਸੀ। ਉਸ ਨੂੰ ਤਸੱਲੀ ਹੋ ਗਈ।

'ਸਰਦਾਰ ਜੀ, ਅੱਜ ਤੋਂ ਬਾਅਦ ਸਮਝੋ ਤੁਹਾਡੀ ਬੋਨਸ ਦੀ ਜ਼ਿੰਦਗੀ ਹੈ। ਇਨ੍ਹਾਂ ਨੌਕਰਾਂ ਨੂੰ ਉੱਪਰਲੀ ਸਰਕਾਰ ਵੱਲੋਂ ਪੜ੍ਹਾਇਆ ਗਿਆ ਹੈ ਕਿ ਇਸ 'ਨਿਸ਼ਾਨੀ' ਵਾਲੇ ਸਾਰੇ ਲੋਕ ਅੱਤਵਾਦੀ ਹਨ, ਇਨ੍ਹਾਂ ਨੂੰ ਰੇੜ੍ਹੀ ਜਾਓ ਤੇ ਇਨਾਮ ਤਰੱਕੀਆਂ ਪਾਓ।' ਉਸ ਨੇ ਮੇਰੀ ਦਾੜ੍ਹੀ ਵੱਲ ਇਸ਼ਾਰਾ ਕੀਤਾ।

'ਦਰਬਾਰ ਸਾਹਿਬ ਦੇ ਅੰਦਰ ਟੈੱਸਟ ਓਪਰੇਸ਼ਨ ਚੱਲ ਰਿਹਾ ਹੈ। ਕੱਲ੍ਹ ਚਾਂਦਮਾਰੀ ਕਰਕੇ ਅੱਠ ਬੰਦੇ ਰੇੜ੍ਹ ਦਿੱਤੇ ਨੇ ਇਨ੍ਹਾਂ ਨੇ। ਅੱਗੇ ਧਿਆਨ ਨਾਲ ਜਾਇਓ।' ਉਸ ਦੀ ਨਸੀਹਤ ਵਰਗੀ ਚੇਤਾਵਨੀ ਟਰੱਕ ਦੀ ਤਾਕੀ ਤੱਕ ਮੇਰਾ ਪਿੱਛਾ ਕਰਦੀ ਰਹੀ। ਤਿੰਨ ਵਜੇ ਤੱਕ ਏਨੀ ਜਾਨ ਜੋਖੋਂ ਵਿਚ ਪਾ ਕੇ ਬੁਰਜ ਅਕਾਲੀ ਫੂਲਾ ਸਿੰਘ ਅਤੇ ਸ਼ੇਰਾਂ ਵਾਲੇ ਗੇਟ ਵਿਚਕਾਰ ਟਿਕਾਣੇ 'ਤੇ ਪਹੁੰਚੇ, ਤਾਂ ਟਾਇਰਾਂ ਵਾਲੀ ਦੁਕਾਨ ਬੰਦ ਵੇਖ ਕੇ ਨਿਰਾਸ਼ਾ ਹੋਰ ਵਧ ਗਈ।

ਦੱਖਣ ਵਾਲੇ ਪਾਸਿਓਂ ਚਾਂਦਮਾਰੀ ਵਾਂਗ ਗੋਲੀਆਂ ਦੀ ਤਾੜ-ਤਾੜ ਆਵਾਜ਼ਾਂ ਕੰਨਾਂ ਵਿਚ ਬੇਵਸਾਹੀ ਬੇਪ੍ਰਤੀਤੀ ਪੈਦਾ ਕਰ ਰਹੀਆਂ ਸਨ। ਆਸਾ-ਪਾਸਾ ਸਾਰਾ ਬੰਦ, ਗਲੀਆਂ ਬਾਜ਼ਾਰ ਬੰਦ ਵੇਖ ਕੇ ਬਹੁਤ ਉਤਸ਼ਾਹਹੀਣ ਹੋਏ। ਬਾਦ ਵਿਚ ਪਤਾ ਲੱਗਾ ਕਿ ਅੱਜ ਸਵੇਰੇ ਪ੍ਰਕਰਮਾ ਦੇ ਬ੍ਰਹਮ ਬੂਟੇ ਵਾਲੇ ਪਾਸੇ ਜਿੱਥੋਂ ਬਾਹਰੀ ਤਾਕਤਾਂ ਦੇ ਅੰਦਰ ਘੁੱਸਣ ਦਾ ਭੈਅਸਾ ਸੀ, ਸ਼੍ਰੋਮਣੀ ਕਮੇਟੀ ਦੇ ਰਾਜ ਅਤੇ ਮਜ਼ਦੂਰ ਕੰਧ ਉਸਾਰ ਰਹੇ ਸਨ। ਇਸ ਨੂੰ ਰੋਕਣ ਲਈ ਸੀ.ਆਰ.ਪੀ. ਦੇ ਅਧਿਕਾਰੀਆਂ ਨਾਲ ਅੰਦਰਲੇ ਰਖਵਾਲਿਆਂ ਦੀ ਝੜਪ ਹੋ ਗਈ ਸੀ, ਜਿਸ ਕਾਰਨ ਉਨ੍ਹਾਂ ਦੀ ਅੰਧਾਧੁੰਦ ਫਾਇਰਿੰਗ ਨਾਲ ਗੁਰਦੁਆਰਾ ਇੰਸਪੈਕਟਰ ਬਲਬੀਰ ਸਿੰਘ ਤੇ ਕਈ ਹੋਰ ਸ਼ਹੀਦੀਆਂ ਪਾ ਗਏ ਜਾਂ ਜ਼ਖ਼ਮੀ ਹੋਏ ਸਨ। ਬਾਬਾ ਅਟੱਲ ਸਾਹਿਬ ਦੀ ਉੱਪਰਲੀ ਮੰਜ਼ਿਲ ਤੋਂ ਜੋ ਭਾਈ ਮਹਿੰਗਾ ਸਿੰਘ, ਭਾਈ ਕੁਲਵੰਤ ਸਿੰਘ, ਜੋ ਇਸ ਭੜਕਾਹਟ ਦੇ ਜੁਆਬ ਵਿਚ ਨੀਮ ਫ਼ੌਜੀ ਦਲਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ, ਉਹ ਆਪ ਵੀ ਕਈ ਹੋਰ ਖਾੜਕੂਆਂ ਸਮੇਤ ਉਨ੍ਹਾਂ ਦੀ ਗੋਲੀ ਦਾ ਨਿਸ਼ਾਨਾ ਬਣ ਚੁੱਕਾ ਸੀ।

'ਸਟੇਟ ਪਰਮਿਟ ਵੀ ਨਵਿਆਉਣ ਵਾਲਾ ਹੈ, ਇਹ ਸਿਰਫ਼ ਅੱਜ ਤੱਕ ਹੀ ਪ੍ਰਮਾਣਿਕ ਹੈ, ਕੱਲ੍ਹ ਵਾਸਤੇ ਡੀ.ਟੀ.ਓ. ਦਫ਼ਤਰ ਵੀ ਜਾਣਾ ਪਵੇਗਾ।' ਡਰਾਈਵਰ ਹੋਰ ਦਾ ਹੋਰ ਡਰ ਰਿਹਾ ਸੀ। ਏਨਾ ਕੁੱਝ ਵੇਖ ਕੇ ਤਵੱਕੋ ਤਾਂ ਸੀ ਕਿ ਡੀ.ਟੀ.ਓ. ਦੇ ਦਫ਼ਤਰੋਂ ਕਿਹੜਾ ਜਾਂਦਿਆਂ ਹੀ ਕੰਮ ਹੋ ਜਾਣਾ। ਉਹ ਤਾਂ ਚੰਗੇ-ਭਲੇ ਦਿਨਾਂ ਵਿਚ ਕਈ-ਕਈ ਚੱਕਰ ਲਗਾ ਦਿੰਦੇ ਨੇ। ਪੈਸੇ ਲੈ ਕੇ ਵੀ ਲਾਰੇ ਲਾਈ ਜਾਂਦੇ ਨੇ, ਅੱਜ ਦੇ ਟੈਨਸ਼ਨ ਭਰੇ ਮਾਹੌਲ ਵਿਚ ਉਨ੍ਹਾਂ ਕਿਹੜਾ ਜਾਂਦਿਆਂ ਕੰਮ ਕਰ ਦੇਣਾ? ਪਰ ਚਲੋ! ਵੇਖੋ ਰੰਗ ਕਰਤਾਰ ਦੇ! ਡੀ.ਟੀ.ਓ. ਦਫ਼ਤਰ ਸਾਡੇ ਲੁਹਾਰਕਾ ਪਿੰਡ ਖੇਤਾਂ ਵੱਲ ਅੰਮ੍ਰਿਤਸਰ ਤੋਂ ਬਾਹਰ ਨਿਕਲਣ ਦੇ ਰਸਤੇ ਵਿਚ ਹੀ ਪੈਂਦਾ ਹੈ। ਜ਼ਿਲ੍ਹਾ ਕਚਹਿਰੀ ਤੱਕ ਪਹੁੰਚਦੇ ਫਿਰ ਕਿਸੇ ਨੇ ਟਰੱਕ ਨਹੀਂ ਰੋਕਿਆ। ਜ਼ਾਹਿਰ ਹੈ ਕਿ ਇਹ ਸਾਰੀ ਪੁੱਛ-ਪੜਤਾਲ ਦਰਬਾਰ ਸਾਹਿਬ, ਸ਼ਹੀਦਾਂ ਵਾਲੇ ਅਤੇ ਚਾਟੀ ਵਿੰਡ ਖੇਤਰ ਵੱਲ ਅੰਦਰ ਜਾਣ ਵਾਲੇ ਰਸਤਿਆਂ ਤੱਕ ਹੀ ਜ਼ਿਆਦਾ ਕੇਂਦਰਿਤ ਸੀ। ਡੀ.ਟੀ.ਓ. ਦੇ ਦਫ਼ਤਰ ਪਹਿਲਾਂ ਵਾਂਗ ਬਾਹਰ ਏਜੰਟਾਂ ਦੀਆਂ ਫੜੀਆਂ ਗ਼ਾਇਬ ਸਨ। ਅੰਦਰ ਫ਼ੌਜੀ ਬੈਠੇ ਵੇਖ ਕੇ ਪਤਾ ਲੱਗਾ ਕਿ ਸਾਰਾ ਪ੍ਰਸ਼ਾਸਨ ਫ਼ੌਜੀ ਅਧਿਕਾਰੀਆਂ ਦੀ ਕਮਾਨ ਹੇਠ ਆ ਗਿਆ ਹੈ। ਡੀ.ਟੀ.ਓ. ਤਾਂ ਬੈਠਾ ਸੀ, ਪਰ ਉਸ ਦੇ ਸਿਰ 'ਤੇ ਫ਼ੌਜੀ ਕੈਪਟਨ, ਲੈਫ਼ਟੀਨੈਂਟ, ਸਿਪਾਹੀ ਆਦਿ ਲੋਕਾਂ ਨੂੰ ਮਿਲ ਰਹੇ ਸਨ ਤੇ ਆਪਣੀ ਨਿਗਰਾਨੀ ਵਿਚ ਉਨ੍ਹਾਂ ਦੇ ਕੰਮ ਕਰ ਰਹੇ ਸਨ। ਹੋਰ ਜ਼ਿਆਦਾ ਖ਼ੱਜਲ-ਖ਼ੁਆਰੀ ਤੋਂ ਬਗੈਰ ਇਹ ਕੰਮ ਸਹਿਜੇ ਹੀ ਦਸ-ਪੰਦਰਾਂ ਮਿੰਟ ਵਿਚ ਹੋ ਗਿਆ। ਕਾਗ਼ਜ਼ ਵੇਖ ਕੇ ਇੱਕ ਮੁਹਰ ਹੀ ਤਾਂ ਲਗਾਉਣੀ ਸੀ।

'ਇਹ ਤਾਂ ਬੜੇ ਸਤਜੁਗੀ ਅਫ਼ਸਰ ਨੇ ਭਾਊ! ਮੈਂ ਤਾਂ ਕਿਹਾ ਚੰਗਾ ਰਗੜਾ ਬੰਨ੍ਹਣਗੇ। ਚੰਗੇ ਪੈਸੇ ਮਾਠਣਗੇ ਤੇ ਲਟਕਾਉਣਗੇ, ਪਰ ਇਹ ਤਾਂ ਮੁਫ਼ਤ-ਮੁਫ਼ਤ ਕੰਮ ਹੋ ਗਿਆ! ਏਨੀ ਜਲਦੀ? ਰੱਬ ਕਰੇ ਹਮੇਸ਼ਾ ਹੀ ਅਜਿਹੇ ਅਫ਼ਸਰ ਹੋਣ।' ਪੁਲਿਸ ਸਿਵਲ ਪ੍ਰਸ਼ਾਸਨ ਤੋਂ ਤੰਗ ਆਏ ਡਰਾਈਵਰ ਨੇ ਆਪਣੀ ਮਨੋਵੇਦਨਾ ਉਗਲੱਛ ਦਿੱਤੀ। ਨਾਲ ਹੀ ਡੀ.ਸੀ. ਦਫ਼ਤਰ ਦਿਸ ਪਿਆ। ਮੈਂ ਸੋਚਿਆ ਪਤਾ ਨਹੀਂ ਕੀ ਭਾਣਾ ਵਰਤਣ ਵਾਲਾ ਹੈ, ਮੈਂ ਵੀ ਆਪਣਾ ਕਰਫ਼ਿਊ ਕਾਰਡ ਨਵਿਆਂ ਲਵਾਂ। ਮੇਰਾ ਵਾਕਫ਼ਕਾਰ ਅੱਜ ਉੱਥੇ ਕੋਈ ਨਹੀਂ ਸੀ ਪਰ ਬੜੇ ਸ਼ਾਂਤਮਈ ਢੰਗ ਨਾਲ ਕੰਮਕਾਜ ਹੋ ਰਿਹਾ ਸੀ। ਦੋ-ਤਿੰਨ ਫ਼ੌਜੀ ਅਧਿਕਾਰੀ ਸਾਰੀ ਕਾਰਵਾਈ ਦਾ ਨਿਰੀਖਣ ਕਰ ਰਹੇ ਸਨ। ਮੈਂ ਡਰਦੇ ਝਕਦੇ ਸਹਾਇਕ ਦੀ ਸੀਟ 'ਤੇ ਪਹੁੰਚ ਕੇ ਆਪਣਾ ਤੁਆਰਫ਼ ਕਰਾਇਆ ਤੇ ਮਕਸਦ ਦੱਸਿਆ। ਉਸ ਨੇ ਕਾਰਡ ਵੇਖਿਆ ਤੇ ਫ਼ੌਜੀ ਅਧਿਕਾਰੀ ਵੱਲ ਕਰ ਦਿੱਤਾ। ਫ਼ੌਜੀ ਅਫ਼ਸਰ ਨੇ ਮੇਰੇ ਵੱਲ ਝਾਕ ਕੇ ਵੇਖਿਆ, ਰਜਿਸਟਰ ਵਿਚ ਕੁੱਝ ਇੰਦਰਾਜ ਕੀਤਾ ਤੇ ਬੜੇ ਆਰਾਮ ਨਾਲ ਫ਼ੌਜੀ ਮੁਹਰ ਲਗਾ ਕੇ ਪਿੱਠ-ਅੰਕਣ ਕਰ ਦਿੱਤੀ।

ਮੇਰੇ ਨਾਲ ਦਾ ਚਾਲਕ ਵੀ ਬਹੁਤ ਖ਼ੁਸ਼! ਮੈਂ ਵੀ ਬਹੁਤ ਖ਼ੁਸ਼! ਅੱਧੇ ਘੰਟੇ ਵਿਚ ਅਸੀਂ ਆਪਣੀ ਮੰਜ਼ਲ 'ਤੇ ਪਹੁੰਚ ਗਏ। ਜਲਦੀ-ਜਲਦੀ ਮੁੜਨ ਦੀ ਕਾਹਲ ਵਿਚ ਸਫ਼ੈਦੇ ਟਿਊਬਵੈੱਲ ਦੇ ਕੋਠੇ ਅੰਦਰ ਟਿਕਾਏ। ਵਾਪਸੀ 'ਤੇ ਮਿਲਟਰੀ ਦੀਆਂ ਗੱਡੀਆਂ ਦੀ ਅਸਾਧਾਰਨ ਦੌੜ-ਭੱਜ ਵੇਖ ਕੇ ਸਾਡੇ ਤੌਖਲੇ ਯਕੀਨ ਵਿਚ ਬਦਲਣ ਲੱਗੇ। ਪੁਲਿਸ ਨਾਕੇ 'ਤੇ ਪੁਲਿਸ ਚੌਕਸੀ ਵੀ ਬਹੁਤ ਜ਼ਿਆਦਾ ਸੀ ਪਰ ਲੇਂਝਪੁਣੇ ਤੋਂ ਖ਼ਾਲੀ ਸੀ। ਉਨ੍ਹਾਂ ਨਾਲ ਵੀ ਫ਼ੌਜੀ ਟੁਕੜੀਆਂ ਆਵਾਜਾਈ ਟਰੈਫ਼ਿਕ ਦੀ ਨਿਗਰਾਨੀ ਕਰ ਰਹੀਆਂ ਸਨ। ਡੀ.ਸੀ. ਦਫ਼ਤਰੋਂ ਨਵਿਆਇਆ ਮੇਰਾ ਕਰਫ਼ਿਊ ਪਾਸ ਇੱਥੇ ਕੰਮ ਆ ਗਿਆ, ਨਹੀਂ ਤੇ ਉਹ ਕਿਸੇ ਵੀ ਵਾਹਨ ਨੂੰ ਅੰਮ੍ਰਿਤਸਰ ਦੀ ਹਦੂਦ ਅੰਦਰ ਦਾਖ਼ਲ ਨਹੀਂ ਹੋਣ ਦੇ ਰਹੇ ਸਨ। ਅਣ-ਐਲਾਨੀ ਐਮਰਜੈਂਸੀ ਵਾਲੀ ਵਿਸਫੋਟਕ ਹਾਲਾਤ ਪੈਦਾ ਹੋ ਰਹੀ ਸੀ। ਅਫ਼ਵਾਹਾਂ ਦਾ ਬਾਜ਼ਾਰ ਬਹੁਤ ਗਰਮ ਸੀ।

'ਕੀ ਸੱਪ ਸੁੰਘ ਗਿਆ ਅੱਜ ਇਨ੍ਹਾਂ ਨੂੰ! ਇਹ ਤਾਂ ਬਾਹਰਲੀ ਗੱਡੀ ਵੇਖ ਕੇ ਦੂਰੋਂ ਹੀ ਮੁੱਛਾਂ ਨੂੰ ਤਾਅ ਦਿੰਦੇ ਭੱਜੇ ਆਉਂਦੇ ਸਨ। ਹਰਿਆਣਵੀ ਟਰੱਕ ਵੇਖ ਕੇ ਤਾਂ ਫ਼ੀਸ ਦੁੱਗਣੀ ਸੁਣਾ ਦਿੰਦੇ ਸਨ। ਅੱਜ ਜ਼ਰੂਰ ਕੋਈ ਅਲੋਕਾਰ ਕਾਰਾ ਵਰਤਿਆ ਹੈ ਜਾਂ ਵਰਤਣ ਵਾਲਾ ਹੈ।' ਸੁੱਖਾ ਡਰਾਈਵਰ ਸੁੱਤੇ-ਸਿੱਧ ਆਪਣੀ ਹੈਰਾਨੀ ਤੇ ਖ਼ੁਸ਼ੀ ਪ੍ਰਗਟਾ ਰਿਹਾ ਸੀ।

'ਹਾਲ ਗੇਟ ਅੰਦਰ ਜਾਂਦਾ ਇਕ ਟਰੱਕ ਹਥਿਆਰ ਤੇ ਵਿਸਫੋਟਕ ਸਮਗਰੀ ਫੜੀ ਗਈ। ਅੱਤਵਾਦੀਆਂ ਨੇ ਪੁਲਿਸ ਨਾਕੇ 'ਤੇ ਘਾਤ ਲਗਾ ਕੇ ਚਾਰ ਸਿਪਾਹੀ ਮਾਰ ਦਿੱਤੇ। ਦੋ ਅੱਤਵਾਦੀ ਪੁਲਿਸ ਮੁਕਾਬਲੇ ਵਿਚ ਢੇਰ। ਜਨਰਲ ਗੌਰੀ ਸ਼ੰਕਰ ਨੂੰ ਗਵਰਨਰ ਦਾ ਸਿਕਿਉਰਿਟੀ ਸਲਾਹਕਾਰ ਲਗਾ ਦਿੱਤਾ ਗਿਆ। ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਜਿਊਂਦਾ ਜਾਂ ਮੁਰਦਾ ਫੜਨ ਲਈ ਸਰਕਾਰ ਵੱਲੋਂ ਪੰਜਾਹ ਲੱਖ ਦਾ ਇਨਾਮ।' ਇੱਕ ਅਖ਼ਬਾਰ ਹਾਕਰ ਉੱਚੀ-ਉੱਚੀ ਚਲਾਉਂਦਾ ਜ਼ਮੀਮਾ ਵੰਡ ਰਿਹਾ ਸੀ ਤੇ ਲੋਕ ਗਰਮ ਪਕੌੜਿਆਂ ਵਾਂਗ ਖ਼ਰੀਦ ਰਹੇ ਸਨ। ਮੈਂ ਵੀ ਚੁਆਨੀ ਕੱਢੀ ਤੇ ਇੱਕ ਪਰਚਾ ਲੈ ਲਿਆ। ਚੋਰਾਂ ਵਾਂਗ ਡਰਦੇ-ਡਰਦੇ ਤ੍ਰਾਹ-ਤ੍ਰਾਹ ਕਰਦੇ ਅਸੀਂ ਮੁੜ ਅੰਮ੍ਰਿਤਸਰ ਆਪਣੇ ਘਰ ਪਹੁੰਚ ਗਏ।

ਮੇਰੀ ਮਾਤਾ ਕੁੱਝ ਦਿਨ ਪਹਿਲਾਂ ਹੀ ਦਰਬਾਰ ਸਾਹਿਬ ਅੰਦਰੋਂ ਭਿੰਡਰਾਂਵਾਲਾ ਦਾ ਰੋਹਿਲਾ ਭਾਸ਼ਣ ਸੁਣ ਕੇ ਆਈ ਸੀ। ਉਹ ਸੰਤਾਂ ਦੇ ਭਾਸ਼ਣ ਦੀ ਬੜੀ ਉਪਾਸ਼ਕ ਸੀ।

ਖਾਲਸਾ ਕਾਲਜ ਨੇੜਿਓਂ ਆਪਣੇ ਘਰ ਤੋਂ ਦਰਬਾਰ ਸਾਹਿਬ ਦਸ ਰੁਪਏ ਜਾਣ ਤੇ ਦਸ ਰੁਪਏ ਆਉਣ ਉਸ ਦਾ ਉੱਕਾ-ਪੁੱਕਾ ਨੇਮ ਸੀ। ਉਸ ਨੇ ਦੱਸਿਆ ਕਿ ਸੰਤਾਂ ਨੇ ਨੌਜੁਆਨਾਂ ਨੂੰ ਨਿਰਦੇਸ਼ ਦਿੱਤੇ ਹਨ ਤੇ ਵੰਗਾਰਿਆ ਹੈ।

'ਨਸ਼ੇ ਐਬ ਸਾਰੇ ਛੱਡ ਦਿਓ। ਅੰਮ੍ਰਿਤ ਛਕੋ, ਸਿੰਘ ਬਣੋ। ਸੋਹਲ ਨਾ ਬਣੋ... ਕੂਲਰ, ਫ਼ਰਿਜਾਂ ਨਾ ਖ਼ਰੀਦੋ, ਇਨ੍ਹਾਂ ਦਾ ਪਾਣੀ ਤੁਹਾਨੂੰ ਨਸੀਬ ਨਹੀਂ ਹੋਣਾ। ਇਹੋ ਜਿਹਾ ਸਮਾਂ ਤੁਹਾਡੇ ਨੇੜੇ ਹੈ, ਜਦ ਮੁਗ਼ਲਾਂ ਦੇ ਜ਼ਮਾਨੇ ਵਾਂਗ ਛੱਪੜਾਂ ਦਾ ਪਾਣੀ ਪੀਣਾ ਪੈਣਾ, ਜੰਗਲਾਂ 'ਚ ਲੁੱਕਣਾ ਪੈਣਾ। ਮੋਟਰ ਸਾਈਕਲ ਖ਼ਰੀਦੋ, ਹਥਿਆਰ ਖ਼ਰੀਦੋ। ਆਤਮ-ਰੱਖਿਆ ਵਾਸਤੇ ਇਹ ਤੁਹਾਡੇ ਬੜੇ ਕੰਮ ਆਉਣਗੇ। ਖ਼ਾਲਸਾ ਜੀ! ਜਿੱਥੇ ਵਕੀਲ, ਦਲੀਲ, ਅਪੀਲ ਦੀ ਕੋਈ ਸੁਣਵਾਈ ਹੀ ਨਹੀਂ, ਜਿੱਥੇ ਸਰਾਸਰ ਧੱਕਾ ਹੋ ਰਿਹਾ ਹੈ ਸਿੱਖਾਂ ਨਾਲ, ਜਿੱਥੇ ਉਹ ਸਿੱਖਾਂ ਨੂੰ ਖ਼ਤਮ ਕਰਨ ਦੀ ਪੱਕੀ ਧਾਰੀ ਬੈਠੇ ਹਨ, ਉੱਥੇ ਫਿਰ ਵਕੀਲ ਤੇ ਦਲੀਲ ਕਰਨ ਦੀ ਕੀ ਲੋੜ ਆ? ਜਦੋਂ ਗੁਰੂ ਪੰਥ ਦੀ ਬੇਅਦਬੀ ਕਰਨ ਵਾਲੇ ਝਟਕਾਏ ਹੋਣਗੇ, ਵਕੀਲ ਉਹ ਭਾਲਦੇ ਫਿਰਨਗੇ। ਆਪਾਂ ਨੂੰ ਕੀ ਲੋੜ ਆ? ਖ਼ਾਲਸਾ ਜੀ ਜਦੋਂ ਤੱਕ ਆਪਾਂ ਇਕੱਠੇ ਮਿਲ ਕੇ ਨਹੀਂ ਬੈਠਦੇ, ਜਦ ਤੱਕ ਇਕ ਦੂਜੇ 'ਤੇ ਚਿੱਕੜ ਸੁੱਟਣੋਂ ਨਹੀਂ ਹਟਦੇ, ਓਦੋਂ ਤੱਕ ਕੁੱਟ ਪੈਂਦੀ ਰਹੇਗੀ ਤੇ ਕੁੱਟ ਖਾਂਦੇ ਰਹਾਂਗੇ। ਸਮਾਂ ਆ ਗਿਆ ਹੈ। ਹੋਰ ਉਡੀਕਣ ਦਾ ਵੇਲਾ ਨਹੀਂ। ਸੰਭਲੋ! ਅਜੇ ਵੀ ਸੰਭਲੋ। ਹੋਸ਼ ਕਰੋ।'

ਮਾਤਾ ਸਾਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਈ, ਸਾਰੀਆਂ ਉਨ੍ਹਾਂ ਮਾਵਾਂ ਵਾਂਗ ਜੋ ਆਪਣੇ ਬੱਚਿਆਂ ਨੂੰ ਸਵੇਰੇ ਘਰੋਂ ਤੋਰਦੀਆਂ, ਉਨ੍ਹਾਂ ਦੇ ਸਹੀ-ਸਲਾਮਤ ਘਰ ਪਰਤਣ ਤੱਕ ਦੁਆਵਾਂ ਕਰਦੀਆਂ ਰਹਿੰਦੀਆਂ ਸਨ।

ਮਲਕੀਅਤ ਵੀ ਮੂੰਹ ਜਿਹਾ ਲਟਕਾਈ ਆ ਗਿਆ। ਉਹ ਮੇਰਾ ਦੋਸਤ ਵੀ ਸੀ, ਗਵਾਂਢੀ ਵੀ ਸੀ ਤੇ ਹਮ-ਖਿਆਲੀਆ ਵੀ ਸੀ। ਉਸ ਦਾ ਖਾੜਕੂ ਸਫ਼ਾਂ ਵਿਚ ਚੰਗਾ ਮੇਲ-ਜੋਲ ਸੀ ਤੇ ਅੰਦਰ ਗੇੜਾ ਮਾਰਦਾ ਰਹਿੰਦਾ ਸੀ। ਅੰਦਰਲੀ ਗਤੀਵਿਧੀਆਂ ਬਾਰੇ ਉਸ ਕੋਲੋਂ ਹਰ ਰੋਜ਼ ਤਾਜ਼ਾ ਖ਼ਬਰ ਮਿਲਦੀ ਰਹਿੰਦੀ ਸੀ। ਖਾੜਕੂਆਂ ਨੂੰ ਲੋਈਆਂ, ਦਸਤਾਰਾਂ ਤੇ ਵਰਦੀਆਂ ਪਹੁੰਚਾਉਣਾ ਉਸ ਦੀ ਸੇਵਾ ਸੀ। ਭਿੰਡਰਾਂਵਾਲੇ ਸੰਤਾਂ ਤੱਕ ਉੱਪਰਲੀ ਸਰਕਾਰ ਦੇ ਨੁਮਾਇੰਦੇ ਵਿਚੋਲੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਬਲਖ ਬੁਖਾਰੇ ਦਿਖਾ ਲਾਲਚ ਦੇ ਕੇ ਫੁਸਲਾਉਣ ਤੇ ਮਨਾਉਣ ਦਾ ਯਤਨ ਕਰ ਰਹੇ ਸਨ। ਸੰਤ ਉਨ੍ਹਾਂ ਦੀ ਲੂੰਬੜ-ਚਾਲ ਸਮਝਦੇ ਸਨ ਤੇ ਕਿਸੇ ਵੀ ਲੋਭ ਲਾਲਚ ਤੋਂ ਬਹੁਤ ਉੱਪਰ ਸਨ। ਅੰਦਰ ਸਰਕਾਰੀ ਏਲਚੀ ਵੀ ਪਹੁੰਚ ਚੁੱਕੇ ਸਨ ਪਰ ਨਾਲ ਤਾੜ-ਤਾੜ ਦੀਆਂ ਆਵਾਜ਼ਾਂ ਵੀ ਸੁਣਾਈ ਦਿੰਦੀਆਂ ਸਨ। ਇਹ ਵਿਚੋਲਗੀ ਬਿਲਕੁਲ ਇਵੇਂ ਹੀ ਸੀ, ਜਿਵੇਂ 1965 'ਚ ਚੀਨੀਆਂ ਨੇ 'ਹਿੰਦੀ ਚੀਨੀ ਭਾਈ ਭਾਈ' ਦਾ ਨਾਅਰਾ ਲਾ ਕੇ ਭਾਰਤ ਦਾ ਬਹੁਤ ਸਾਰਾ ਭੂਗੋਲਿਕ ਇਲਾਕਾ ਹਥਿਆ ਲਿਆ ਸੀ ਜਾਂ 1971 ਵੇਲੇ ਇੱਕ ਪਾਸੇ ਜਨਰਲ ਯਾਹੀਆ ਖਾਂ ਰੇਡੀਓ 'ਤੇ ਢਾਕਾ ਹਾਰਨ ਦੀ ਪੁਸ਼ਟੀ ਕਰਦਾ ਸੁਲ੍ਹਾ-ਸਫ਼ਾਈ ਦੀਆਂ ਦੁਹਾਈਆਂ ਦੇ ਰਿਹਾ ਸੀ, ਠੀਕ ਉਸੇ ਵੇਲੇ ਪਾਕਿਸਤਾਨੀ ਜਹਾਜ਼ਾਂ ਦੀ ਇੱਕ ਫਲੀਟ ਅੰਮ੍ਰਿਤਸਰ ਦੇ ਬਾਹਰ ਛਿਹਰਟੇ ਉੱਤੇ ਗੋਲੀਆਂ ਦੇ ਬਰੱਸਟ ਵਰਸਾ ਕੇ ਸੈਂਕੜੇ ਲੋਕਾਂ ਨੂੰ ਮੌਤ ਦੇ ਮੂੰਹ ਧਕੇਲ ਗਈ ਸੀ। ਮਲਕੀਤ ਦੇ ਨਾਲ ਮੈਨੂੰ ਵੀ ਸੰਤਾਂ ਦੇ ਨੇੜਲੇ ਦਰਸ਼ਨ ਕਰਨ ਦਾ ਦੋ-ਤਿੰਨ ਵੇਰਾਂ ਮੌਕਾ ਮਿਲਿਆ ਸੀ।

'ਬੜੀ ਮਾੜੀ ਖ਼ਬਰ ਆ ਪੰਨੂ ਸਾਹਿਬ! ਅੰਦਰ ਘੇਰਾ ਪੈ ਗਿਆ। ਪਤਾ ਨਹੀਂ ਕੀ ਭਾਣਾ ਵਰਤ ਜਾਣਾ ਹੈ। ਉਨ੍ਹਾਂ ਤੱਕ ਪੰਝੀ-ਤੀਹ ਦਸਤਾਰਾਂ ਪੁੱਜਦੀਆਂ ਕਰਨੀਆਂ ਨੇ, ਕੁੱਝ ਚਾਰਾ ਕਰੋ।' ਉਸ ਨੇ ਆਪਣਾ ਮਕਸਦ ਭੁਗਤਾ ਦਿੱਤਾ। ਇਸਲਾਮਾਬਾਦ ਆਬਾਦੀ ਵਿਚ ਚੂਨੀ ਲਾਲ ਕੱਪੜੇ ਦਾ ਥੋਕ ਵਪਾਰੀ ਮੇਰਾ ਦੋਸਤ ਸੀ। ਉਸ ਦੀ ਫ਼ੈਕਟਰੀ ਦੀਆਂ ਧਾਰੀਲਾਲ ਮਾਰਕਾ ਲੋਈਆਂ ਲੈ ਕੇ ਪਿਛਲੇ ਸਿਆਲ ਉਨ੍ਹਾਂ ਸਿੰਘਾਂ ਤੱਕ ਅੰਦਰ ਪਹੁੰਚਾਈਆਂ ਸਨ। ਮੈਂ ਫ਼ੋਨ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮਿਲਿਆ।

'ਤੂੰ ਆਪ ਹੀ ਚਲਾ ਜਾਹ... ਮਿਲ ਲਵੀਂ ਉਹਨੂੰ। ਤੈਨੂੰ ਵੀ ਉਹ ਜਾਣਦੇ ਨੇ, ਬਾਕੀ ਮੇਰਾ ਨਾਮ ਲੈ ਲਵੀਂ। ਪੱਗਾਂ ਦੇ ਥਾਨ ਵੀ ਉਹ ਤੈਨੂੰ ਆਪੇ ਬੰਦੋਬਸਤ ਕਰ ਦੇਵੇਗਾ।' ਮੇਰੇ ਹਾਂ ਕਰਨ 'ਤੇ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ ਤੇ ਉਹ ਝਬਦੇ ਹੀ ਚੱਲਦਾ ਬਣਿਆ। ਬਾਦ ਵਿਚ ਸਾਮਾਨ ਦਾ ਬਿੱਲ ਮਿਲਣ 'ਤੇ ਮੈਨੂੰ ਇਹ ਖ਼ਬਰ ਮਿਲਦੀ ਰਹੀ ਕਿ ਉਹ ਉੱਥੋਂ ਮੇਰੇ ਨਾਮ 'ਤੇ ਛੇ ਥਾਨ ਲੈ ਗਿਆ ਸੀ ਪਰ ਅੰਦਰ ਤੱਕ ਨਹੀਂ ਅੱਪੜ ਸਕਿਆ। ਬਹੁਤ ਸਾਲ ਉਸ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ। ਉਸ ਦੀ ਤਲਾਸ਼ ਵਿਚ ਕਈ ਵੇਰਾਂ ਰਾਤ-ਬਰਾਤੇ ਉਸ ਦੇ ਘਰ ਪੁਲਿਸ ਵੀ ਛਾਪਾਮਾਰੀ ਕਰਦੀ ਰਹੀ ਪਰ ਉਹ ਕਿਤੇ ਨਹੀਂ ਹੱਥ ਲੱਗਾ। ਬਾਲ ਬੱਚੇ ਉਸ ਦੇ ਰੁਲ ਗਏ, ਘਰ-ਘਾਟ ਵਿਕ ਗਿਆ, ਮੱਝਾਂ ਦੀ ਡੇਅਰੀ ਖ਼ੁਰਦ-ਬੁਰਦ ਹੋ ਗਈ।

ਹੋਣੀ ਸੰਸਾਰ ਪ੍ਰਸਿੱਧ ਸਿਫਤੀ ਦੇ ਪਵਿੱਤਰ ਘਰ 'ਤੇ ਦਹਿਸ਼ਤ ਭਰੀ ਦਸਤਕ ਦੇ ਰਹੀ ਸੀ। ਗਲੀਆਂ-ਬਾਜ਼ਾਰਾਂ ਵਿਚ ਕੁੱਤੇ-ਬਿੱਲੀਆਂ ਭੌਂਕਦੇ, ਮਿਆਂਕਦੇ ਅਗਲੇ ਭਿਆਨਕ ਪਲਾਂ ਦੀ ਚੇਤਾਵਨੀ ਦੇ ਰਹੇ ਸਨ। ਰਾਤ ਅੱਠ ਵਜੇ ਦੀਆਂ ਖ਼ਬਰਾਂ ਵਿਚ ਇੰਦਰਾ ਗਾਂਧੀ ਦਾ ਭਾਸ਼ਣ ਪ੍ਰਸਾਰਿਤ ਹੋਣ ਦੀ ਖ਼ਬਰ ਸੀ। ਲੋਕ ਬੜੀ ਉਤਸੁਕਤਾ ਨਾਲ ਇਹ ਸੁਣਨ ਲਈ ਉਤਾਵਲੇ ਸਨ ਕਿ ਪਤਾ ਨਹੀਂ ਉਸ ਨੇ ਕੌਮ ਦੇ ਨਾਮ ਕੀ ਸੰਦੇਸ਼ ਦੇਣਾ ਹੈ। ਇਸ ਸਮੇਂ ਉਸ ਦੇ ਭਾਸ਼ਣ ਦੀ ਥਾਂ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ ਅਤੇ 'ਵਤਨ ਕੀ ਆਬਰੂ ਖ਼ਤਰੇ ਮੇਂ ਹੈ ਹੁਸ਼ਿਆਰ ਹੋ ਜਾਓ...' ਆਦਿ ਦੇਸ਼-ਭਗਤੀ ਗਾਣੇ ਸ਼ੁਰੂ ਹੋ ਗਏ।

ਕੁੱਝ ਦੇਰ ਬਾਦ ਇੰਦਰਾ ਗਾਂਧੀ ਦਾ ਬਹੁ ਪਰਤੀ ਭਾਸ਼ਣ ਤੇ ਉਸ ਦੀ ਥਿੜਕਦੀ ਆਵਾਜ਼ ਮੋਮੋਠਗਣੀ, ਬਹੁਰੂਪੀਏ ਸੰਕੇਤ ਦੇ ਰਹੀ ਸੀ। ਉਸ ਨੇ ਬੜੇ ਵਿੰਗੇ-ਟੇਢੇ ਡਰਾਮਾਈ ਭਾਸ਼ਣ ਵਿਚ ਕਿਹਾ, 'ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਲੁਕੇ ਚਾਰ-ਪੰਜ ਸੌ ਮੁੱਠੀ ਭਰ ਅੱਤਵਾਦੀਆਂ ਨੇ ਸ਼ਰੀਫ਼ ਹਿੰਦੂ-ਸਿੱਖਾਂ ਨੂੰ ਡਰਾ-ਧਮਕਾ ਕੇ ਉਨ੍ਹਾਂ ਦਾ ਜੀਣਾ ਮੁਹਾਲ ਕਰ ਰੱਖਿਆ ਹੈ। ਮੈਂ ਉਨ੍ਹਾਂ ਦੀਆਂ ਮੰਗਾਂ ਪੁੱਛਣ 'ਤੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਹੈ, ਤਾਂ ਜੋ ਇਸ ਦਾ ਕੋਈ ਸ਼ਾਂਤਮਈ ਹੱਲ ਕੱਢਿਆ ਜਾਏ ਪਰ ਉਹ ਨਹੀਂ ਮੰਨੇ। ਮਜਬੂਰ ਹੋ ਕੇ ਸਾਨੂੰ ਉਨ੍ਹਾਂ ਨੂੰ ਬਾਹਰ ਕੱਢਣ ਲਈ ਬਲ ਦਾ ਪ੍ਰਯੋਗ ਕਰਨਾ ਪਵੇਗਾ।' ਇਹ ਖ਼ਬਰ ਪਹਿਲਾਂ ਅੰਗਰੇਜ਼ੀ ਤੇ ਫਿਰ ਇਸ ਦਾ ਪੰਜਾਬੀ ਤਰਜਮਾ ਵਾਰ-ਵਾਰ ਨਸ਼ਰ ਕੀਤਾ ਗਿਆ।

ਅਜਿਹੀ ਚੇਤਾਵਨੀ ਮੁਗਲ ਬਾਦਸ਼ਾਹ ਜਹਾਂਗੀਰ ਨੇ ਵੀ ਗੁਰੂ ਅਰਜਨ ਦੇ ਨੂੰ ਦਿੱਤੀ ਸੀ। ਆਪਣੀ ਕਿਤਾਬ ਤੁਜ਼ਕੇ-ਜਹਾਂਗੀਰੀ ਵਿਚ ਉਸ ਨੇ ਲਿਖਿਆ ਹੈ। 'ਦਰਿਆ ਬਿਆਸ ਕੰਢੇ ਗੋਇੰਦਵਾਲ ਵਿਖੇ ਅਰਜਨ ਨਾਮੀ ਹਿੰਦੂ ਨੇ ਦੁਕਾਨ ਖੋਲ੍ਹ ਰੱਖੀ ਹੈ, ਜੋ ਸ਼ਰੀਫ ਜਨਤਾ ਨੂੰ ਡਰਾ ਧਮਕਾ ਕੇ, ਗੁਮਰਾਹ ਕੇ ਆਪਣੇ ਪਿੱਛੇ ਲਗਾਈ ਫਿਰਦਾ ਹੈ। ਮੈਂ ਚਾਹੁੰਦਾ ਹਾਂ, ਉਸ ਦਾ ਇਹ ਡੇਰਾ ਬੰਦ ਕਰਵਾ ਦੇਵਾਂ।'

ਫਿਰ ਜੋ ਗੁਰੂ ਅਰਜਨ ਦੇਵ ਤੇ ਉਸ ਦੇ ਪੰਥ ਨਾਲ ਬੀਤੀ, ਇਹ ਮੁਸ਼ਕਲ ਕਾਲਾ ਦੌਰ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਹੈ।

ਇੰਦਰਾ ਦਾ ਲੈਕਚਰ ਸੁਣ ਕੇ ਕਿਸੇ ਸ਼ੱਕ-ਸੁਭਾ ਦੀ ਗੁੰਜਾਇਸ਼ ਬਾਕੀ ਨਹੀਂ ਰਹੀ। ਸਭ ਗੁਰੂ ਪਿਆਰਿਆਂ ਦੇ ਹੱਥੋਂ ਰੋਟੀ-ਪਾਣੀ ਥਿੜਕ ਗਏ। ਦੀਵਾਲੀ ਤੋਂ ਪਹਿਲਾਂ ਦੇ ਕੁੱਝ ਦਿਨਾਂ ਵਾਂਗ ਕੰਨਾਂ ਵਿਚ ਛੁੱਟ-ਪਿੱਟ ਛੁਰਲੀਆਂ ਪਟਾਕਿਆਂ ਦੀਆਂ ਆਵਾਜ਼ਾਂ ਸੁਣਦੀਆਂ ਰਹੀਆਂ। ਅੱਜ ਦੇ ਇਨ੍ਹਾਂ ਪਟਾਕਿਆਂ ਦੇ ਦੂਰ-ਰਸੀ ਪ੍ਰਭਾਵ ਦੀਵਾਲੀ ਦੇ ਉਮਾਹ ਅਤੇ ਉਤਸ਼ਾਹ ਦੇ ਵਿਪਰੀਤ ਸਹਿਮੇ-ਸਹਿਮੇ ਸਨ। ਕਾਹਲੇ ਕਦਮੀਂ ਹਉਕੇ ਭਰਦੇ ਕੋਠੇ ਚੜ੍ਹ ਗਏ, ਜਿੱਥੋਂ ਦਰਬਾਰ ਸਾਹਿਬ 'ਤੇ ਚੱਲਦੀ ਆਤਸ਼ਬਾਜ਼ੀ ਅਸੀਂ ਘਰੋਂ ਹੀ ਵੇਖ ਲੈਂਦੇ ਸੀ। ਹੋਰ ਵੀ ਸਾਰੇ ਲੋਕ ਕੋਠਿਆਂ/ਚੁਬਾਰਿਆਂ ਤੇ ਪੌੜੀਆਂ ਚੜ੍ਹੇ ਆਉਣ ਵਾਲੇ ਭਿਆਨਕ ਪਲਾਂ ਦੀਆਂ ਕਿਆਸ-ਆਰਾਈਆਂ ਵਿਚ ਡੁੱਬੇ ਪਏ ਅਰਦਾਸਾਂ ਕਰ ਰਹੇ ਸਨ ਕਿ ਹੇ ਰੱਬ ਸੱਚਿਆ, ਇਸ ਹੋਣੀ ਨੂੰ ਪਰੇ-ਪਰੇ ਹੀ ਨਜਿੱਠ ਲਵੀਂ।

ਹੋਣੀ ਨਹੀਂ ਟਲੀ। ਤਿੰਨ ਜੂਨ ਨੂੰ ਤੜਕੇ ਤਿੰਨ ਵਜੇ ਸਿਫਤੀ ਦੇ ਘਰ 'ਤੇ ਗੋਲਿਆਂ ਦੀ ਤਾੜ-ਤਾੜ ਨੇ ਇਹ ਕਿਆਸ-ਅਰਾਈਆਂ ਸੱਚੀਆਂ ਸਾਬਤ ਕਰ ਦਿੱਤੀਆਂ। ਸਵੇਰੇ ਉੱਠਣ ਤੱਕ ਹਰ ਗਲੀ-ਮੁਹੱਲੇ ਭਾਰਤੀ ਫ਼ੌਜ ਦੇ ਜਵਾਨ ਲੋਕਾਂ ਨੂੰ ਅੰਦਰ ਰਹਿਣ ਦੀਆਂ ਹਦਾਇਤਾਂ ਦਿੰਦੇ ਡਾਂਟ ਰਹੇ ਸਨ। 36 ਘੰਟੇ ਦੇ ਕਰਫ਼ਿਊ ਹੁਕਮ ਨੇ ਸਾਰਾ ਪੰਜਾਬ ਅੰਦਰੀਂ ਤਾੜ ਦਿੱਤਾ।

# ਕਾਸ਼, ਅਜਿਹਾ ਭਾਰਤੀ ਲੋਕ-ਤੰਤਰ ਹੀ ਬਚ ਰਹੇ!

ਡਾ. ਸੁਰਿੰਦਰ ਮੰਡ
94173 24543
148, ਸੁੰਦਰ ਵਿਹਾਰ ਤਲਵਾੜਾ,
ਜ਼ਿਲ੍ਹਾ ਹੁਸ਼ਿਆਰਪੁਰ,
ਪੰਜਾਬ ਮੇਲ USA





2024 ਦੀਆਂ ਪਾਰਲੀਮੈਂਟ ਚੋਣਾਂ ਬਹੁਤ ਕੀਮਤੀ ਸਮਾਂ ਵੀ ਹੈ ਤੇ ਬਹੁਤ ਖਤਰਨਾਕ ਵੀ। ਸਾਰੇ ਕੰਮ ਛੱਡ ਕੇ ਇਨ੍ਹੀਂ ਦਿਨੀਂ ਏਸੇ ਬਾਰੇ ਸੋਚਣ ਜੁੜਨ ਦਾ ਵੇਲਾ। ਜਿਨ੍ਹਾਂ 100 ਕਰੋੜ ਤੋਂ ਵੱਧ ਲੋਕਾਂ ਦੇ, ਸਦੀਆਂ ਤੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਮਹਿੰਗਾਈ, ਬਿਮਾਰੀ, ਨਾਉਮੀਦੀ, ਬੇਇਜ਼ਤੀ ਵਿਚ ਰਗੜਬਾਲੇ ਨਿਕਲ ਰਹੇ ਨੇ, ਉਨ੍ਹਾਂ ਲਈ ਜ਼ਿੰਦਗੀ ਮੌਤ ਦਾ ਸਵਾਲ ਹਨ ਇਹ ਚੋਣਾਂ। ਕਿਉਂਕਿ ਨਿਰਦਈ ਸਿਸਟਮ ਸਦੀਆਂ ਤੋਂ ਉਨ੍ਹਾਂ ਨੂੰ ਨਾਗਵਲ ਪਾਈ ਬੈਠਾ, ਚੋਣਾਂ ਬਹਾਨੇ ਸ਼ਾਇਦ ਕੋਈ ਵਲ ਢਿੱਲਾ ਹੋ ਜੇ। ਸੋਚਵਾਨ ਵਰਗ ਲਈ ਇਹ ਸੰਵਿਧਾਨ ਨੂੰ ਬਚਾਉਣ, ਆਜ਼ਾਦੀ ਦਾ ਅੰਮ੍ਰਿਤ ਮੇਲਾ, ਲੋਕਤੰਤਰੀ ਵੋਟ ਜਸ਼ਨ ਵਰਗੀ ਚੀਜ਼ ਵੀ ਹੋ ਸਕਦੀ, ਖੁਸ਼ਹਾਲੀ ਦੀ ਆਸ ਵਿਚ। ਪਰ ਕਾਬਜ਼ ਵਰਗ ਵਾਸਤੇ, ਅਗਲੇ ਪੰਜ ਸਾਲਾਂ ਲਈ ਇਸ ਤੰਤਰ ਮੰਤਰ ਉੱਤੇ ਸ਼ਿਕੰਜਾ ਬਰਕਰਾਰ ਰੱਖਣ ਦੀ ਚੁਣੌਤੀ ਦਾ ਸਮਾਂ ਹੈ। ਕਬਜ਼ਾ ਚੀਜ਼ ਹੀ ਐਸੀ ਕਿ ਸੌਖਿਆਂ ਛੱਡਿਆ ਨੀਂ ਜਾਂਦਾ। ਆਪਣੀ ਕਾਬਜ਼ ਲੀਡਰਸ਼ਿਪ ਦੀ ਤਾਂ ਹੁਣ ਉਂਜ ਈ ਲੋਕ-ਤੰਤਰੀ ਸੋਚ ਵਾਲੀ ਵਜਾ-ਕਤਾ ਨਹੀਂ ਦਿੱਸਦੀ। ਏਨਾ ਹੀ ਸ਼ੁਕਰ ਕਿ ਸ਼ਬਦੀ ਜਬ੍ਹਲੀਆਂ ਦੇ ਬਾਵਜੂਦ ਵੋਟਾਂ ਸੁੱਖੀਂ ਸਾਂਦੀ ਨਿੱਬੜ ਚੱਲੀਆਂ। 2019 ਦੇ ਪੁਲਵਾਮਾ ਵਰਗਾ ਕੁਝ ਵਾਪਰਨ ਦੇ ਖਦਸ਼ੇ ਸੁਣਨੇ ਤਾਂ ਜੰਮੂ ਕਸ਼ਮੀਰ ਦੇ ਸਾਬਕਾ ਗਵਰਨਰ ਸਤਪਾਲ ਮਲਿਕ ਤੋਂ ਸੁਣ ਲੋ।

ਪਰ ਪਹਿਲੇ ਗੇੜਾਂ ਵਿਚ ਹੋਈਆਂ ਚੋਣਾਂ ਵਿਚ ਚੋਣ ਕਮਿਸ਼ਨ ਨੇ ਪਈਆਂ ਵੋਟਾਂ ਨੂੰ ਇਕ ਕਰੋੜ ਸੱਤ ਲੱਖ ਵੱਧ ਵਖਾ ਦਿੱਤਾ ਹੈ, ਗਿਆਰਾਂ ਦਿਨਾਂ ਬਾਦ... ਹੜਕੰਪ ਮੱਚ ਗਿਆ... ਕੇਸ ਸੁਪਰੀਮ ਕੋਰਟ ਵਿਚ... ਸੁਪਰੀਮ ਕੋਰਟ ਨੇ ਸਵਾਲ ਕੀਤਾ ਕਿ 17-ਸੀ ਫਾਰਮ ਦੇ ਮੁਤਾਬਕ ਹਰ ਬੂਥ 'ਤੇ ਪਈਆਂ ਕੁੱਲ ਵੋਟਾਂ ਦੀ ਗਿਣਤੀ, ਤਾਂ ਉਸੇ ਦਿਨ ਚੋਣ ਕਮਿਸ਼ਨ ਕੋਲ ਪੁੱਜ ਜਾਂਦੀ, ਉਹ ਡੇਟਾ ਦਿਓ। ਪਰ ਚੋਣ ਕਮਿਸ਼ਨ ਨੇ ਆਨਾ-ਕਾਨੀ ਕੀਤੀ, ਇਲੈਕਟੋਰਲ ਬਾਂਡ ਵਾਲੇ ਕੇਸ ਵਾਂਗ। ਸੋ ਸ਼ੰਕੇ ਕਾਇਮ ਹਨ।

ਜਿਸ ਤਰ੍ਹਾਂ ਪਹਿਲਾਂ ਮੋਦੀ ਸਰਕਾਰ ਨੇ ਚੋਣਾਂ ਤੋਂ ਐਨ ਪਹਿਲਾਂ ਇਕ ਚੋਣ ਅਧਿਕਾਰੀ ਕੋਲੋਂ ਅਚਨਚੇਤ ਅਸਤੀਫਾ ਦਿਵਾ ਕੇ, ਫਿਰ ਤੁਰੰਤ ਦੋ ਹੋਰਾਂ ਨੂੰ ਆਪਣੀ ਮਰਜ਼ੀ ਨਾਲ ਨਿਯੁਕਤ ਕੀਤਾ ਸੀ, ਉਸ ਤੋਂ ਤਾਂ ਸ਼ੰਕੇ ਪਹਿਲਾਂ ਹੀ ਵਧੇ ਹੋਏ ਹਨ।

ਦੇਸ਼ ਦੇ ਇਤਿਹਾਸ ਵਿਚ ਬਹੁਤ ਕੁਝ ਪਹਿਲੀ ਵਾਰ ਮੋਦੀ ਰਾਜ ਵਿਚ ਹੀ ਵੇਖਣ ਨੂੰ ਮਿਲ ਰਿਹਾ। ਜਿਵੇਂ ਕਿ...

ਭਾਰਤੀ ਚੋਣ ਕਮਿਸ਼ਨ ਦਾ ਦੂਜੇ ਮੁਲਕਾਂ ਤੱਕ ਬਹੁਤ ਵਕਾਰ ਸੀ। ਪਰ ਹੁਣ ਇਸਨੇ ਆਪਣੀ ਆਜ਼ਾਦ ਹਸਤੀ ਐਸੀ ਗਵਾਈ ਹੈ ਕਿ ਪਤਾ ਨਹੀਂ ਕਦੋਂ ਲੱਭੇ। ਵਿਰੋਧੀ ਪਾਰਟੀਆਂ ਦੁਹਾਈ ਦੇ ਰਹੀਆਂ ਹਨ ਕਿ ਸਾਨੂੰ ਚੋਣ ਕਮਿਸ਼ਨ ਅਤੇ ਬਿਜਲਈ ਵੋਟਿੰਗ ਮਸ਼ੀਨਾਂ 'ਤੇ ਯਕੀਨ ਨਹੀਂ।

ਸਰਕਾਰੀ ਏਜੰਸੀਆਂ ਦਾ ਸਰਕਾਰ ਦੇ ਹੱਕ ਵਿਚ ਦੁਰਉਪਯੋਗ ਵੀ ਇਵੇਂ ਇਸ ਹੱਦ ਤੱਕ ਨਹੀਂ ਸੀ ਸੁਣੀਂਦਾ। ਮੋਦੀ ਸਰਕਾਰ ਨੇ ਈ.ਡੀ. (ਦੇ ਕਾਨੂੰਨ ਦੀ ਇਕ ਐਸੀ ਧਾਰਾ ਜਿਸ ਵਿਚ ਜ਼ਮਾਨਤ ਨਹੀਂ ਹੋ ਸਕਦੀ) ਦਾ ਡਰ ਵਖਾ ਕੇ, ਵਰਤ ਕੇ ਵਿਰੋਧੀ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰ ਤੋੜੇ, ਚੁੱਪ ਕਰਾਏ, ਜੇਲ੍ਹੀਂ ਡੱਕੇ ਨੇ।

ਇਨਸਾਨ ਨੂੰ ਜੋੜਨ ਵਾਲੀ ਚੀਜ਼ 'ਧਰਮ' ਨੂੰ ਵੋਟਾਂ ਖਾਤਰ ਨਫ਼ਰਤ ਫੈਲਾਉਣ ਦੇ ਮੁੱਖ ਹਥਿਆਰ ਵਜੋਂ ਵਰਤਿਆ ਗਿਆ ਹੈ। ਮੋਦੀ ਦਾ ਇਸ ਤਰ੍ਹਾਂ ਸਭ ਹੱਦਾਂ ਲੰਘਣਾ ਚੰਗਾ ਨੀ ਲੱਗਾ। ਦਸ ਸਾਲਾਂ ਦੇ ਕੰਮ ਗਿਣਵਾ ਕੇ ਵੋਟਾਂ ਮੰਗਦਾ। ਵਿਦਿਆ, ਸਿਹਤ, ਮਹਿੰਗਾਈ, ਰੁਜ਼ਗਾਰ ਪੱਖੋਂ ਆਪਣੀ ਕਾਰਗੁਜ਼ਾਰੀ ਗਿਣਾਉਂਦਾ। ਮੇਰਾ ਮੰਨਣਾ ਕਿ ਹਿੰਦੂ ਨਫ਼ਰਤੀ ਕਿਸਮ ਦੇ ਲੋਕ ਨਹੀਂ, ਮੋਦੀ ਵੋਟਾਂ ਖਾਤਰ ਹਿੰਦੂ ਭਰਾਵਾਂ ਦਾ ਅਕਸ ਦੁਨੀਆਂ ਭਰ ਵਿਚ ਵਗਾੜ ਰਿਹਾ।

ਪਹਿਲੀ ਵਾਰ ਚਰਚਾ ਹੈ ਕਿ ਹੋ ਸਕਦਾ ਹਾਰਨ ਉਪਰੰਤ ਵੀ ਮੋਦੀ ਗੱਦੀ ਨਾ ਛੱਡੇ ਅਤੇ ਖਤਰਨਾਕ ਜਿਹੇ ਹੀਲੇ-ਵਸੀਲੇ ਕਰੇ। ਇਹ ਚਰਚਾ ਤੇ ਕੋਸ਼ਿਸ਼ ਭਾਰਤ ਵਰਗੇ ਲੋਕ-ਤੰਤਰ ਲਈ ਇਤਿਹਾਸਕ ਗੁਨਾਹ ਕਰਨ ਦੇ ਤੁੱਲ ਹੈ।

ਮੇਰੀ ਜਾਚੇ 4 ਤਰੀਕ ਨੂੰ ਨਤੀਜਿਆਂ ਵਕਤ ਉੜੀਸਾ ਦੇ ਨਵੀਨ ਪਟਨਾਇਕ ਅਤੇ ਆਂਧਰਾ ਦੇ ਮੁੱਖ ਮੰਤਰੀ ਰੈਡੀ ਦੀ ਵੀ ਖਾਸ ਭੂਮਿਕਾ ਹੋਊ, ਜਿਹੜੀ ਧਿਰ ਉਨ੍ਹਾਂ ਨੂੰ ਫੁਰਤੀ ਨਾਲ ਸਾਧ ਲਊ, ਚੰਗੀ ਰਹੂ। ਇਹੀ ਦੋਵੇਂ ਜੋ ਐਲਾਨੀਆਂ ਅਜੇ ਤੱਕ ਕਿਸੇ ਗਠਜੋੜ ਵਿਚ ਨਹੀਂ।

ਇਨ੍ਹਾਂ ਚੋਣਾਂ ਦੇ ਨਤੀਜੇ ਕੁਛ ਵੀ ਹੋਣ, ਪਰ ਇਸ ਦੌਰ ਨੇ ਵਿਰੋਧੀ ਪਾਰਟੀਆਂ ਦੇ ਤੇਜਸਵੀ ਯਾਦਵ, ਅਖਿਲੇਸ਼ ਯਾਦਵ, ਉਧਵ ਠਾਕਰੇ, ਕੇਜਰੀਵਾਲ, ਰਾਹੁਲ ਗਾਂਧੀ ਵਰਗੇ ਲੀਡਰ ਹੋਰ ਚਮਕਾਏ ਹਨ। ਜਦਕਿ ਮੋਦੀ ਨੇ ਸਿਰਫ 'ਮੋਦੀ ਮੋਦੀ' ਵਾਲੇ ਹਉਮੈ ਰਾਗ ਦੇ ਸ਼ੋਰ ਹੇਠ ਕਿਸੇ ਆਪਣੇ ਲੀਡਰ ਨੂੰ ਚੂੰ ਨਹੀਂ ਕਰਨ ਦਿੱਤੀ। ਸਭ ਸੀਨੀਅਰ ਦਫ਼ਨ ਕਰਤੇ। ਇਸ ਦੇ ਵੀ ਭਾਰਤੀ ਸਿਆਸਤ ਵਿਚ ਬੜੇ ਦੂਰ-ਰਸ ਪ੍ਰਭਾਵ ਹੋਣਗੇ।

ਉੱਡਦੀ-ਉੱਡਦੀ ਕਨਸੋਅ ਕਿ ਇੰਡੀਆ ਗਠਬੰਧਨ ਸਰਕਾਰ ਆ ਰਹੀ। ਜੇ ਹੈ ਤਾਂ ਫਿਰ....

ਇਨ੍ਹੀਂ ਦਿਨੀਂ ਖਾਸ ਕਰਕੇ ਅਪੋਜੀਸ਼ਨ ਦੇ ਉਹ ਲੀਡਰ ਸਿਆਸੀ ਸਮਝ ਪੱਖੋਂ ਬਹੁਤ ਊਣੇ ਹਨ, ਜਿਹੜੇ ਮੋਦੀ ਦੀਆਂ ਚੋਣ ਹੇਰਾਫੇਰੀਆਂ ਦੀਆਂ ਸੰਭਾਵਨਾਵਾਂ ਦੀਆਂ ਬੰਗਲਾਦੇਸ਼ ਤੇ ਰੂਸ ਦੀਆਂ ਘਟਨਾਵਾਂ ਨਾਲ ਤੁਲਨਾ ਕਰਦੇ ਹਨ। ਇਨ੍ਹਾਂ ਨੂੰ ਅਕਲ ਨਹੀਂ ਕਿ ਬੋਲਣ ਲੱਗਿਆਂ ਭਾਰਤ ਦੀ ਇਨ੍ਹਾਂ ਮੁਲਕਾਂ ਬਾਰੇ ਵਿਦੇਸ਼ ਨੀਤੀ ਨੂੰ ਧਿਆਨ 'ਚ ਕਿਵੇਂ ਰੱਖਣਾ।

ਨਰਿੰਦਰ ਮੋਦੀ ਸਭ ਅਹਿਮ ਏਜੰਸੀਆਂ ਅਦਾਰਿਆਂ, ਪੋਸਟਾਂ ਉੱਤੇ ਕਾਬਜ਼ ਵੀ ਹੈ ਤੇ ਲਗਾਤਾਰ ਸਰਗਰਮ ਵੀ ਹੈ। ਸਰਕਾਰ ਰਵ੍ਹੇ ਜਾਂ ਨਾ, ਸੌਖਾ ਨਹੀਂ ਹੋਵੇਗਾ ਇਹ ਕਲਿੱਕ ਤੋੜਨਾ।

ਪਿਛਲਾ ਤਜ਼ਰਬਾ ਕਹਿੰਦਾ ਕਿ ਇਕੋ ਜਿਹੇ ਭਾਈਵਾਲਾਂ ਦੀਆਂ ਸਾਂਝੀਆਂ ਸਰਕਾਰਾਂ ਦਾ ਈਗੋ ਝਗੜਾ ਵੱਧ ਹੁੰਦਾ। ਹਰ ਕਿਸੇ ਨੇ ਆਪਣੀ ਪਾਰਟੀ ਨੀਤੀ ਜਾਂ ਕੱਚਘਰੜ ਸਮਝ ਨਹੀਂ ਖਲਾਰਨੀ ਹੁੰਦੀ, ਸਾਂਝੀ ਸਮਝ ਹੀ ਸਾਹਮਣੇ ਲਿਆਉਣੀ ਹੁੰਦੀ। ਅਸਹਿਮਤ ਮੁੱਦਿਆ ਉੱਪਰ ਵੀ ਲਚਕ ਵਿਖਾਉਣੀ ਹੁੰਦੀ। ਨਹੀਂ ਤਾਂ ਮੇਲਾ ਬਿਖਰ ਜਾਂਦਾ ਹੁੰਦਾ ਤੇ ਮਗਰੋਂ ਹੱਥ ਮਲਣੇ ਪੈਂਦੇ, ਕਈ ਵਾਰ ਸਦਾ ਲਈ ਵੀ।

ਇਸ ਵਕਤ ਖਤਰਨਾਕ ਅੰਤਰਰਾਸ਼ਟਰੀ ਹਾਲਾਤ ਹਨ, ਸੰਸਾਰ ਜੰਗ ਛਿੜਨ ਵਰਗੇ। ਕੋਈ ਛਡਾਵਾ ਮੁਲਕ/ਲੀਡਰ ਨਜ਼ਰ ਨੀ ਆਉਂਦਾ। ਅੱਜ ਵੀ ਸਿਰਫ ਭਾਰਤ ਹੋ ਸਕਦਾ, ਇਸਦੇ ਕਈ ਇਤਿਹਾਸਕ ਕਾਰਨ ਹਨ। ਨਵੀਂ ਸਰਕਾਰ ਨੂੰ ਤੁਰੰਤ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ। ਮੋਦੀ ਨੇ ਪਹਿਲਾਂ ਇਹ ਮੌਕਾ ਖੁੰਝਾਇਆ ਹੈ। ਸਗੋਂ ਉਲਟਾ ਆਪਣੇ ਆਂਢ-ਗਵਾਂਢ ਵੀ ਵਗਾੜ ਹੀ ਵਧਾਇਆ ਹੈ, ਆਪਣੀਆਂ ਨਲੈਕੀਆਂ ਕਰਕੇ।

ਸਾਡੇ ਮੁਲਕ ਦੀ ਮਜ਼ਬੂਤੀ ਭਾਰਤੀ ਗੁਲਦਸਤੇ ਦੇ ਰਾਜਾਂ ਨੂੰ ਵੱਧ ਤੇ ਬਰਾਬਰ ਅਧਿਕਾਰ ਦੇਣ ਵਿਚ ਛੁਪੀ ਹੈ। 'ਰਾਜ' ਰੋਜ਼ਾਨਾ ਚੀਕਾਂ ਮਾਰਦੇ ਸੁਣੀਂਦੇ ਹਨ ਕਿ ਕੇਂਦਰ ਸਾਡੇ ਬਣਦੇ ਫੰਡ ਰੋਕੀ ਬੈਠਾ ਹੈ, ਕੋਈ ਸੁਣਵਾਈ ਨਹੀਂ। ਜੀ.ਐਸ.ਟੀ. ਨਾਲ ਤਾਂ ਸਗੋਂ ਪੈਸੇ 'ਤੇ ਸੱਪ ਬਣ ਬੈਠਾ ਹੈ। ਇਹ ਵਰਤਾਰਾ ਬਦਲਨਾ ਹੋਵੇਗਾ।

ਸੰਭਾਵਨਾਵਾਂ ਭਰਪੂਰ ਭਾਰਤ ਦੀ ਧਰਤੀ ਆਪਣੇ ਇਨਸਾਨ, ਧੀਆਂ, ਪੁੱਤਰਾਂ ਤੋਂ ਬਿਹਤਰੀ ਦੀਆਂ ਉਮੀਦਾਂ ਲਗਾਈ ਬੈਠੀ ਹੈ, ਵੇਖਦੇ ਕਿ ਕਿੰਨੀਆਂ ਨੂੰ ਬੂਰ ਪੈਂਦਾ।

# ਜਦੋਂ ਵਿਧਾਨ ਸਭਾ ਦੇ ਸਪੀਕਰ ਨੇ ਆਪਣੀ ਜਾਚੇ ਮੈਨੂੰ ਤੰਗ ਕੀਤਾ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ: 95011-00062
ਪੰਜਾਬ ਮੇਲ USA



ਕਈ ਸਾਲ ਪਹਿਲਾਂ ਮੈਂ ਬਟਾਲਾ ਪੁਲਿਸ ਜ਼ਿਲ੍ਹੇ ਦੀ ਇੱਕ ਸਬ ਡਵੀਜ਼ਨ ਵਿਖੇ ਡੀ.ਐਸ.ਪੀ. ਵਜੋਂ ਤਾਇਨਾਤ ਸੀ। ਮੇਰੀ ਸਬ ਡਵੀਜ਼ਨ ਵਿਚ ਕਈ ਵਿਧਾਇਕਾਂ ਦੇ ਹਲਕਿਆਂ ਦੇ ਪਿੰਡ ਪੈਂਦੇ ਸਨ। ਪਰ ਇੱਕ ਹੀ ਪਾਰਟੀ ਦੇ ਹੋਣ ਦੇ ਬਾਵਜੂਦ ਉਨ੍ਹਾਂ ਦੀ ਆਪਸ ਵਿਚ ਨਹੀਂ ਸੀ ਬਣਦੀ। ਮੇਰੇ ਨਾਲ ਕਦੇ ਇੱਕ ਨੇ ਨਾਰਾਜ਼ ਹੋ ਜਾਣਾ ਤੇ ਕਦੇ ਦੂਸਰੇ ਨੇ। ਜਿਹੜੇ ਅਫਸਰਾਂ ਨੇ ਉਸ ਸਮੇਂ ਨੌਕਰੀ ਕੀਤੀ ਹੈ, ਉਹ ਜਾਣਦੇ ਹੋਣਗੇ ਕਿ ਕਿੰਨੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਮੇਰੀ ਸਬ ਡਵੀਜ਼ਨ ਵਿਚ ਇੱਕ ਵਾਰ ਇੱਕ ਹਲਕੇ ਦੇ ਬੰਦਿਆਂ ਨੇ ਦੂਸਰੇ ਹਲਕੇ ਦੇ ਬੰਦੇ ਦੀ ਗਿੱਦੜ ਕੁੱਟ ਕਰ ਦਿੱਤੀ। ਜਿਸ ਵਿਧਾਇਕ ਦੇ ਬੰਦਿਆਂ ਨੂੰ ਕੁੱਟ ਪਈ ਸੀ, ਉਸ ਨੇ ਹੁਕਮ ਛੱਡਿਆ ਕਿ ਠੋਕ ਕੇ ਪਰਚਾ ਦਿਉ ਤੇ ਮੁਲਜ਼ਮਾਂ ਨੂੰ ਫੜ ਕੇ ਹਵਾਲਾਤ ਵਿਚ ਸੁੱਟੋ। ਪਰ ਜਿਸ ਦੇ ਬੰਦਿਆਂ ਦਾ ਕਸੂਰ ਸੀ, ਉਸ ਨੇ ਕਿਹਾ ਕਿ ਮੇਰੇ ਵਰਕਰਾਂ ਵੱਲ ਅੱਖ ਪੁੱਟ ਕੇ ਵੀ ਨਹੀਂ ਵੇਖਣਾ। ਮਹੀਨੇ ਵਿਚ ਇੱਕ-ਦੋ ਵਾਰ ਅਜਿਹਾ ਪੰਗਾ ਪੈ ਹੀ ਜਾਂਦਾ ਸੀ ਤੇ ਪੁਲਿਸ ਵਿਚਾਰੀ ਵਿਚ ਵਿਚਾਲੇ ਫਸ ਜਾਂਦੀ ਸੀ।

ਮੇਰੀ ਸਬ ਡਵੀਜ਼ਨ ਵਾਲੇ ਵਿਧਾਇਕਾਂ ਵਿਚੋਂ ਦਲਬੀਰ ਸਿੰਘ (ਕਾਲਪਨਿਕ ਨਾਮ) ਸਭ ਤੋਂ ਵੱਧ ਪੰਗੇਬਾਜ਼, ਅੜੀਅਲ ਤੇ ਖਰ ਦਿਮਾਗ ਆਦਮੀ ਸੀ। ਜਦੋਂ ਵੀ ਉਸ ਦਾ ਫੋਨ ਆਉਣਾ, ਮੇਰਾ ਬਲੱਡ ਪ੍ਰੈਸ਼ਰ ਹਾਈ ਹੋ ਜਾਣਾ ਕਿ ਪਤਾ ਨਹੀਂ ਹੁਣ ਇਹ ਕੀ ਪਵਾੜਾ ਖੜ੍ਹਾ ਕਰੇਗਾ? ਇੱਕ ਵਾਰ ਉਹ ਮੇਰੇ ਰੀਡਰ ਦੇ ਬੇਟੇ ਦੇ ਪਿੱਛੇ ਪੈ ਗਿਆ ਕਿ ਇਸ ਨੇ ਮੇਰੇ ਫਲਾਣੇ ਵਰਕਰ ਦੇ ਘਰ ਇੱਟਾਂ-ਵੱਟੇ ਚਲਾ ਕੇ ਕਾਰ ਦਾ ਸ਼ੀਸ਼ਾ ਭੰਨ੍ਹ ਦਿੱਤਾ ਹੈ, ਇਸ 'ਤੇ ਪਰਚਾ ਦਰਜ ਕੀਤਾ ਜਾਵੇ। ਮੈਂ ਬਥੇਰਾ ਕਿਹਾ ਕਿ ਸਰ ਕਿਉਂ ਬੱਚੇ ਦੀ ਜ਼ਿੰਦਗੀ ਬਰਬਾਦ ਕਰਨ ਲੱਗੇ ਉ। ਮਾਮਲਾ ਸ਼ੱਕੀ ਲੱਗਦਾ ਹੈ, ਮੈਨੂੰ ਜਾਂਚ-ਪੜਤਾਲ ਕਰਨ ਲਈ ਇੱਕ ਹਫਤੇ ਦੀ ਮੋਹਲਤ ਤਾਂ ਦੇ ਦਿਉ। ਪਰ ਉਸ ਅੜੀਅਲ ਬੰਦੇ ਨੇ ਮੇਰੀ ਇੱਕ ਨਾ ਸੁਣੀ।


ਅਸਲ ਵਿਚ ਉਸ ਪਰਿਵਾਰ ਦੀ ਰੀਡਰ ਨਾਲ ਕੋਈ ਪੁਰਾਣੀ ਰੰਜ਼ਿਸ਼ ਸੀ, ਜਿਸ ਕਾਰਨ ਉਹ ਉਸ ਦੇ ਲੜਕੇ ਨੂੰ ਫਸਾਉਣਾ ਚਾਹੁੰਦੇ ਸਨ। ਦਲਬੀਰ ਸਿੰਘ ਦੇ ਸਖਤ ਦਬਾਉ ਦੇ ਬਾਵਜੂਦ ਮੈਂ ਗੱਲ ਟਾਲੀ ਗਿਆ ਤੇ ਤਿੰਨ ਦਿਨਾਂ ਵਿਚ ਹੀ ਅਸਲੀ ਮੁਲਜ਼ਮਾਂ ਨੂੰ ਪਕੜ ਲਿਆ। ਮਾਮਲਾ ਇਹ ਸਾਹਮਣੇ ਆਇਆ ਕਿ ਉਸ ਪਰਿਵਾਰ ਦੀ ਨਵੀਂ ਵਿਆਹੀ ਨੂੰਹ ਦਾ ਪੇਕੇ ਪਿੰਡ ਗੁਆਂਢੀਆਂ ਦੇ ਸਮੈਕੀਏ ਮੁੰਡੇ ਨਾਲ ਕਈ ਸਾਲਾਂ ਤੋਂ ਗੂੜ੍ਹਾ ਇਸ਼ਕ ਚੱਲ ਰਿਹਾ ਸੀ। ਵਿਆਹ ਤੋਂ ਬਾਅਦ ਉਹ ਉਸ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਪਰ ਸਮੈਕੀਆ ਚੇਪੀ ਹੋਇਆ ਪਿਆ ਸੀ। ਜਦੋਂ ਉਹ ਲੜਕੀ ਮਿਲਣ ਲਈ ਨਾ ਮੰਨੀ, ਤਾਂ ਖਿਝ ਕੇ ਇੱਕ ਰਾਤ ਆਸ਼ਕ ਨੇ ਉਸ ਦੇ ਘਰ ਇੱਟਾਂ-ਰੋੜੇ ਚਲਾ ਦਿੱਤੇ ਤੇ ਫਰਾਰ ਹੋ ਗਿਆ। ਕੁਦਰਤੀ ਇੱਕ ਵੱਟਾ ਵਿਹੜੇ ਵਿਚ ਖੜ੍ਹੀ ਕਾਰ ਦੇ ਸ਼ੀਸ਼ੇ 'ਤੇ ਵੱਜਾ ਤੇ ਉਹ ਟੁੱਟ ਗਿਆ। ਇਸ ਦੇ ਬਾਅਦ ਵੀ ਜਦੋਂ ਦਲਬੀਰ ਸਿੰਘ ਨੂੰ ਮੇਰੀ ਗੱਲ 'ਤੇ ਯਕੀਨ ਨਾ ਆਇਆ, ਤਾਂ ਮੈਂ ਨੂੰਹ ਰਾਣੀ ਤੇ ਸਮੈਕੀਏ ਆਸ਼ਕ ਦੀਆਂ ਸੈਂਕੜੇ ਆਪਸੀ ਕਾਲਾਂ ਦੀ ਡੀਟੇਲ ਤੇ ਆਸ਼ਕ ਦੀ ਉਸ ਰਾਤ ਦੀ ਮੋਬਾਇਲ ਲੋਕੇਸ਼ਨ ਉਸ ਦੇ ਸਾਹਮਣੇ ਰੱਖ ਦਿੱਤੀ, ਤਾਂ ਜਾ ਕੇ ਕਿਤੇ ਰੀਡਰ ਦੇ ਲੜਕੇ ਦੀ ਖਲਾਸੀ ਹੋਈ। ਹੁਣ ਉਹ ਲੜਕਾ ਸ਼ਾਇਦ ਕੈਨੇਡਾ ਦਾ ਪੱਕਾ ਵਸਨੀਕ ਬਣ ਚੁੱਕਾ ਹੈ। ਜੇ ਮੈਂ ਆਪਣੀ ਪੋਸਟਿੰਗ ਬਚਾਉਣ ਖਾਤਰ ਦਲਬੀਰ ਦੇ ਕਹੇ ਅਨੁਸਾਰ ਉਸ ਦੇ ਖਿਲਾਫ ਝੂਠਾ ਪਰਚਾ ਦਰਜ ਕਰ ਦਿੰਦਾ, ਤਾਂ ਵਿਚਾਰੇ ਦਾ ਕੈਨੇਡਾ ਵਿਚੇ ਰੁਲ ਜਾਣਾ ਸੀ।

ਇਸ ਤੋਂ ਬਾਅਦ ਇੱਕ ਹੋਰ ਮਸਲਾ ਪੈਦਾ ਹੋ ਗਿਆ ਕਿਉਂਕਿ ਦਲਬੀਰ ਸਿੰਘ ਨੇ ਦੂਸਰੇ ਵਿਧਾਇਕ ਦੇ ਹਲਕੇ ਵਿਚ ਹੋਏ ਇੱਕ ਕਤਲ ਕੇਸ ਦੇ ਮੁਲਜ਼ਮਾਂ ਦੀ ਗ੍ਰਿਫਤਾਰੀ ਵਿਚ ਰੁਕਾਵਟ ਪਾਉਣੀ ਸ਼ੁਰੂ ਕਰ ਦਿੱਤੀ। ਪਰ ਗੰਭੀਰ ਕੇਸ ਹੋਣ ਕਾਰਨ ਮੈਂ ਉਸ ਦੀ ਗੱਲ ਨਾ ਮੰਨੀ ਤੇ ਸਾਰੇ ਮੁਲਜ਼ਮ ਗ੍ਰਿਫਤਾਰ ਕਰਵਾ ਕੇ ਜੇਲ੍ਹ ਭੇਜ ਦਿੱਤੇ। ਸੜਿਆ-ਬਲਿਆ ਦਲਬੀਰ ਸਿੰਘ ਮੇਰੀ ਬਦਲੀ ਕਰਵਾਉਣ ਲਈ ਚੰਡੀਗੜ੍ਹ ਪਹੁੰਚ ਗਿਆ। ਪਰ ਦੂਸਰੇ ਵਿਧਾਇਕਾਂ ਨੇ ਠੋਕ ਕੇ ਮੇਰੀ ਮਦਦ ਕੀਤੀ ਤੇ ਬਦਲੀ ਨਾ ਹੋਣ ਦਿੱਤੀ। ਉਸ ਵੇਲੇ ਦਾ ਵਿਧਾਨ ਸਭਾ ਦਾ ਸਪੀਕਰ ਦਲਬੀਰ ਸਿੰਘ ਦਾ ਗੂੜ੍ਹਾ ਮਿੱਤਰ ਸੀ ਤੇ ਸੁਭਾਅ ਵੀ ਉਸ ਵਰਗਾ ਹੀ ਸੀ। ਜਦੋਂ ਮੇਰੀ ਬਦਲੀ ਨਾ ਹੋਈ, ਤਾਂ ਦਲਬੀਰ ਨੇ ਵਿਧਾਨ ਸਭਾ ਦੀ ਮਰਿਆਦਾ ਕਮੇਟੀ ਵਿਚ ਮੇਰੇ ਖਿਲਾਫ ਝੂਠੀ ਸ਼ਿਕਾਇਤ ਕਰ ਦਿੱਤੀ ਕਿ ਡੀ.ਐਸ.ਪੀ. ਨੇ ਮੈਨੂੰ ਅਪਸ਼ਬਦ ਕਹੇ ਹਨ। ਤੰਗ-ਪਰੇਸ਼ਾਨ ਕਰਨ ਲਈ ਸਪੀਕਰ ਨੇ ਮੈਨੂੰ ਸਵੇਰੇ ਆਪਣੇ ਦਫਤਰ ਚੰਡੀਗੜ੍ਹ ਬੁਲਾ ਲੈਣਾ ਤੇ ਸ਼ਾਮ ਨੂੰ ਬਿਨਾਂ ਮਿਲੇ ਵਾਪਸ ਭੇਜ ਦੇਣਾ। ਉਸ ਦਾ ਖਿਆਲ ਸੀ ਕਿ ਮੈਂ ਰੋਜ਼ਾਨਾ ਤੜਕੇ ਬਟਾਲੇ ਤੋਂ ਚੱਲਦਾ ਹਾਂ ਤੇ ਸ਼ਾਮ ਨੂੰ ਧੱਕੇ ਧੋਲੇ ਖਾ ਕੇ ਵਾਪਸ ਚਲਾ ਜਾਂਦਾ ਹਾਂ। ਉਸ ਭੜੂਏ ਨੂੰ ਪਤਾ ਨਹੀਂ ਸੀ ਕਿ ਮੇਰੀ ਰਿਹਾਇਸ਼ ਮੋਹਾਲੀ ਹੀ ਹੈ ਤੇ ਮੈਂ ਮੁਫਤ ਦੀਆਂ ਛੁੱਟੀਆਂ ਦਾ ਆਨੰਦ ਲੈ ਰਿਹਾ ਸੀ।

2-3 ਦਿਨਾਂ ਬਾਅਦ ਮੈਨੂੰ ਐਸ.ਐਸ.ਪੀ. ਦਫਤਰ ਬਟਾਲਾ ਤੋਂ ਸਕਿਉਰਟੀ ਇੰਚਾਰਜ ਦਾ ਫੋਨ ਆਇਆ ਕਿ ਕੱਲ੍ਹ ਨੂੰ ਰੱਖੜ ਪੁੰਨਿਆਂ ਮੇਲੇ ਦੀ ਡਿਊਟੀ ਸਬੰਧੀ ਬਾਬੇ ਬਕਾਲੇ ਪਹੁੰਚਣਾ ਹੈ। ਬਾਬੇ ਬਕਾਲੇ ਦਾ ਮੇਲਾ ਅਗਸਤ ਮਹੀਨੇ ਦੀ ਅਤਿਅੰਤ ਹੁੰਮਸ ਭਰੀ ਗਰਮੀ ਵਿਚ ਆਉਂਦਾ ਹੈ ਤੇ ਉਥੇ ਜਾਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ। ਜਦੋਂ ਮੈਂ ਉਸ ਨੂੰ ਸਪੀਕਰ ਕੋਲ ਚੱਲ ਰਹੀ ਪੇਸ਼ੀ ਬਾਰੇ ਦੱਸਿਆ, ਤਾਂ ਉਸ ਨੇ ਇਸ ਸਬੰਧੀ ਐਸ.ਐਸ.ਪੀ ਨਾਲ ਗੱਲ ਕਰਨ ਦੀ ਬੇਨਤੀ ਕੀਤੀ। ਮੈਂ ਐਸ.ਐਸ.ਪੀ. ਨੂੰ ਫੋਨ ਕੀਤਾ, ਤਾਂ ਉਸ ਨੇ ਫੌਰਨ ਵਾਪਸ ਆ ਕੇ ਮੇਲਾ ਡਿਊਟੀ ਜਾਣ ਵਾਸਤੇ ਹੁਕਮ ਦੇ ਦਿੱਤਾ। ਮੈਨੂੰ ਪਤਾ ਸੀ ਕਿ ਐਸ.ਐਸ.ਪੀ. ਸਪੀਕਰ ਤੋਂ ਬਹੁਤ ਡਰਦਾ ਹੈ। ਮੈਂ ਮਸਕੀਨ ਜਿਹਾ ਬਣ ਕੇ ਕਿਹਾ, "ਸਰ, ਤੁਸੀਂ ਸਪੀਕਰ ਸਾਹਿਬ ਨੂੰ ਫੋਨ ਕਰ ਦਿਉ। ਮੈਂ ਉਨ੍ਹਾਂ ਦੇ ਦਫਤਰ ਈ ਬੈਠਾ ਆਂ, ਰੀਡਰ ਨੂੰ ਦੱਸ ਕੇ ਹੁਣੇ ਚੱਲ ਪੈਂਦਾ ਆਂ।" ਸੁਣਦੇ ਸਾਰ ਐਸ.ਐਸ.ਪੀ. ਦੀ ਆਵਾਜ਼ ਦੀ ਕੜਕ-ਮੜਕ ਖਤਮ ਹੋ ਗਈ ਤੇ ਉਸ ਨੇ ਡਰੀ ਹੋਈ ਬੱਕਰੀ ਵਾਂਗ ਮਿਣ-ਮਿਣ ਕੀਤੀ, "ਕੋਈ ਨਈਂ ਕੋਈ ਨਈਂ, ਤੂੰ ਰਹਿਣ ਦੇ। ਮੈਂ ਕਿਸੇ ਹੋਰ ਨੂੰ ਭੇਜ ਦੇਂਦਾ ਆਂ।"

ਸਪੀਕਰ ਦੀ ਕ੍ਰਿਪਾ ਨਾਲ ਮੈਂ ਮੇਲਾ ਡਿਊਟੀ ਤੋਂ ਵੀ ਬਚ ਗਿਆ। ਪਰ 6-7 ਦਿਨਾਂ ਬਾਅਦ ਉਸ ਦੇ ਇੱਕ ਚੁਗਲਖੋਰ ਗੰਨਮੈਨ ਨੇ ਸਾਰਾ ਭੇਤ ਖੋਲ੍ਹ ਦਿੱਤਾ ਕਿ ਮੇਰੀ ਰਿਹਾਇਸ਼ ਮੋਹਾਲੀ ਹੈ ਤੇ ਮੈਂ ਕੋਈ ਤੰਗ-ਪਰੇਸ਼ਾਨ ਨਹੀਂ ਹੋ ਰਿਹਾ। ਅਗਲੇ ਹੀ ਦਿਨ ਸਪੀਕਰ ਨੇ ਮੈਨੂੰ ਅੰਦਰ ਸੱਦ ਲਿਆ ਤੇ 15-20 ਮਿੰਟ ਦਬਕੇ-ਸ਼ਬਕੇ ਮਾਰ ਕੇ ਚੇਤਾਵਨੀ ਦਿੱਤੀ ਕਿ ਅੱਗੇ ਤੋਂ ਐਮ.ਐਲ.ਏ. ਸਾਹਿਬ ਨੂੰ ਨਾਰਾਜ਼ ਨਾ ਕੀਤਾ ਜਾਵੇ। ਮੈਂ ਉਸ ਦੇ ਪੰਜੇ ਤੋਂ ਕਿਵੇਂ ਬਚਿਆ, ਇਹ ਇੱਕ ਅਲੱਗ ਕਹਾਣੀ ਹੈ। ਅਸਲ ਵਿਚ ਮੈਂ ਉਸ ਦੇ ਖਾਸ ਬੰਦਿਆਂ ਤੋਂ ਉਸ ਨੂੰ ਫੋਨ ਹੀ ਐਨੇ ਕਰਵਾ ਦਿੱਤੇ ਸਨ ਕਿ ਉਸ ਨੇ ਮੇਰੇ ਤੋਂ ਖਹਿੜਾ ਛੁਡਾਉਣ ਵਿਚ ਹੀ ਭਲਾਈ ਸਮਝੀ।

# ਗਿ. ਜਗਤਾਰ ਸਿੰਘ ਜਾਚਕ ਦੀ ਪੁਸਤਕ ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ






-ਦਿਲਜੀਤ ਸਿੰਘ ਬੇਦੀ




ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਭੇਦ ਦਾ ਮਾਮਲਾ ਅੱਜ ਨਵਾਂ ਨਹੀਂ ਹੈ। ਇਹ ਸਮੇਂ-ਸਮੇਂ ਉਠਦਾ ਰਿਹਾ ਹੈ। ਪਰ ਬਿਨ੍ਹਾਂ ਕਿਸੇ ਸਿੱਟਾ ਕੱਢੇ ਦੇ ਬਗੈਰ ਹੀ ਇਹ ਮਾਮਲਾ ਪਹਿਲਾਂ ਦੀ ਤਰ੍ਹਾਂ ਹੀ ਅਮਲਅਸੇਧ ਹੋ ਜਾਂਦਾ ਹੈ। ਗਿਆਨੀ ਜਗਤਾਰ ਸਿੰਘ ਜਾਚਕ, ਸਿਰੜੀ, ਮੇਹਨਤੀ ਤੇ ਗੁਰਬਾਣੀ ਗੁਰਮੁਖ ਜਨ ਹਨ। ਉਨ੍ਹਾਂ ਵੱਲੋਂ ਹਵਾਲਿਆਂ ਸਹਿਤ ਰਚੀ ਗਈ ਹੱਥਲੀ ਪੁਸਤਕ ਗੁਰਬਾਣੀ ਤੇ ਕੰਮ ਰਹੇ ਜਾਂ ਪਾਠ ਭੇਦਾਂ ਬਾਰੇ ਵਿਚਾਰ ਕਰ ਰਹੇ ਗੁਰਮੁੱਖਾਂ ਸਿੱਖਾਂ ਵਾਸਤੇ ਗਿਆਨ ਵਾਲੀ ਪੁਸਤਕ ਹੈ। ਰੂਹਾਨੀਅਤ ਦੇ ਅਬਿਨਾਸੀ ਸੂਰਜ, ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਐਸੇ ਧਰਮ-ਗ੍ਰੰਥ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਆਪ ਸੰਪਾਦਿਤ ਕਰਕੇ ਮਾਨਵਤਾ ਦੀ ਸਰਬਪੱਖੀ ਤੇ ਸਦੀਵੀ ਅਗਵਾਈ ਲਈ ਗੁਰਿਆਈ ਤਖ਼ਤ 'ਤੇ ਸੁਭਾਇਮਾਨ ਕੀਤਾ। ਸਤਿਗੁਰੂ ਜੀ ਦੀ ਨਿਗਰਾਨੀ ਹੇਠ ਸਮੁੱਚੀ ਬਾਣੀ ਲਿਖਣ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੇ ਨਿਭਾਈ, ਜੋ ਸੰਸਕ੍ਰਿਤ ਤੇ ਫ਼ਾਰਸੀ ਭਾਸ਼ਾ ਦੇ ਵਿਦਵਾਨ ਸਨ। ਗਿ. ਜਗਤਾਰ ਸਿੰਘ ਜਾਚਕ ਵੱਲੋਂ ਪ੍ਰਕਾਸ਼ਤ ਹੋਈ ਇਸ ਕਿਤਾਨ ਦੇ 225 ਪੰਨੇ ਅਤੇ 495 ਰੁਪਏ ਕੀਮਤ ਤਹਿ ਹੈ।

ਗੁਰੂ ਕਾਲ ਦੇ ਵੇਲੇ ਹੋਏ ਸ਼ਰਧਾਵਾਨ ਸਿੱਖ ਕਾਤਿਬਾਂ ਨੇ ਗੁਰੂ ਜੀ ਦੀ ਬਾਣੀ ਨੂੰ ਸਤਿਕਾਰ ਸਹਿਤ ਲਿਖਿਆ, ਨਕਲਾਂ ਤਿਆਰ ਕੀਤੀਆਂ ਤੇ ਵੰਡੀਆਂ। ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਪਰ ਕਾਤਿਬ ਕਿੱਤਾਕਾਰਾਂ ਤੋਂ ਭੁੱਲਾਂ ਹੋਈਆਂ ਹਨ। ਇਹ ਪੁਸਤਕ ਸਾਨੂੰ ਕਾਤਿਬਾਂ ਦੀਆਂ ਅਜਿਹੀਆਂ ਭੁੱਲਾਂ ਨੂੰ ਯਾਦ ਕਰਵਾਉਂਦੀ ਹੈ ਅਤੇ ਭੁੱਲਾਂ ਨੂੰ ਸੁਧਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਪੰਥ ਪ੍ਰਮਾਣਿਤ ਪਾਵਨ ਬੀੜ ਸਿੱਖ ਸੰਗਤਾਂ ਨੂੰ ਦੇਣ ਲਈ ਪ੍ਰੇਰਿਤ ਕਰਦੀ ਹੈ। ਕਿਤਾਬ ਨੂੰ ਲੇਖਕ ਨੇ 7 ਭਾਗਾਂ ਵਿਚ ਵੰਡਿਆ ਹੈ, ਪਹਿਲੇ ਅਧਿਆਇ ਵਿਚ ਗਾਥਾ : ਧਰਮ ਗ੍ਰੰਥਾਂ ਦੀ ਲਿਖਤੀ ਪਰੰਪਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇਸ਼ ਸਥਾਨ ਦੀ, ਦੂਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਤੇ ਛਪਾਈ ਦੀ, ਤੀਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤੀ ਪੁਰਾਤਨ ਬੀੜਾਂ ਦੇ ਖੋਜ ਦੀ, ਚੌਥੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੀ ਪੈਦਾਇਸ਼ ਤੇ ਸੋਧ-ਸੁਧਾਈ ਦੀ, ਪੰਜਵੇਂ ਅਧਿਆਇ ਵਿਚ ਪਾਵਨ ਬੀੜ ਦੀ ਸ਼ੁੱਧ ਛਪਾਈ ਲਈ ਸ਼੍ਰੋਮਣੀ ਕਮੇਟੀ ਦੇ ਖੋਜ ਕਾਰਜਾਂ ਦੀ, ਛੇਵੇਂ ਅਧਿਆਇ ਵਿਚ ਪਾਠ-ਭੇਦ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਸਤਵੇਂ ਅਧਿਆਇ ਵਿਚ ਪਾਠ-ਭੇਦ ਗੁਰਬਾਣੀ ਪਾਠ ਦਰਸ਼ਨ ਦਰਜ਼ ਹੈ। ਕਿਤਾਬ ਦੇ ਮੁੱਖ ਪੰਨੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਮੰਨੀ ਜਾਂਦੀ ਸਨਹਿਰੀ ਬੀੜ (ਦਮਦਮੀ) ਦਾ ਹੈ, ਜੋ ਹੁਣ ਦਰਸ਼ਨੀ ਡਿਊਢੀ ਵਾਲੇ ਤੋਸ਼ੇਖਾਨੇ ਵਿਚ ਸੁਰੱਖਿਅਤ ਹੈ। ਇਸੇ ਤਰ੍ਹਾਂ ਕਿਤਾਬ ਦੇ ਅਖਰੀਲੇ ਪੰਨਿਆਂ ਵਿਚ ਵੱਖ-ਵੱਖ ਬੀੜਾਂ ਦੇ 53 ਫੋਟੋ ਚਿੱਤਰ ਹਵਾਲੇ ਸਹਿਤ ਪ੍ਰਕਾਸ਼ਤ ਕੀਤੇ ਗਏ ਹਨ। ਅੰਤਿਕਾ 'ਚ ਵਿਦਵਾਨਾਂ ਆਧਾਰਿਤ ਬਣੀ ਕਮੇਟੀ ਦੀ ਰਿਪੋਰਟ ਵੀ ਦਰਜ਼ ਹੈ।

ਵਿਸ਼ਵ ਧਰਮ ਗ੍ਰੰਥ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਗਟੀਕਰਨ ਬਗ਼ੈਰ ਕਿਸੇ ਮਿੱਥ, ਅਤਾਰਕਿਕ ਅਤੇ ਰਹੱਸ ਦੇ ਸਾਡੇ ਸਾਹਮਣੇ ਜਿਸ ਪ੍ਰਕਾਰ ਆਉਂਦਾ ਹੈ, ਉਸ ਨੂੰ ਵੇਖਦੇ ਹੋਏ ਇਹ ਗੱਲ ਕਰਨੀ ਸੁਭਾਵਿਕ ਹੋ ਜਾਂਦੀ ਹੈ। ਸਿੱਖਾਂ ਲਈ ਇਹ ਸਮੱਸਿਆ ਇਸ ਲਈ ਵੀ ਵੱਡੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਦੇ ਉਨ੍ਹਾਂ ਕੋਲ ਇੱਕ ਜਾਂ ਦੋ ਨਹੀਂ, ਕਈ ਸਾਰੇ ਉਹ ਪ੍ਰਮਾਣ ਹਨ। ਇਸ ਦੇ ਵੀ ਕਈ ਕਾਰਨ ਹਨ, ਜੋ ਅਸੀਂ ਹੱਥਲੀ ਕਿਤਾਬ ਵਿਚ ਦੇਖਾਂਗੇ। ਗਿਆਨੀ ਜਗਤਾਰ ਸਿੰਘ ਜਾਚਕ ਪਿਛਲੇ ਕਈ ਦਹਾਕਿਆਂ ਤੋਂ ਇਸ ਕਾਰਜ ਵਿਚ ਲੱਗੇ ਹੋਏ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਅਜਿਹਾ ਸਰੂਪ ਸਾਡੇ ਸਾਹਮਣੇ ਹੋਏ, ਜੋ ਨਾ ਸਿਰਫ਼ ਸ਼ਬਦ-ਜੋੜ ਤੇ ਲਗ-ਮਾਤਰੀ ਰੂਪ ਵਿਚ ਆਪਣੇ ਮੌਲਿਕ ਸਰੂਪ ਨੂੰ ਪ੍ਰਗਟ ਕਰੇ, ਬਲਕਿ ਜਿਸ ਦੀ ਪਹੁੰਚ ਜਨ-ਸਾਧਾਰਨ ਤੱਕ ਵੀ ਆਸਾਨੀ ਨਾਲ ਹੋਏ। ਇਹ ਗੱਲ ਤਾਂ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਾ ਬੀੜ ਅੰਦਰ ਲਿਖਤ ਦੀ ਮੌਲਿਕਤਾ ਖੰਡਿਤ ਹੋਈ ਹੈ। ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਹੱਥ-ਲਿਖਤ ਬੀੜਾਂ ਨਾਲੋਂ ਨਾ ਸਿਰਫ਼ ਲਗ-ਮਾਤਰੀ, ਬਲਕਿ ਸ਼ਾਬਦਿਕ ਵੱਖਰੇਵੇਂ ਵੀ ਵੱਡੀ ਮਾਤਰਾ ਵਿਚ ਪਾਏ ਜਾਂਦੇ ਹਨ। ਇਸ ਕਾਰਜ ਨੂੰ ਜਿੱਥੇ ਦਮਦਮੀ ਟਕਸਾਲ ਨੇ ਗੁਰਬਾਣੀ ਪਾਠ ਦਰਸ਼ਨ ਰਾਹੀਂ ਸਵੀਕਾਰਿਆ ਹੈ, ਉੱਥੇ ਹੀ ਸ਼੍ਰੋਮਣੀ ਕਮੇਟੀ ਤੇ ਹੋਰਨਾਂ ਧਿਰਾਂ ਨੇ ਪਾਠ-ਭੇਦਾਂ ਦੀ ਸੂਚੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ ਜ਼ਰੂਰੀ ਵਾਕਫ਼ੀਅਤ ਆਦਿ ਪ੍ਰਕਾਸ਼ਿਤ ਕੰਮਾਂ ਰਾਹੀਂ ਮਾਨਤਾ ਦਿੱਤੀ ਹੈ।


ਅਸ਼ੁੱਧੀਆਂ ਹੱਥ-ਲਿਖਤ, ਪੱਥਰ ਛਾਪਾ ਤੇ ਪ੍ਰਿੰਟ ਤਿੰਨਾਂ ਤਰ੍ਹਾਂ ਦੇ ਸਰੂਪਾਂ ਵਿਚ ਮਿਲਦੀਆਂ ਹਨ। ਫਿਰ ਇਸ ਗੱਲ ਦਾ ਕੀ ਅਰਥ ਰਹਿ ਜਾਂਦਾ ਹੈ ਕਿ ਅਸ਼ੁੱਧੀਆਂ ਦਾ ਵੱਡਾ ਕਾਰਨ ਸਿਰਫ਼ ਪਦ-ਛੇਦ ਸਰੂਪ ਹਨ ? ਮਸਲਾ ਇਹ ਹੈ ਕਿ ਇਨ੍ਹਾਂ ਨੂੰ ਹੁਣ ਦੂਰ ਕਿਵੇਂ ਕੀਤਾ ਜਾਏ। ਗੁਰਬਾਣੀ ਵਿਚੋਂ ਇਹ ਅਸ਼ੁੱਧੀਆਂ ਦੂਰ ਕਰਨ ਦਾ ਮਸਲਾ ਹੀ ਦਰਅਸਲ ਕਈ ਸਮੱਸਿਆਵਾਂ ਦੀ ਜੜ੍ਹ ਹੈ। ਭੰਗਤਾ ਕੇਂਦਰ ਵਿਚ ਨਹੀਂ, ਬਲਕਿ ਉਸ ਦੇ ਭੌਤਿਕ ਸਰੂਪ ਵਿਚ ਹੈ। ਇਹ ਮਸਲਾ ਬੜਾ ਪੇਚੀਦਾ ਹੈ। ਇਹ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਾਰੇ ਧਰਮਾਂ ਲਈ ਕਦੀ ਨਾ ਕਦੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੋਇਆ ਹੈ।

ਗਿਆਨੀ ਜਗਤਾਰ ਸਿੰਘ ਜਾਚਕ ਹੁਰਾਂ ਕਿਤਾਬ ਵਿਚ ਧਰਮ ਗ੍ਰੰਥ ਪਰੰਪਰਾ ਅਤੇ ਭੌਤਿਕ ਸਰੂਪ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਇਤਿਹਾਸ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਨਾਲ ਇੱਕ ਬੱਝਵਾਂ ਸੰਵਾਦ ਵੀ ਸਿਰਜਿਆ ਹੈ। ਗਿਆਨੀ ਜਗਤਾਰ ਸਿੰਘ ਜਾਚਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਸਿੱਖਿਆ ਪ੍ਰਾਪਤ ਕਰ ਕੇ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਆਪ ਨੂੰ ਕੁਝ ਸਮੇਂ ਲਈ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਵਜੋਂ ਵੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਆਪ ਨੇ ਡੂੰਘੇ ਅਧਿਐਨ, ਸਿਦਕ-ਸਾਧਨਾ ਤੇ ਅਭਿਆਸ ਨਾਲ ਗੁਰੂ ਨਾਨਕ ਪਾਤਿਸ਼ਾਹ ਦੇ ਨਿਰਮਲ ਉਪਦੇਸ਼ਾਂ ਦੀ ਵਿਆਖਿਆ ਕਰਨ ਵਿਚ ਚੋਖੀ ਮੁਹਾਰਤ ਹਾਸਲ ਕਰ ਲਈ ਹੈ, ਜੋ ਹਰ ਵਰਗ ਦੇ ਸਰੋਤੇ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੀ ਹੈ। ਗੁਰਬਾਣੀ ਅਰਥ-ਬੋਧ, ਉਚਾਰਣ, ਗੁਰ-ਇਤਿਹਾਸ, ਤੱਤ ਗੁਰਮਤੀ ਫ਼ਲਸਫ਼ੇ ਅਤੇ ਚਲੰਤ ਪੰਥਕ ਮੁੱਦਿਆਂ ਬਾਰੇ ਆਪ ਦੇ ਅਨੇਕਾਂ ਖੋਜ ਭਰਪੂਰ ਤੇ ਸੰਤੁਲਿਤ ਲੇਖ ਦੇਸ਼-ਵਿਦੇਸ਼ ਦੇ ਰਸਾਲਿਆਂ ਆਦਿ ਵਿਚ ਛਪ ਚੁੱਕੇ ਹਨ। ਡਾ. ਪਰਮਿੰਦਰ ਸਿੰਘ ਸ਼ੌਕੀ ਦੀ ਭੂਮਿਕਾ ਅਤੇ ਸ. ਗਗਨਦੀਪ ਸਿੰਘ ਦਾ ਧੰਨਵਾਦ ਪੁਸਤਕ ਸਾਰੇ ਪੱਖਾਂ ਨੂੰ ਉਘੇੜ ਦੇਂਦੇ ਸਨ। ਉਮੀਦ ਹੈ ਇਸ ਕਿਤਾਬ ਦਾ ਸਿੱਖ ਜਗਤ ਭਰਪੂਰ ਸਵਾਗਤ ਕਰੇਗਾ ਤੇ ਇਹ ਕਿਤਾਬ ਬਹੁਤ ਸਾਰੀਆਂ ਉਲਝੀਆਂ ਤੰਦਾਂ ਨੂੰ ਸਮੇਟਣ ਵਿਚ ਸਾਨੂੰ ਸਫਲਤਾ ਪ੍ਰਦਾਨ ਕਰਾਏਗੀ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic





Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M





Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



## ਫਤਹਿ ਦਿਵਸ ਕਿਲ੍ਹਾ ਗੁ. ਲੋਹਗੜ੍ਹ ਸਾਹਿਬ ਅੰਮ੍ਰਿਤਸਰ 'ਤੇ ਵਿਸ਼ੇਸ਼

# ਸਿੱਖਾਂ ਤੇ ਮੁਗਲਾਂ ਦਾ ਪਹਿਲਾ ਯੁੱਧ





ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲUSA



ਗੁਰੂ ਅਰਜਨ ਦੇਵ ਜੀ ਜੇਠ ਸੁਦੀ ਚੌਥ, ਸੰਮਤ 1663 ਬਿ. ਮੁਤਾਬਕ 30 ਮਈ, 1606 ਈ. ਨੂੰ ਸ਼ਹੀਦ ਹੋ ਗਏ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਲਹਿਰ ਲਈ ਇੱਕ ਬਹੁਤ ਵੱਡੀ ਚੁਣੌਤੀ ਸੀ। ਬਾਲ ਹਰਿਗੋਬਿੰਦ ਨੇ ਇਸ ਚੁਣੌਤੀ ਨੂੰ ਮਨਜ਼ੂਰ ਕੀਤਾ। ਮਨਜ਼ੂਰ ਕਰਨ ਦੇ ਪ੍ਰਤੀਕ ਵਜੋਂ ਬਾਲ ਹਰਗੋਬਿੰਦ ਨੇ ਆਪਣਾ ਗੁਰਿਆਈ ਤਿਲਕ ਤਖਤ ਉਪਰ ਬੈਠ ਕੇ ਧਾਰਨ ਕੀਤਾ। ਤਖਤ ਉਪਰ ਬੈਠ ਕੇ ਗੁਰਿਆਈ ਤਿਲਕ ਧਾਰਨ ਕਰਨ ਦਾ ਭਾਵ ਸੀ ਕਿ ਹਕੂਮਤ ਦੀ ਕਾਰਵਾਈ ਦਾ ਜਵਾਬ ਉਸ ਦੀ ਆਪਣੀ ਹੀ ਬੋਲੀ ਵਿਚ ਦਿੱਤਾ ਜਾਵੇ। ਜੇ ਹਕੂਮਤ ਨੇ ਇਹ ਸੋਚਿਆ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖ ਲਹਿਰ ਦੱਬ ਜਾਵੇਗੀ, ਤਾਂ ਗੁਰੂ ਹਰਿਗੋਬਿੰਦ ਦਾ ਜਵਾਬ ਸੀ ਕਿ ਅੱਗੇ ਤੋਂ ਸਿੱਖ ਲਹਿਰ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿੱਖ ਸਮਾਜ ਦੇ ਆਤਮ ਨਿਰਣੈ ਦੀ ਸ਼ਕਤੀ ਵੀ ਧਾਰਨ ਕਰੇਗੀ। ਇਸ ਆਤਮ ਨਿਰਣੈ ਦੀ ਸ਼ਕਤੀ ਨੂੰ ਦੋ ਕਿਰਪਾਨਾਂ ਧਾਰਨ ਕਰਕੇ ਦਰਸਾਇਆ ਗਿਆ ਸੀ। ਇੱਕ ਕਿਰਪਾਨ ਧਾਰਮਿਕ ਸ਼ਕਤੀ ਦੀ ਅਤੇ ਦੂਜੀ ਆਤਮ ਨਿਰਣੈ ਦੀ। ਇਸ ਨੂੰ ਸਿੱਖ ਸ਼ਬਦਾਵਲੀ ਵਿਚ ਮੀਰੀ ਅਤੇ ਪੀਰੀ ਦਾ ਧਾਰਨ ਕਰਨਾ ਦੱਸਿਆ ਗਿਆ ਹੈ। ਇਸ ਮਨੋਰਥ ਨੂੰ ਦੋ ਕਿਰਪਾਨਾਂ ਤੋਂ ਇਲਾਵਾ ਕੁਝ ਹੋਰ ਚਿੰਨ੍ਹ ਵੀ ਦਰਸਾ ਰਹੇ ਸਨ। ਜਿਵੇਂ ਕਿ ਸੀਸ ਉਪਰ ਕਲਗੀਆਂ ਵਾਲੀ ਪੱਗ ਪਹਿਨਣਾ, ਸੀਸ ਉਪਰ ਛੱਤਰ ਝੁਲਾਉਣਾ, ਹਥਿਆਰਬੰਦ ਸਿੱਖ ਘੋੜ-ਸੁਆਰ ਖੜ੍ਹੇ ਕਰਨਾ, ਨਗਾਰਾ ਬਜਾਉਣਾ, ਅਕਾਲ ਤਖਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਆਦਿ।

ਸਿਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਕਾਫੀ ਮੱਤਭੇਦ ਹਨ। ਗਿਆਨੀ ਗਿਆਨ ਸਿੰਘ ਇਸ ਦੀ ਸਥਾਪਨਾ ਪੰਜ ਹਾੜ, ਸੰਮਤ 1666 ਬਿ. ਮੁਤਾਬਕ ਮਈ, 1909 ਈ. ਨੂੰ ਹੋਈ ਮੰਨਦਾ ਹੈ। ਗਿਆਨੀ ਲਾਲ ਸਿੰਘ ਸਥਾਪਨਾ ਦਾ ਸਾਲ ਸੰਨ 1608 ਈ. ਦਾ ਦੱਸਦਾ ਹੈ। ਭਾਈ ਕਾਨ੍ਹ ਸਿੰਘ ਨਾਭਾ 1608 ਈ. ਲਿਖਦੇ ਹਨ। ਤੇਜਾ ਸਿੰਘ ਗੰਡਾ ਸਿੰਘ 1609 ਈ. ਦਾ ਸਾਲ ਲਿਖਦੇ ਹਨ। ਪਰ ਇਨ੍ਹਾਂ ਵਿਚੋਂ ਕੋਈ ਵੀ ਸਾਲ ਦਰੁੱਸਤ ਨਹੀਂ ਹੈ ਕਿਉਂਕਿ ਕਿਸੇ ਵੀ ਲੇਖਕ ਜਾਂ ਇਤਿਹਾਸਕਾਰ ਨੇ ਆਪਣੇ ਵੱਲੋਂ ਦਿੱਤੇ ਗਏ ਸੰਨ ਸੰਮਤ ਦਾ ਕੋਈ ਆਧਾਰ ਨਹੀਂ ਦਿੱਤਾ। ਗੁਰਬਿਲਾਸ ਛੇਵੀਂ ਪਾਤਸ਼ਾਹੀ, ਜੋ ਗੁਰਮੁਖੀ ਦੀ ਮੁੱਢਲੀ ਲਿਖਤ ਹੈ, ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਹਾੜ ਸੁਦੀ ਪੰਚਮੀ, ਸੰਮਤ 1763 ਬਿ. ਮੁਤਾਬਕ 15 ਜੂਨ, 1606 ਈ. ਵਿਚ ਹੋਈ ਦੱਸੀ ਗਈ ਹੈ। ਅਜੇ ਤੱਕ ਇਸ ਲਿਖਤ ਤੋਂ ਵੱਧ ਭਰੋਸੇਯੋਗ ਲਿਖਤ ਕੋਈ ਹੋਰ ਨਹੀਂ ਮਿਲੀ, ਜਿਹੜੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਬਾਰੇ ਇਸ ਤਰ੍ਹਾਂ ਪੂਰੀ ਸਪੱਸ਼ਟਤਾ ਨਾਲ ਚਾਨਣਾ ਪਾਉਂਦੀ ਹੋਵੇ। ਇਸ ਲਈ ਇਸ ਵਿਚ ਦਿੱਤੀ ਗਈ ਮਿਤੀ ਨੂੰ ਠੀਕ ਮੰਨਿਆ ਗਿਆ ਹੈ। ਇਸ ਮਹਾਨ ਸੰਸਥਾ ਦੀ ਨੀਂਹ ਰੱਖਣ ਦੀ ਰਸਮ ਅਤੇ ਇਸ ਸਾਰੀ ਉਸਾਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਹੀ ਕੀਤੀ। ਉਨ੍ਹਾਂ ਨਾਲ ਸਹਾਇਤਾ ਕਰਨ ਵਾਲੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਨ। ਕਿਸੇ ਮਿਸਤਰੀ ਜਾਂ ਕਾਰੀਗਰ ਤੋਂ ਇਸ ਦੀ ਉਸਾਰੀ ਨਹੀਂ ਕਰਵਾਈ ਗਈ।

ਰਵਾਇਤ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀਆਂ ਅੰਤਮ ਰਸਮਾਂ (ਭੋਗ) ਅਦਾ ਕੀਤੀਆਂ ਜਾਣੀਆਂ ਸਨ, ਤਾਂ ਉਸ ਸਮੇਂ ਹੀ ਬਾਲ ਹਰਿਗੋਬਿੰਦ ਨੂੰ ਗੁਰਿਆਈ ਤਿਲਕ ਲਗਾਇਆ ਜਾਣਾ ਸੀ। ਗੁਰਿਆਈ ਤਿਲਕ ਦੀ ਤਿਆਰੀ ਲਈ, ਬਾਲ ਹਰਿਗੋਬਿੰਦ ਜੀ ਦੀਆਂ ਹਦਾਇਤਾਂ ਮੁਤਾਬਕ ਇੱਕ ਉੱਚੇ ਥੜ੍ਹੇ ਦੀ ਸਥਾਪਨਾ ਕੀਤੀ ਗਈ। ਹਦਾਇਤਾਂ ਸਨ ਕਿ ਗੁਰਿਆਈ ਤਿਲਕ ਤਖਤ ਉੱਪਰ ਬੈਠ ਕੇ ਅਤੇ ਸ਼ਾਹੀ ਪ੍ਰੰਪਰਾਵਾਂ ਨਾਲ ਮਿਲਦੀਆਂ-ਜੁਲਦੀਆਂ ਰਸਮਾਂ ਅਪਣਾ ਕੇ ਹੀ ਧਾਰਨ ਕਰਨਾ ਹੈ, ਤਾਂ ਕਿ ਹਕੂਮਤ ਨੂੰ ਉਸ ਦੇ ਆਪਣੇ ਵੱਲੋਂ ਦਿੱਤੀ ਗਈ ਚੁਣੌਤੀ ਦਾ ਪੂਰਾ-ਪੂਰਾ ਉੱਤਰ ਦਿੱਤਾ ਜਾ ਸਕੇ। ਇਸ ਥੜ੍ਹੇ ਦਾ ਨਾਂ ਰੱਖਿਆ ਗਿਆ, ਸ੍ਰੀ ਅਕਾਲ ਤਖਤ ਸਾਹਿਬ। ਇਸ ਨੂੰ ਦੂਜੇ ਅਰਥਾਂ ਵਿਚ ਦੁਨਿਆਵੀ ਤਖਤਾਂ ਦੇ ਮੁਕਾਬਲੇ ਲੋਕ ਸ਼ਕਤੀ ਦਾ ਪ੍ਰਤੀਕ ਅਤੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਦਾ ਪ੍ਰਤੀਕ ਤਖਤ ਸਮਝਿਆ ਗਿਆ ਸੀ।

ਇਸ ਤਖਤ ਉੱਪਰ ਬੈਠ ਕੇ ਸਭ ਤੋਂ ਪਹਿਲਾ ਐਲਾਨ ਇਹ ਕੀਤਾ ਗਿਆ ਕਿ ਜੋ ਵੀ ਸਿੱਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਵੇ, ਉਹ ਹਥਿਆਰਬੰਦ ਅਤੇ ਘੋੜਸੁਆਰ ਹੋ ਕੇ ਹੀ ਆਵੇ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਛੇਤੀ ਹੀ ਸੈਂਕੜਿਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਸਮੁੱਚੇ ਹਥਿਆਰਬੰਦ ਸਿੱਖਾਂ ਨੂੰ ਚਾਰ ਜੱਥਿਆਂ ਵਿਚ ਜੱਥੇਬੰਦ ਕੀਤਾ ਗਿਆ। ਇਨ੍ਹਾਂ ਚਾਰ ਜੱਥਿਆਂ ਦੇ ਜਥੇਦਾਰ ਸਨ : ਭਾਈ ਬਿਧੀ ਚੰਦ, ਪੈਂਦੇ ਖਾਂ, ਭਾਈ ਪਿਰਾਨਾ ਅਤੇ ਭਾਈ ਜੇਠਾ। ਕੁਝ ਲਿਖਤਾਂ ਵਿਚ ਇਨ੍ਹਾਂ ਜੱਥਿਆਂ ਦੀ ਗਿਣਤੀ ਪੰਜ ਦੱਸੀ ਗਈ ਹੈ। ਪੰਜਵੇਂ ਜੱਥੇ ਦੀ ਜੱਥੇਦਾਰੀ ਭਾਈ ਲੰਗਾਹਾ ਕੋਲ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜਿਹੜੇ ਧਾਰਨ ਕੀਤੀਆਂ ਗਈਆਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਵਾਂਗ ਹੀ ਅਧਿਆਤਮਿਕ ਅਤੇ ਸੰਸਾਰਿਕ ਸ਼ਕਤੀ ਦੀ ਸੁਮੇਲਤਾ ਅਤੇ ਅੰਤਰ ਸੰਬੰਧਤਾ ਦੇ ਪ੍ਰਤੀਕ ਸਨ। ਸਿੱਖ ਸੰਗਤਾਂ ਦੇ ਸਵੇਰੇ-ਸ਼ਾਮ ਦਰਬਾਰ ਲਗਾਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਦਰਬਾਰਾਂ ਵਿਚ ਸਿੱਖਾਂ ਦੇ ਆਪਣੇ ਮਸਲੇ ਸੁਣੇ ਜਾਂਦੇ ਸਨ ਅਤੇ ਨਿਬੇੜੇ ਜਾਂਦੇ ਸਨ, ਬੀਰ-ਰਸ ਭਰਪੂਰ ਵਾਰਾਂ ਸੁਣਾਈਆਂ ਜਾਂਦੀਆਂ। ਬਾਹਰਲੇ ਰਾਜਿਆਂ ਮਹਾਰਾਜਿਆਂ ਵੱਲੋਂ ਭੇਜੇ ਗਏ ਦੂਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਜਾਂਦਾ ਅਤੇ ਸਿੱਖਾਂ ਨੂੰ ਜ਼ੁਲਮ ਅਤੇ ਜਬਰ ਦੇ ਖਿਲਾਫ਼ ਡੱਟਣ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਸਰਵਉੱਚ ਨੇਤਾ ਦੇ ਰੂਪ ਵਿਚ ਸਾਹਮਣੇ ਆਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦਾ ਸਰਵਉੱਚ ਅਦਾਲਤੀ ਅਸਥਾਨ ਬਣ ਕੇ ਸਾਹਮਣੇ ਆਇਆ। ਇਸ ਨਾਲ ਸਿੱਖ ਜਗਤ ਦੇ ਮਨਾਂ ਵਿਚ ਆਤਮ ਸ਼ਾਸਨ ਦਾ ਗਿਆਨ ਹੋਣਾ ਸ਼ੁਰੂ ਹੋ ਗਿਆ ਅਤੇ ਦਿੱਲੀ ਤਖ਼ਤ ਦੇ ਮੁਕਾਬਲੇ 'ਤੇ ਇੱਕ ਵਿਸ਼ੇਸ਼ ਕਿਸਮ ਦੀ ਰਾਜਨੀਤਿਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ। ਉਨੀਵੀਂ ਸਦੀ ਦੇ ਇੱਕ ਗੁਰਮੁਖੀ ਲਿਖਤ ਦੇ ਲੇਖਕ ਵੀਰ ਸਿੰਘ ਬਲ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਲੀ ਅਤੇ ਲਾਹੌਰ ਦੇ ਤਖ਼ਤਾਂ ਦੀ ਸ਼ਕਤੀ ਨੂੰ ਰੱਦ ਕਰਕੇ ਅੰਮ੍ਰਿਤਸਰ ਵਿਖੇ ਇੱਕ ਨਿਰਮੋਰ ਤਖਤ ਦੀ ਸਥਾਪਨਾ ਕੀਤੀ। ਭਾਵੇਂ ਇਸ ਕਥਨ ਨੂੰ ਇੰਨ-ਬਿੰਨ ਅਰਥਾਂ ਵਿਚ ਨਾ ਵੀ ਲਿਆ ਜਾਵੇ ਪਰ ਇਸ ਨਾਲ ਸਿੱਖ ਹਿਰਦਿਆਂ ਵਿਚ ਆਈ ਇੱਕ ਵਿਸ਼ੇਸ਼ ਕਿਸਮ ਦੀ ਚੇਤੰਨਤਾ ਦਾ ਪ੍ਰਗਟਾਵਾ ਜ਼ਰੂਰ ਹੋਇਆ।

ਅੰਮ੍ਰਿਤਸਰ ਨਗਰ ਦੀ ਚਹੁੰ-ਤਰਫੋਂ ਕਿਲਾਬੰਦੀ ਕੀਤੀ ਗਈ, ਤਾਂ ਕਿ ਕੋਈ ਗੁਰੂ ਗਰ ਦਾ ਦੋਖੀ ਨਗਰ ਉਪਰ ਅਚਾਨਕ ਹਮਲਾ ਨਾ ਕਰ ਸਕੇ। ਲੋਹਗੜ੍ਹ ਨਾਮੀ ਇੱਕ ਕਿਲ੍ਹਾ ਤਿਆਰ ਕੀਤਾ ਗਿਆ, ਜਿੱਥੇ ਗੁਰੂ ਜੀ ਦੇ ਘੋੜ ਸੁਆਰ ਸਿੱਖ ਰਿਹਾ ਕਰਦੇ ਸਨ। ਇਹ ਸਭ ਤਿਆਰੀਆਂ ਗੁਰਿਆਈ ਤਿਲਕ ਧਾਰਨ ਕਰਨ ਦੇ ਤੁਰੰਤ ਬਾਅਦ ਹੀ ਕੀਤੀਆਂ ਗਈਆਂ ਸਨ।

1628 ਈ. ਵਿਚ ਇੱਕ ਦਿਨ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡ ਰਿਹਾ ਸੀ। ਗੁਮਟਾਲਾ ਦੇ ਸਥਾਨ 'ਤੇ ਉਸ ਦਾ ਇੱਕ ਮਨਪਸੰਦ ਬਾਜ਼ ਭੁੱਲ ਕੇ ਦੂਰ ਚਲਾ ਗਿਆ ਅਤੇ ਸਿੱਖਾਂ ਦੀ ਸ਼ਿਕਾਰ ਖੇਡਣ ਵਾਲੀ ਇੱਕ ਟੋਲੀ ਦੇ ਹੱਥ ਆ ਗਿਆ। ਉਨ੍ਹਾਂ ਨੇ ਇਹ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਜਿਹੜੇ ਇਹ ਬਾਜ਼ ਲੈਣ ਆਏ ਸਨ, ਸਿੱਖ ਉਨ੍ਹਾਂ ਨੂੰ ਪਛਾਣਦੇ ਨਹੀਂ ਸਨ। ਉਹ ਆਪਸ ਵਿਚ ਖਹਿਬੜਨ ਤੋਂ ਬਾਅਦ ਹੱਥੋਂ ਪਾਈ ਹੋ ਗਏ, ਜਿਸ ਕਾਰਨ ਸ਼ਾਹੀ ਦਲ ਮਾਰ ਖਾ ਕੇ ਵਾਪਸ ਚਲਾ ਗਿਆ ਅਤੇ ਉਨ੍ਹਾਂ ਨੇ ਬਾਦਸ਼ਾਹ ਨੂੰ ਸਾਰੀ ਵਿਥਿਆ ਜਾ ਸੁਣਾਈ। ਮੁਖਲਿਸ ਖ਼ਾਂ ਦੀ ਕਮਾਨ ਵਿਚ ਇੱਕ ਫ਼ੌਜੀ ਟੋਲੀ ਗੁਰੂ ਜੀ ਨੂੰ ਫੜਨ ਅਤੇ ਲਾਹੌਰ ਲਿਆਉਣ ਲਈ ਭੇਜੀ ਗਈ। ਇਹ ਯੁੱਧ ਦਾ ਆਰੰਭ ਸੀ।

ਲਾਹੌਰ ਤੋਂ ਅਚਾਨਕ ਅਤੇ ਅਵੇਸਲਾ ਹਮਲਾ ਕੀਤਾ ਗਿਆ ਸੀ। ਇਸ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਗੁਰੂ ਜੀ ਉਸ ਵੇਲੇ ਆਪਣੀ ਧੀ ਦੇ ਵਿਆਹ ਦੀ ਤਿਆਰੀ ਵਿਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਪਾਸ ਲੜਾਈ ਲਈ ਕੋਈ ਦਾਰੂ-ਸਿੱਕਾ ਨਹੀਂ ਸੀ। ਇੱਕ ਡਿੱਗੇ ਹੋਏ ਦਰੱਖਤ ਦੇ ਤਣੇ ਵਿਚਲੇ ਖੋੜ੍ਹ ਤੋਂ ਆਰਜ਼ੀ ਤੌਰ 'ਤੇ ਇੱਕ ਤੋਪ ਬਣਾਉਣੀ ਪਈ ਸੀ। ਇਹ ਤੋਪ ਗੁਰਦੁਆਰਾ ਲੋਹਗੜ੍ਹ ਸਾਹਿਬ ਜੋ ਕਿ ਲੋਹਗੜ੍ਹ ਗੇਟ ਅੰਮ੍ਰਿਤਸਰ ਵਿਚ ਅਜੇ ਵੀ ਮੌਜੂਦ ਹੈ। ਇਹ ਲੜਾਈ ਉਸ ਥਾਂ 'ਤੇ ਹੋਈ, ਜਿੱਥੇ ਅੱਜਕੱਲ੍ਹ ਖਾਲਸਾ ਕਾਲਜ ਬਣਿਆ ਹੋਇਆ ਹੈ। ਗੁਰੂ ਜੀ ਦਾ ਸਾਮਾਨ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਗਈ ਪਰ ਜਦੋਂ ਝੜਪ ਵਿਚ ਮੁਖ਼ਲਿਸ ਖ਼ਾਂ ਮਾਰਿਆ ਗਿਆ, ਤਾਂ ਮੁਗ਼ਲ ਸੈਨਾ ਦੁਰਗਤੀ ਦੀ ਹਾਲਤ ਵਿਚ ਮੁੜ ਗਈ।

ਗੁਰੂ ਜੀ ਝਬਾਲ ਨੂੰ ਚਲੇ ਗਏ, ਜਿਹੜਾ ਅੰਮ੍ਰਿਤਸਰ ਦੇ ਦੱਖਣ-ਪੱਛਮ ਵਿਚ ਕੋਈ ਅੱਠ ਮੀਲਾਂ ਦੀ ਦੂਰੀ 'ਤੇ ਹੈ। ਉਥੇ ਜਾ ਕੇ ਉਨ੍ਹਾਂ ਨੇ ਆਪਣੀ ਸਪੁੱਤਰੀ ਦੇ ਵਿਆਹ ਦੀ ਰਸਮ ਅਦਾ ਕੀਤੀ। ਗੁਰੂ ਜੀ ਦੇ ਸਿੱਖਾਂ ਵੱਲੋਂ ਜੋ ਸਿੱਖ ਸ਼ਹੀਦ ਹੋਏ ਸਨ, ਉਨ੍ਹਾਂ ਦੀ ਗਿਣਤੀ ਤੇਰ੍ਹਾਂ ਦੱਸੀ ਗਈ ਹੈ ਅਤੇ ਇਨ੍ਹਾਂ ਦੇ ਨਾਂ ਇਉਂ ਹਨ: ਭਾਈ ਨੰਦ ਜੀ, ਭਾਈ ਜੈਤਾ ਜੀ, ਭਾਈ ਪਿਰਾਣਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਂਈ ਦਾਸ, ਭਾਈ ਪੈੜਾ, ਭਾਈ ਭਗਤ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖ਼ਤ, ਭਾਈ ਮੋਹਨ ਅਤੇ ਭਾਈ ਗੋਪਾਲ ਜੀ।

ਜਿਥੇ ਬਾਜ ਗੁਰੂ ਜੀ ਦੀ ਸ਼ਰਨ ਆਇਆ ਸੀ, ਉਥੇ ਅੱਜਕੱਲ੍ਹ ਗੁਰਦਆਰਾ ਪਲਾਹ ਸਾਹਿਬ ਹੈ, ਜਿਥੇ ਹਰ ਸਾਲ ਜੋੜ ਮੇਲਾ ਲੱਗਦਾ ਹੈ। ਇਹ ਗੁਰਦੁਆਰਾ ਪਿੰਡ ਖੈਰਾਂਬਾਦ ਦੇ ਬਿਲਕੁਲ ਨਾਲ ਹੈ ਤੇ ਗੁਮਟਾਲਾ ਪਿੰਡ ਦੇ ਵੀ ਨੇੜੇ ਹੈ। ਕਿਲ੍ਹਾ ਲੋਹਗੜ੍ਹ ਸਾਹਿਬ ਪਹਿਲਾਂ ਕਾਇਮ ਸੀ। ਬਾਕੀ ਇਤਿਹਾਸਿਕ ਗੁਰਦੁਆਰਿਆਂ ਵਾਂਗ ਇਹ ਵੀ ਕਾਰਸੇਵਾ ਵਾਲੇ ਬਾਬਿਆਂ ਦੀ ਭੇਟ ਚੜ੍ਹ ਗਿਆ ਹੈ ਤੇ ਆਪਣੀ ਵੱਖਰੀ ਪਛਾਣ ਗੁਆ ਚੁੱਕਾ ਹੈ। ਇੱਥੇ ਵੀ ਹਰ ਸਾਲ ਜੋੜ ਮੇਲਾ ਮਨਾਇਆ ਜਾਂਦਾ ਹੈ।

**ਹਵਾਲਾ ਪੁਸਤਕਾਂ**: 1. ਸਿੱਖ ਇਤਿਹਾਸ (1469-1765), ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ, ਅਨੁਵਾਦਕ ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2006, ਪੰਨੇ 41, 42

2. ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708 ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012, ਪੰਨੇ 116-123

## ਦਰਵੇਸ਼ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਜੀ ਦੇ ਅਕਾਲ ਚਲਾਣੇ 'ਤੇ ਵਿਸ਼ੇਸ਼

# ਇਕ ਬਹੁਭਾਸ਼ੀ ਸ਼੍ਰੋਮਣੀ ਲੋਕ ਕਵੀ ਜਨਾਬ ਆਜ਼ਾਦ ਜਲੰਧਰੀ

ਪ੍ਰਮਿੰਦਰ ਸਿੰਘ ਪ੍ਰਵਾਨਾ
ਕੈਲੀਫੋਰਨੀਆ (ਯੂ.ਐੱਸ.ਏ.)
ਫੋਨ ਨੰਬਰ : 510-415-9377
ਪੰਜਾਬ ਮੇਲ USA



ਪੰਜਾਬ ਦੀ ਧਰਤੀ ਪੀਰਾਂ, ਪੈਗੰਬਰਾਂ, ਭਗਤਾਂ ਤੇ ਸੂਫੀ ਦਰਵੇਸ਼ਾਂ ਦੀ ਧਰਤੀ ਹੈ। ਉਸੇ ਧਰਾਤਲ ਦੀ ਉਪਜ ਅਤੇ ਉਸੇ ਕਤਾਰ ਦਾ ਸੀ, ਸਾਡਾ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ। ਬਚਪਨ ਵਿਚ ਹੀ ਪੰਜਾਬ ਦੀ ਧਰਤੀ ਦੀ ਧਾਰਮਿਕ ਚੇਤਨਾ ਤੇ ਉਸ ਦੇ ਬਾਲਪਨ ਮਨ 'ਤੇ ਗੁਰਬਾਣੀ ਦਾ ਅਜਿਹਾ ਅਸਰ ਕੀਤਾ ਕਿ ਗੁਰਬਾਣੀ ਉਸ ਦੇ ਹਿਰਦੇ 'ਤੇ ਉਕਰੀ ਗਈ। ਜਦ ਕਦੇ ਅੱਖਾਂ ਮੁੰਦ ਕੇ ਗੁਰਬਾਣੀ ਵਿਚ ਲੀਨ ਹੁੰਦਾ, ਤਾਂ ਸੱਚਮੁੱਚ ਕੁਦਰਤ ਉਸ 'ਤੇ ਇਤਨੀ ਮਿਹਰਬਾਨ ਹੋ ਜਾਂਦੀ ਕਿ ਫਿਰ ਉਹ ਸੱਚੇ ਕਾਦਰ ਨੂੰ ਆਪਣੇ ਆਸ-ਪਾਸ ਪਾਉਂਦਾ। ਉਹ ਕੁਦਰਤ ਵਿਚੋਂ ਕਾਦਰ ਨੂੰ ਵੇਖਦਾ ਅਤੇ ਲੋਕ ਪਿਆਰ ਵਿਚ ਲੀਨ ਹੋ ਜਾਂਦਾ। ਇਹ ਹਾਵ-ਭਾਵ ਜਦ ਉਹ ਕਾਗਜ਼ 'ਤੇ ਉਤਾਰਦਾ ਤਾਂ ਉਹ ਰੱਬ ਦੀ ਗੱਲ ਸਹਿਜ਼ ਸੁਭਾਅ ਹੀ ਕਹਿ ਜਾਂਦਾ। ਜਦੋਂ ਕੋਈ ਲੇਖਕ ਪ੍ਰਭੂ ਦੀ ਉਸਤਤਿ ਲਿਖਦਾ ਹੈ, ਉਸ ਵੇਲੇ ਉਸ ਦਾ ਮਨ ਪੂਰੀ ਤਰ੍ਹਾਂ ਪ੍ਰਭੂ ਨਾਲ ਜੁੜਿਆ ਹੁੰਦਾ ਹੈ।

ਆਜ਼ਾਦ ਸਾਹਿਬ ਦਾ ਜਨਮ 12 ਜਨਵਰੀ, 1933 ਵਿਚ ਜਲੰਧਰ ਜ਼ਿਲ੍ਹੇ ਦੇ ਸ਼ਹਿਰ ਗੁਰਾਇਆਂ ਨੇੜੇ ਪਿੰਡ 'ਬੜਾ ਪਿੰਡ' ਜਿਸ ਦਾ ਇਤਿਹਾਸਕ ਨਾਮ 'ਕੁਲੇਤਾ' ਹੈ। ਪਿਤਾ ਕਿਸ਼ਨ ਸਿੰਘ ਸੁੰਮਨ ਤੇ ਮਾਤਾ ਜੀ ਠਾਕੁਰ ਕੌਰ ਸਨ। ਬਚਪਨ ਦਾ ਨਾਉਂ ਕਿਹਰ ਸਿੰਘ ਸੁੰਮਨ ਸੀ। ਇਹ ਪਿੰਡ ਬੁਨਿਆਦੀ ਸਹੂਲਤਾਂ ਦੇ ਨਾਲ ਅਧਿਆਤਮਕ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਰਿਹਾ ਹੈ। ਜਿੱਥੇ ਆਜ਼ਾਦੀ ਘੁਲਾਟੀਏ ਜੁਆਲਾ ਸਿੰਘ ਸਰਗਰਮ ਸਨ। ਉਨ੍ਹਾਂ ਦਿਨਾਂ ਵਿਚ ਮਿਹਨਤ, ਹਿੰਮਤ ਆਪਸੀ ਭਾਈਚਾਰੇ ਲਈ 'ਬੜਾ ਪਿੰਡ' ਬੜਾ ਪ੍ਰਸਿੱਧ ਸੀ। ਅਜਿਹੇ ਮਾਹੌਲ ਦਾ ਪ੍ਰਭਾਵ ਆਜ਼ਾਦ ਸਾਹਿਬ 'ਤੇ ਬਹੁਤ ਪਿਆ। ਆਪਦੇ ਪਿਤਾ ਜੀ ਇੱਕ ਮਾਮੂਲੀ ਮਜ਼ਦੂਰ ਸਨ। ਜੋ ਬੜੇ ਰਹਿਮ ਦਿਲ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਜੋ ਵੱਡੇ ਪਰਿਵਾਰ ਦਾ ਗੁਜ਼ਾਰਾ ਬੜੀ ਮਿਹਨਤ ਨਾਲ ਚਲਾਉਂਦੇ ਸਨ। ਆਪ ਜੀ ਦੇ ਮਾਤਾ ਜੀ ਬੜੀ ਤੀਬਰ ਬੁੱਧੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਨ। ਕਿਸੇ ਵੀ ਕੰਮ ਲਈ ਪਿੰਡ ਦੇ ਲੋਕ ਉਨ੍ਹਾਂ ਪਾਸੋਂ ਹੀ ਸਲਾਹ ਲੈਂਦੇ ਸਨ। ਉਨ੍ਹਾਂ ਦਾ ਬਚਪਨ ਕੱਚੀਆਂ ਕੰਧਾਂ, ਘੁੱਪ ਹਨੇਰਾ ਤੇ ਗਰੀਬੀ ਦੇ ਸਾਏ ਹੇਠ ਬਤੀਤ ਹੋਇਆ। ਉਨ੍ਹਾਂ ਦੀ 'ਲਗਨ' ਪ੍ਰਮਾਤਮਾ ਨਾਲ ਲੱਗ ਗਈ ਸੀ। ਇਲਾਕੇ ਦੇ ਇਰਦ ਗਿਰਦ ਮੰਦਰ, ਮਸਜ਼ਿਦ ਤੇ ਗੁਰਦੁਆਰਾ ਸਨ। ਜਿੱਥੇ ਜਾ ਕੇ ਧਾਰਮਿਕ ਪ੍ਰਵਚਨ ਸੁਣਦੇ ਸਨ। ਧਾਰਮਿਕ ਗੀਤ ਅਤੇ ਗੁਰਬਾਣੀ ਸਰਵਣ ਕਰਦਿਆਂ ਉਹ 9 ਸਾਲ ਦੀ ਉਮਰ ਵਿਚ ਹੀ ਆਪ ਗੀਤ ਲਿਖ ਕੇ ਗਾਉਣ ਲੱਗੇ ਸਨ।

ਰਾਮਗੜ੍ਹੀਆ ਹਾਈ ਸਕੂਲ ਫਗਵਾੜਾ ਤੋਂ ਪੜ੍ਹਾਈ ਕਰਕੇ ਸੰਨ 1950 ਵਿਚ ਦਿੱਲੀ ਜਾ ਕੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਨੌਕਰੀ ਕਰ ਲਈ। ਉਨ੍ਹਾਂ ਨੂੰ ਪੰਜਾਬੀ, ਹਿੰਦੀ, ਉਰਦੂ, ਫਾਰਸੀ ਦਾ ਗਿਆਨ ਸੀ। ਸਾਹਿਤ ਤਾਂ ਉਹ ਪਹਿਲਾਂ ਵੀ ਲਿਖਦੇ ਸਨ। ਦਿੱਲੀ ਵਸਦਿਆਂ ਬਾਕਾਇਦਾ ਤੌਰ 'ਤੇ ਸਾਹਿਤ ਦਾ ਸਫਰ ਸ਼ੁਰੂ ਹੋਇਆ। ਦਿੱਲੀ ਵੱਸਦੇ ਉੱਘੇ ਸਾਹਿਤਕਾਰਾਂ, ਸੰਗੀਤਕਾਰਾਂ, ਗਾਇਕਾਂ, ਫਨਕਾਰਾਂ ਦਾ ਗੜ੍ਹ ਸੀ। ਜਿੱਥੇ ਜਾ ਕੇ ਉਹ ਉਨ੍ਹਾਂ ਨਾਲ ਜੁੜ ਗਏ। ਉਥੇ 'ਪੈਰਾਡਾਇਸ ਕਲੱਬ' ਬਣਾਇਆ। ਕਈ ਵੱਡੇ ਸੰਮੇਲਨਾਂ ਵਿਚ ਹਿੱਸਾ ਲਿਆ। ਗੁਰਬਾਣੀ ਕੀਰਤਨ ਸੁਣਦੇ-ਸੁਣਦੇ ਰੂਹਾਨੀ ਸਾਹਿਤ ਵਿਚ ਵੀ ਰੁਚੀ ਵੱਧਦੀ ਗਈ ਅਤੇ ਹਰ ਸਾਹਿਤਕ ਖੇਤਰ ਵਿਚ ਵੀ ਉਤਸ਼ਾਹ ਵਧਦਾ ਗਿਆ। ਗੁਰੂਘਰਾਂ ਵਿਚ ਕੀਰਤਨ ਦੀ ਸੇਵਾ ਵੀ ਨਿਭਾਈ। ਫਿਰ ਨਾਲ ਹੀ ਸਾਹਿਤ ਖੇਤਰ ਦੇ ਮਸ਼ਹੂਰ ਲੇਖਕਾਂ ਨਾਲ ਸੰਪਰਕ ਹੋ ਗਿਆ। ਪੰਡਿਤ ਲਾਲਾ ਚੰਦ ਚਿਨਓਟੀ ਨੂੰ ਉਸਤਾਦ ਮਨ ਲਿਆ, ਜਿਨ੍ਹਾਂ ਨੇ ਬੜੇ ਪਿਆਰ ਨਾਲ ਸ਼ਾਇਰੀ ਦੇ ਗੁਣ ਸਿਖਾਏ। ਉਪਰੰਤ ਜਿਨ੍ਹਾਂ ਸ਼ਾਇਰਾਂ ਦੀ ਸੰਗਤ ਕੀਤੀ, ਜਿਵੇਂ : ਲਾਲ ਚੰਦ ਫਲਕ, ਉਸਤਾਦ ਮਿਲਖੀ ਰਾਮ, ਗਿਆਨ ਚੰਦ ਧਵਨ, ਪੰਡਿਤ ਕੰਸ ਰਾਜ ਗੋਹਰ, ਡਾਕਟਰ ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਅੰਮ੍ਰਿਤ ਦਸੂਹਵੀ, ਚੰਨ ਨਨਕਾਣਵੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੰਸਾਰ ਵਿਚ ਗਰੀਬ, ਆਦਿਕ ਨਾਲ ਧਾਰਮਿਕ ਅਤੇ ਸਮਾਜਿਕ ਕਵੀ ਦਰਬਾਰ ਨਿਭਾਏ।





ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਗਿਆਨੀ ਜੰਗ ਸਿੰਘ ਜੀ ਦੇ ਸਨਮਾਨ ਸਮਾਰੋਹ ਵਿਚ ਖੜ੍ਹੇ ਹਨ ਪ੍ਰਮਿੰਦਰ ਸਿੰਘ ਪ੍ਰਵਾਨਾ, ਗਿਆਨੀ ਜੰਗ ਸਿੰਘ ਜੀ ਅਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਜੀ।

ਫਿਰ ਸਾਹਿਤਕ ਮੰਚ ਨੂੰ ਅਧਿਆਤਮਕ ਮੰਚ ਵੱਲ ਤੋਰ ਲਿਆ। ਸੂਫੀ ਮੱਤ ਦੇ ਗੀਤ ਗਜ਼ਲਾਂ ਲਿਖ ਕੇ ਗਾਉਣ ਲੱਗੇ। ਸ਼ਾਇਰੀ ਵਿਚ ਲੋਕਾਂ ਦੀ ਗੱਲ ਕੀਤੀ। ਸਾਹਿਤ ਨੂੰ ਸਮਾਜ ਸੇਵਾ ਦੇ ਲੇਖੇ ਲਾ ਦਿੱਤਾ। ਪੰਜਾਬੀ ਉਰਦੂ ਅਤੇ ਹਿੰਦੀ ਵਿਚ ਡੇਢ ਦਰਜਨ ਤੋਂ ਵੱਧ ਪੁਸਤਕਾਂ ਛਪੀਆਂ ਹਨ। ਅਦਬੀ ਸ਼ਾਇਰਾਂ ਦੀ ਸੰਗਤ ਅਤੇ ਰੂਹਾਨੀ ਰੰਗਤ ਵਿਚ ਰੰਗੇ ਇਸ ਅਧਿਆਤਮਕ ਸ਼ਾਹਿਰ ਦੀ ਸ਼ਾਇਰੀ ਦਾ ਇਦਰਾ ਦਿੱਲੀ ਖੇਤਰ ਤੋਂ ਇਲਾਵਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਬੰਬਈ ਤੱਕ ਫੈਲ ਗਿਆ। ਹਿੰਦੀ ਫਿਲਮਾਂ ਲਈ ਗੀਤ ਲਿਖੇ, ਜਿਨ੍ਹਾਂ ਨੂੰ ਨਾਮਵਰ ਗਾਇਕਾਂ ਨੇ ਆਵਾਜ਼ ਦਿੱਤੀ ਹੈ, ਜਿਵੇਂ ਭੁਪਿੰਦਰ, ਮਤਾਲੀ, ਸੁਰੇਸ਼ ਵਾਡਕਰ, ਸਾਧਨਾ ਸਰਗਰਮ, ਮੁਹੰਮਦ ਅਜੀਜ਼, ਉਦਿਤ ਨਾਰਾਇਣ, ਕੁਮਾਰ ਸਾਨੂ, ਅਲਿਕਾ ਯਾਗਨਿਕ, ਕ੍ਰਿਸ਼ਨਾ ਮੂਰਤੀ, ਅਭਿਜੀਤ, ਸਾਧਨਾ ਮੁਖਰਜੀ ਆਦਿ।

ਸੰਨ 1957 ਵਿਚ ਗ੍ਰਹਿ ਮੰਤਰਾਲੇ ਦੇ ਮੁਲਾਜ਼ਮਾਂ ਵੱਲੋਂ ਸਾਲਾਨਾ ਕਵਿਤਾ ਮੁਕਾਬਲਿਆਂ ਵਿਚ ਹਿੱਸਾ ਲਿਆ। ਪ੍ਰਬੰਧਕੀ ਬੋਰਡ ਵਿਚ ਵੀ ਕੰਮ ਕੀਤਾ। ਉਦੋਂ ਵੀ ਕਈ ਕਵਿਆਂ ਨਾਲ ਮੁਲਾਕਾਤ ਹੋਈ; ਜਿਵੇਂ ਜਿਗਰ ਮੁਰਾਦਾਬਾਦੀ, ਸਾਗਰ ਨਿਜ਼ਾਮੀ, ਮੁਖਮੂਹ ਦੇਹਲਵੀ, ਨਰੇਸ਼ ਕੁਮਾਰ ਸ਼ਾਦ, ਗੁਲਜ਼ਾਰ ਦੇਹਲਵੀ, ਹਰਵੰਸ਼ ਰਾਏ ਬੱਚਨ, ਨੀਰਜ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਭਾਈਆ ਈਸ਼ਰ ਸਿੰਘ, ਗੁਰਮੁਖ ਸਿੰਘ ਮੁਸਾਫਿਰ ਆਦਿ। ਮੁਕਾਬਲਿਆਂ ਵਿਚ 1958, 1959, 1962 ਵਿਚ ਜੇਤੂ ਰਹੇ। ਬਹੁਤ ਸਾਰੀਆਂ ਸਭਾਵਾਂ ਨੇ ਸਨਮਾਨਿਤ ਵੀ ਕੀਤਾ। ਸੰਨ 1956 ਵਿਚ ਪੰਜਾਬੀ ਕਵੀ ਸਭਾ ਦਿੱਲੀ ਦਾ ਜਨਰਲ ਸਕੱਤਰ ਰਹੇ। ਸੰਨ 1958 ਵਿਚ ਹਿੰਦੀ ਮਾਸਿਕ ਰਸਾਲਾ 'ਗੰਗੋਤਰੀ' ਸ਼ੁਰੂ ਕੀਤਾ। ਸੰਨ 1998 ਵਿਚ ਦਿੱਲੀ ਤੋਂ ਤ੍ਰੈਮਾਸਿਕ ਰਸਾਲਾ 'ਗਗਨਦੀਪ' ਸ਼ੁਰੂ ਕੀਤਾ।

ਸੰਨ 1978 ਵਿਚ ਅਮਰੀਕਾ (ਕੈਲੀਫੋਰਨੀਆ) ਦੇ ਸਿਲੀਕਾਨ ਵੈਲੀ ਦੇ ਇਲਾਕੇ ਸੈਨਹੋਜ਼ੇ ਸ਼ਹਿਰ ਵਿਚ ਪਤਨੀ ਬੱਚਿਆਂ ਦੇ ਨਾਲ ਰਹਿਣਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਗੁਰੂਘਰਾਂ ਵਿਚ ਪਾਠੀ ਸਿੰਘਾਂ ਅਤੇ ਕੀਰਤਨੀਆਂ ਦੀ ਘਾਟ ਸੀ। ਇਸ ਲਈ ਇਨ੍ਹਾਂ ਖੁਦ ਕੀਰਤਨ ਦੀ ਸੇਵਾ ਨਿਭਾਈ। ਸਾਹਿਤਕ, ਸੱਭਿਆਚਾਰਕ, ਧਾਰਮਿਕ ਸੰਸਥਾਵਾਂ ਵਿਚ ਸ਼ਿਰਕਤ ਕੀਤੀ। ਲੋਕ ਗਾਇਕ ਹਰਿਭਜਨ ਸਿੰਘ ਭਜਨ ਨਾਲ 'ਸ਼ਾਨ-ਏ-ਪੰਜਾਬ' ਸੰਗੀਤ ਗਰੁੱਪ ਬਣਾਇਆ। ਜਿਥੇ ਕਈ ਗਾਇਕਾਂ ਨੇ ਉਨ੍ਹਾਂ ਦੇ ਲਿਖੇ ਗੀਤ ਗਾਏ ਤੇ ਕੈਸਟਾਂ ਵੀ ਕੱਢੀਆਂ। ਜਿਵੇਂ : ਸਤਪਾਲ ਦਿਓ, ਸੋਹਣ ਸਿੰਘ ਢੋਲਾ, ਹਰਿਭਜਨ ਸਿੰਘ ਭਜਨ ਆਦਿ। ਭਾਈਚਾਰਕ ਸੰਸਥਾਵਾਂ ਵਿਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਵਜੋਂ ਮਸ਼ਹੂਰ ਹੋਏ।

ਆਜ਼ਾਦ ਸਾਹਿਬ ਨਾਲ ਮੇਰਾ ਸਾਥ ਮਈ 1995 ਤੋਂ ਸੀ। ਭਾਈਚਾਰਕ ਸਮਾਗਮਾਂ ਵਿਚ ਵਿਚਰਦੇ ਰਹਿਣ ਨਾਲ ਸਮਕਾਲੀ ਸਾਹਿਤਕਾਰ ਨਾਲ ਨੇੜਤਾ ਵਧਦੀ ਗਈ। ਲੰਮੀਆਂ ਫੋਨ 'ਤੇ ਵੀ ਗੱਲਾਂ ਹੁੰਦੀਆਂ ਸਨ। ਕਈ ਕੁੱਝ ਸਿੱਖਣ ਦਾ ਮੌਕਾ ਵੀ ਮਿਲਿਆ। ਲੇਖਣੀ ਦੇ ਸਫਰ ਵਿਚ 'ਜੰਗ ਸਿੰਘ ਗਿਆਨੀ ਅਤੇ ਆਜ਼ਾਦ ਜਲੰਧਰੀ' ਅਭਿਨੰਦਨ ਗ੍ਰੰਥੀ ਨੂੰ ਲਿਖਣ ਵਿਚ ਅਸੀਂ ਤਿੰਨਾਂ ਨੇ ਬੜਾ ਕੰਮ ਕੀਤਾ। ਅਖੀਰ ਮੇਰੇ ਵੱਲੋਂ ਸਾਰਾ ਮਸੌਦਾ ਤਿਆਰ ਕਰਕੇ ਛੱਪਣ ਲਈ ਭੇਜਿਆ ਗਿਆ। 6 ਪੰਜਾਬੀ ਪਬਲੀਕੇਸ਼ਨ ਟਰੱਸਟ' ਦੀ ਸਥਾਪਨਾ 16 ਨਵੰਬਰ 2004 ਨੂੰ ਕੀਤੀ। ਜਿਸ ਦਾ ਮਨੋਰਥ ਸੀ ਅਣਛਪਿਆ ਸਾਹਿਤ ਛਾਪ ਕੇ ਪ੍ਰਚਾਰ ਕੀਤਾ ਜਾਵੇ। ਜਿਹੜੇ ਲਖਕ ਮਾਲੀ ਔਕੜਾਂ ਜਾਂ ਹੋਰ ਕਿਸੇ ਕਾਰਨ ਆਪਣਾ ਸਾਹਿਤ ਨਹੀਂ ਛਪਵਾ ਸਕੇ, ਦੀ ਮਦਦ ਕੀਤੀ ਜਾਵੇ। ਜੂਨ 25, 2005 ਦੇ ਟਰੱਸਟ ਦੇ ਪਹਿਲੇ ਸਮਾਗਮ ਵਿਚ 'ਅਭਿਨੰਦਨ ਗ੍ਰੰਥ' ਲੋਕ ਅਰਪਣ ਹੋਇਆ। ਟਰੱਸਟ ਦੀ ਸਥਾਪਨਾ ਦੇ ਪਿਛੋਕੜ ਵਿਚ ਕੰਮ ਕਰਨ ਦੇ ਨਾਲ-ਨਾਲ ਮੇਰੇ ਵੱਲੋਂ ਸਮਾਗਮ ਦੇ ਪ੍ਰਬੰਧ ਤੋਂ ਲੈ ਕੇ ਜਨਰਲ ਸਕੱਤਰ, ਮੰਚ ਸੰਚਾਲਕ ਅਤੇ ਪ੍ਰੈੱਸ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਗਈਆਂ। ਪ੍ਰੌੜ ਸਾਹਿਤਕਾਰ ਤੋਂ ਮਿਲੇ ਉਤਸ਼ਾਹ ਨਾਲ ਹੀ ਮੈਂ ਆਪਣੀ ਸਦਾ ਲਈ ਵਿਛੜੀ ਧੀ ਦੀ ਯਾਦ ਵਿਚ 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਸੰਪਾਦਨਾ ਕੀਤੀ। ਉਪਰੰਤ 3 ਕਾਵਿ ਸੰਗ੍ਰਹਿ 2 ਇਤਿਹਾਸ ਦੀ ਪੁਸਤਕਾਂ ਅਤੇ ਇਕ ਇਤਿਹਾਸ ਦੀ ਪੁਸਤਕ ਛਪਾਈ ਅਧੀਨ ਹੈ। ਮੇਰੇ ਇਸ ਲੇਖਣੀ ਦੇ ਸਫਰ 'ਚ ਆਜ਼ਾਦ ਸਾਹਿਬ ਦਾ ਹਮੇਸ਼ਾ ਸਾਥ ਰਿਹਾ। ਉਨ੍ਹਾਂ ਮੇਰੀਆ ਕੁੱਝ ਪੁਸਤਾਂ ਦੇ ਮੁੱਖ ਬੰਦ ਵੀ ਲਿਖੇ। ਇਕ ਕਵਿਤਾ 'ਕਵੀ ਪ੍ਰਵਾਨਾ' ਲਿਖੀ, ਜੋ ਸਾਹਿਤ ਖੇਤਰ ਵਿਚ ਬੜੀ ਮਕਬੂਲ ਹੋਈ। ਸਾਡਾ ਸਾਥ ਇਕ ਪਰਿਵਾਰਕ ਮੈਂਬਰ ਵਾਂਗ ਹੀ ਸੀ। ਉਹ ਮੈਨੂੰ ਪਿਆਰਾ ਅਜੀਜ਼ ਸਾਹਿਤਕਾਰ ਬੁਲਾਉਂਦੇ ਸਨ। ਪੰਜਾਬੀ ਮਾਂ ਬੋਲੀ ਪ੍ਰਤੀ ਮੇਰੇ ਵੱਲੋਂ ਨਿਭਾਈਆਂ ਸੇਵਾਵਾਂ 'ਤੇ ਮਾਣ ਕਰਦਿਆਂ ਮੈਨੂੰ 'ਪ੍ਰਵਾਨਾ' ਤਖਲਸ (ਕਲਮੀ ਨਾਮ) ਦਿੱਤਾ, ਜੋ ਹਮੇਸ਼ਾ ਲਈ ਉਨ੍ਹਾਂ ਦੀ ਯਾਦ ਨਾਲ ਜੁੜਿਆ ਰਹੇਗਾ। ਆਜ਼ਾਦ ਸਾਹਿਬ ਜੀ ਦੀ ਇਕ ਅਜ਼ੀਮ ਨਜ਼ਮ ਸਾਂਝੀ ਕਰਨ ਦਾ ਮਾਣ ਮਹਿਸੂਸ ਕਰ ਰਿਹਾ ਹਾਂ।

ਹਰ ਸਾਲ ਨਵਾਂ ਦਿਨ ਜੀਵਨ ਦਾ
ਇਕ ਸਾਲ ਘਟਾ ਕੇ ਤੁਰ ਜਾਂਦਾ
ਕੀ ਖੱਟਿਆ ਅਤੇ ਗਵਾਇਆ ਏ
ਸ਼ੀਸ਼ਾ ਦਖਲਾ ਕੇ ਤੁਰ ਜਾਂਦਾ
ਕਈਆਂ ਨੂੰ ਆਪਾਂ ਛੱਡ ਆਏ
ਕਈ ਸਾਨੂੰ ਛੱਡ ਕੇ ਤੁਰ ਗਏ ਨੇ
ਵਿੱਛੜੇ ਹੋਏ ਸੱਜਣਾਂ ਮਿੱਤਰਾਂ ਦੀ
ਫਿਰ ਯਾਦ ਦਿਲਾਂ ਕੇ ਤੁਰ ਜਾਂਦਾ
ਇਹ ਜੀਵਨ ਬੜਾ ਅਮੁੱਲਾ ਏ
ਨਫਰਤ ਵਿਚ ਮਤ ਬਰਬਾਦ ਕਰੋ
ਰਲ-ਮਿਲ ਕੇ ਬੈਠਣ ਦਾ ਸਾਨੂੰ
ਇਹ ਸਬਕ ਪੜ੍ਹਾ ਕੇ ਤੁਰ ਜਾਂਦਾ
ਜਿਸ ਘਰ ਵਿਚ ਗੁਰਬਤ ਵੱਸਦੀ ਏ
ਉਸ ਘਰ ਵਿਚ ਨਵਾਂ ਪੁਰਾਣਾ ਕੀ
ਇਹ ਦਿਨ ਵੀ ਆਮ ਦਿਨਾਂ ਵਾਂਗਰ
ਆਉਂਦਾ ਏ ਆ ਕੇ ਤੁਰ ਜਾਂਦਾ
ਸੁਣਿਆ ਏ ਘਰ ਜਰਦਾਰਾਂ ਦੇ
ਇਹਦਾ ਬੜਾ ਸੁਆਗਤ ਹੁੰਦਾ ਏ
ਜਦ ਘਰ ਮੁਫਲਿਸ ਦੇ ਆਉਂਦਾ ਏ
ਕੰਨੀਂ ਖਿਸਕਾ ਤੇ ਤੁਰ ਜਾਂਦਾ
ਰਿਸ-ਰਿਸ ਕੇ ਟੁੱਟੇ ਘੱਟ ਵਿਚੋਂ
ਆਖਿਰ ਜਿਉਂ ਪਾਣੀ ਮੁੱਕ ਜਾਂਦਾ
ਇਕ ਦਿਨ ਇਹ ਸਾਹ ਵੀ ਮੁੱਕ ਜਾਵੇ
ਸਾਨੂੰ ਸਮਝਾ ਕੇ ਤੁਰ ਜਾਂਦਾ
ਵਿਗਿਆਨ ਦੀਆਂ ਅੱਜ ਖੋਜਾਂ ਨੂੰ
ਖਤਰਾ ਏ ਦਹਿਸ਼ਤਗਰਦਾਂ ਤੋਂ
'ਆਜ਼ਾਦ' ਹੋ ਹੁਸ਼ਿਆਰ ਜ਼ਰਾ
ਸੁੱਤਿਆਂ ਨੂੰ ਜਗਾ ਕੇ ਤੁਰ ਜਾਂਦਾ
**********

ਆਜ਼ਾਦ ਸਾਹਿਬ ਦੀ ਸ਼ਾਇਰੀ ਨੌਜਵਾਨ ਉਭਰਦੇ ਲਿਖਾਰੀਆਂ ਲਈ ਸਦਾ ਪ੍ਰੇਰਣਾ ਰਹੇਗੀ ਕਿ ਇਕ ਅਨਪੜ੍ਹ, ਗਰੀਬ ਮਜ਼ਦੂਰ ਬਾਪ ਦੇ ਘਰ ਪੈਦਾ ਹੋ ਕੇ ਸ਼ਰਧਾ ਅਤੇ ਵਿਸ਼ਵਾਸ ਰੱਖਣ ਵਾਲਾ ਸੰਸਕਾਰੀ ਬੱਚਾ ਕਿਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਦੀਆਂ ਰਹਿਮਤਾਂ ਦਾ ਪਾਤਰ ਬਣਿਆ। ਆਪਣੇ ਆਤਮ ਵਿਸ਼ਵਾਸ ਅਤੇ ਸਤਿਗੁਰੂ ਦੀਆਂ ਰਹਿਮਤਾਂ ਸਦਕਾ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਹਰੇਕ ਵਰਗ ਦੇ ਭਾਈਚਾਰੇ ਦੇ ਪ੍ਰਸਿੱਧ ਸੂਫੀ ਲਿਖਾਰੀਆਂ ਦੀ ਸਫ਼ ਵਿਚ ਜਾ ਖਲੋਤਾ। ਇਕ ਦਰਵੇਸ਼ ਸ਼੍ਰੋਮਣੀ ਲੋਕ ਕਵੀ ਦਾ ਮਾਣ ਪ੍ਰਾਪਤ ਕੀਤਾ। ਕਈ ਸੰਗੀਤਕ, ਸੱਭਿਆਚਾਰਕ, ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਆ ਗਿਆ। ਸਾਨੂੰ ਸਾਰੇ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਰਹੇਗਾ ਕਿ ਵਿਸ਼ਵ ਪ੍ਰਸਿੱਧ ਹਜ਼ਾਰਾਂ ਗੀਤਾਂ, ਗਜ਼ਲਾਂ ਫਿਲਮੀ ਗੀਤਕਾਰ ਕਈ ਪੁਸਤਕਾਂ ਦਾ ਲਿਖਾਇਕ ਬਹੁਭਾਸ਼ੀ ਦਰਵੇਸ਼ ਲੋਕ ਕਵੀ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਸਾਡੇ ਪੰਜਾਬ ਦਾ ਜੰਮਪਲ ਹੈ। ਆਜ਼ਾਦ ਸਾਹਿਬ ਨੇ 7 ਦਹਾਕੇ ਤੋਂ ਵੱਧ ਆਪਣੀ ਲੇਖਣੀ ਨਾਲ ਸਮਾਜ ਦੀ ਸੇਵਾ ਕੀਤੀ ਹੈ।

ਬੰਦਹਾਲੇ ਵਾਲੇ ਕੋਟ ਵਾਲਾ ਬੇਸਬਾਲ ਦੀ ਟੋਪੀ ਵਾਲਾ, ਇਕ ਡੂੰਘੀ ਜਿਹੀ ਮੁਸਕਰਾਹਟ ਅਤੇ ਨਜ਼ਰਾਂ ਵਿਚ ਰੂਹਾਨੀ ਚਮਕ ਵਾਲਾ, ਹਲੀਮੀ ਵਾਲਾ, ਨਰਮ ਬੋਲਣ ਵਾਲਾ ਖਿੜੇ ਮੱਥੇ ਮਿਲਣ ਵਾਲਾ, ਦੂਜਿਆਂ ਦਾ ਸਤਿਕਾਰ ਕਰਨ ਵਾਲਾ ਅਤੇ ਮਨੁੱਖਤਾ ਦੀ ਤਰੱਕੀ, ਅਮਨ, ਸ਼ਾਂਤੀ ਦੀ ਗੱਲ ਕਰਨ ਵਾਲਾ ਇਕ ਮੁਕੰਮਲ ਇਨਸਾਨ ਸੀ। ਭਾਵੇਂ ਪ੍ਰਬੰਧਕੀ ਹੱਥਾਂ ਦੀਆਂ ਚਾਲਾਂ ਤੋਂ ਚਿੰਤਾਤੁਰ ਜ਼ਰੂਰ ਸੀ। ਆਪਣੇ ਅੰਤਰੀਵ ਭਾਵ ਵਿਚ ਫਿਕਰਮੰਦ ਸੀ ਕਿ ਲੋਕ ਕਦਰਾਂ-ਕੀਮਤਾਂ ਨੂੰ ਭੁੱਲਦੇ ਜਾ ਰਹੇ ਹਨ। ਦੁਨੀਆਂ ਡਰ ਅਤੇ ਦਹਿਸ਼ਤ ਵੱਲ ਵਧਦੀ ਜਾ ਰਹੀ ਹੈ, ਦਾ ਸੰਕੇਤ ਦੇ ਕੇ ਉਮਰ ਭਰ ਦੁਨੀਆਂ ਨੂੰ ਸੁਚੇਤ ਕਰਦਾ ਰਿਹਾ।

ਉਨ੍ਹਾਂ ਦਾ 25 ਮਈ, 2024 ਨੂੰ ਲਗਭਗ 92 ਵਰ੍ਹਿਆਂ ਦੀ ਉਮਰ ਵਿਚ ਦਿਹਾਂਤ ਹੋ ਗਿਆ, ਜੋ ਸਮਾਜ ਲਈ ਇਕ ਵੱਡਾ ਘਾਟਾ ਹੈ। ਪਰ ਉਨ੍ਹਾਂ ਲਈ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਦੁਨੀਆਂ ਵਿਚ ਅਮਨ, ਸ਼ਾਂਤੀ, ਸਾਂਝੀਵਾਲਤਾ ਦੀ ਗੱਲ ਅਗਾਂਹ ਤੋਰੀ ਜਾਵੇ। ਲੋਕ ਸਾਹਿਤ ਲਿਖਿਆ ਜਾਵੇ, ਜਿਸ ਵਿਚ ਲੋਕਾਂ ਦਾ ਦਰਦ ਵੰਡਾਇਆ ਜਾਵੇ। ਅਣ-ਛਪਿਆ ਸਾਹਿਤ ਵੱਡਮੁੱਲਾ ਬੇਸ਼ਕੀਮਤੀ ਸਾਹਿਤ ਰੁਲਣ ਤੋਂ ਬਚਾਇਆ ਜਾਵੇ, ਢੁੱਕਵਾਂ ਛਪਵਾਇਆ ਜਾਵੇ, ਸਾਂਭਿਆ ਜਾਵੇ। ਆਪਣੇ ਸੰਸਾਰ ਪ੍ਰਸਿੱਧ ਅਮੀਰ ਵਿਰਸੇ ਦੀ ਸੰਭਾਲ ਕੀਤੀ ਜਾਵੇ।

# ਬਲਰਾਜ ਸਾਹਨੀ ਵਾਂਗ ਅੱਜ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA



ਹਰ ਖੇਤਰ ਵਿਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਸਾਹਿਤ ਆਲੋਚਨਾ ਦੇ ਖੇਤਰ ਵਿਚ ਉਹ ਲੋਕ ਵੀ ਹਨ, ਜਿਹੜੇ ਗੱਡੀ ਵਿਚ ਬੈਠ ਕੇ ਸਮਾਗਮ ਵਾਲੇ ਸ਼ਹਿਰ ਪਹੁੰਚਣ ਤੱਕ ਖੋਜ-ਪੇਪਰ ਲਿਖ ਲੈਂਦੇ ਹਨ। ਉਹ ਲੋਕ ਵੀ ਹਨ, ਜਿਹੜੇ ਹਰੇਕ ਸਮਾਰੋਹ ਵਿਚ ਉਹੀ ਗੱਲਾਂ ਕਹਿ ਆਉਂਦੇ ਹਨ, ਬੱਸ ਨਾਂ ਥਾਂ ਬਦਲ ਦਿੰਦੇ ਹਨ ਅਤੇ ਉਹ ਲੋਕ ਵੀ ਹਨ, ਜਿਹੜੇ ਪਹਿਲਾਂ ਧਿਆਨ ਨਾਲ ਪੁਸਤਕ ਪੜ੍ਹਦੇ ਹਨ, ਲੇਖਕ ਬਾਰੇ ਪੜ੍ਹਦੇ ਹਨ, ਫਿਰ ਹਫ਼ਤਾ ਦਸ ਦਿਨ ਲਗਾ ਕੇ ਖੋਜ-ਆਰਟੀਕਲ ਲਿਖਦੇ ਹਨ। ਤਿੰਨਾਂ ਦਾ ਅੰਤਰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਇਹੀ ਸਥਿਤੀ, ਇਹੀ ਹਾਲਾਤ ਅਦਾਕਾਰੀ ਦੇ ਖੇਤਰ ਵਿਚ ਹਨ। ਬਲਰਾਜ ਸਾਹਨੀ ਦੀ ਅਕਸਰ ਉਦਾਹਰਨ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਕਿਰਦਾਰ ਵਿਚ ਜਾਨ ਪਾ ਦਿੰਦੇ ਸਨ। ਜਾਨ ਇਸ ਲਈ ਪੈ ਜਾਂਦੀ ਸੀ ਕਿ ਉਹ ਫ਼ਿਲਮ ਦੇ ਆਪਣੇ ਕਿਰਦਾਰ ਨੂੰ ਸਮਝਣ, ਜਾਨਣ, ਨਿਭਾਣ ਲਈ ਸਖ਼ਤ ਮਿਹਨਤ, ਲੰਮਾ ਸਮਾਂ ਹੋਮ-ਵਰਕ ਕਰਦੇ ਸਨ। ਇਕ ਫ਼ਿਲਮ ਵਿਚ ਉਨ੍ਹਾਂ ਨੇ ਰਿਕਸ਼ਾ ਚਲਾਉਣ ਵਾਲੇ ਦਾ ਕਿਰਦਾਰ ਨਿਭਾਉਣਾ ਸੀ। ਔਖਾ ਕਿਰਦਾਰ ਸੀ। ਇਹਦੇ ਲਈ ਉਨ੍ਹਾਂ ਨੇ ਲਗਾਤਾਰ ਇਕ ਮਹੀਨਾ ਕਲਕੱਤਾ ਦੀਆਂ ਸੜਕਾਂ 'ਤੇ ਇਸ ਲਈ ਰਿਕਸ਼ੇ ਵਾਲਾ ਬਣ ਕੇ ਰਿਕਸ਼ਾ ਚਲਾਇਆ, ਤਾਂ ਜੋ ਇਸ ਕਿਰਦਾਰ ਨੂੰ ਸਹੀ ਮਾਅਨਿਆਂ ਵਿਚ ਸਮਝ ਸਕਣ, ਜਿਉ ਸਕਣ। ਸਾਰੇ ਜਾਣਦੇ ਹਨ ਉਹ ਫ਼ਿਲਮ, ਉਹ ਕਿਰਦਾਰ ਕਿੰਨਾਂ ਚਰਚਿਤ, ਕਿੰਨਾ ਪ੍ਰਸਿੱਧ ਹੋਇਆ ਸੀ।

ਕੁਝ ਦਿਨ ਪਹਿਲਾਂ ਮੈਂ ਕਿਧਰੇ ਪੜ੍ਹ ਰਿਹਾ ਸੀ ਕਿ ਫ਼ਿਲਮ ਅਦਾਕਾਰ ਕਾਰਤਿਕ ਆਰੀਅਨ ਨੇ ਫ਼ਿਲਮ 'ਚੰਦੂ ਚੈਂਪੀਅਨ' ਵਿਚ ਆਪਣੀ ਭੂਮਿਕਾ ਨੂੰ ਜਾਨਦਾਰ ਬਨਾਉਣ ਲਈ ਅਤੇ ਵਾਸਤਵਿਕ ਦਿੱਖ ਦੇਣ ਲਈ ਲਗਾਤਾਰ ਇਕ ਸਾਲ ਮਿੱਠਾ ਨਹੀਂ ਖਾਧਾ। ਦਿਨ ਵਿਚ ਕੇਵਲ ਇਕ ਵਾਰ ਹੀ ਖਾਣਾ ਖਾਂਦਾ ਸੀ। ਡੇਢ ਸਾਲ ਤੱਕ ਬਾਕੀ ਸਾਰੇ ਪ੍ਰਾਜੈਕਟਾਂ ਨੂੰ ਭੁੱਲ ਕੇ ਖੁਦ ਨੂੰ ਚੰਦੂ ਦੇ ਕਿਰਦਾਰ ਵਿਚ ਲੀਨ ਕਰ ਲਿਆ।

ਆਮਿਰ ਖ਼ਾਨ ਬਾਰੇ ਪ੍ਰਸਿੱਧ ਹੈ ਕਿ ਕਿਸੇ ਫ਼ਿਲਮ ਦੇ ਕਿਰਦਾਰ ਲਈ ਕਿਵੇਂ ਉਹ ਸਖ਼ਤ ਮਿਹਨਤ ਕਰਦੇ ਹਨ, ਸਮਾਂ ਲਗਾਉਂਦੇ ਹਨ, ਖੋਜ ਕਰਦੇ ਹਨ, ਆਪਣੀ ਦਿੱਖ ਬਦਲਣ ਲਈ ਖ਼ੁਦ ਨੂੰ ਮੋਟਾ ਪਤਲਾ ਕਰਦੇ ਹਨ। ਭਾਰ ਘਟਾਉਂਦੇ ਵਧਾਉਂਦੇ ਹਨ। ਜਦ ਦੂਰਦਰਸ਼ਨ 'ਤੇ ਆਮਿਰ ਖ਼ਾਨ ਸ਼ੋਅ ਪ੍ਰਸਾਰਿਤ ਹੋਣਾ ਸੀ, ਤਾਂ ਉਸਦੀ ਹਰੇਕ ਕੜੀ ਲਈ ਉਸਨੇ ਅਤੇ ਉਸਦੀ ਟੀਮ ਨੇ ਵਿਸਥਾਰਤ ਖੋਜ ਪੜਤਾਲ ਕੀਤੀ ਸੀ।

ਦਲੀਪ ਕੁਮਾਰ, ਅਮਿਤਾਬ ਬੱਚਨ, ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਕਮਲ ਹਸਨ ਵਰਗੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਿਨ੍ਹਾਂ ਵਾਂਗ ਸਥਾਪਿਤ ਹੋਣ ਅਤੇ ਅਲੱਗ ਪਹਿਚਾਣ ਬਨਾਉਣ ਲਈ ਅੱਜ ਵੀ ਅਦਾਕਾਰ ਉਵੇਂ ਹੀ ਉਨ੍ਹਾਂ ਤੋਂ ਵੀ ਵੱਧ ਮਿਹਨਤ ਕਰ ਰਹੇ ਹਨ। ਇਹ ਵੀ ਧਿਆਨਦੇਣ ਯੋਗ ਹੈ ਕਿ ਉਨ੍ਹਾਂ ਵਿਚ ਬਹੁਤਿਆਂ ਦਾ ਪਰਿਵਾਰਕ ਪਿਛੋਕੜ ਫ਼ਿਲਮੀ ਨਹੀਂ ਹੈ ਅਤੇ ਉਨ੍ਹਾਂ ਆਪਣੀ ਮਿਹਨਤ ਅਤੇ ਅਦਾਕਾਰੀ ਦੇ ਬਲਬੂਤੇ ਖ਼ੁਦ ਨੂੰ ਪਹਿਲੀ ਕਤਾਰ ਦੇ ਕਲਾਕਾਰਾਂ 'ਚ ਸ਼ਾਮਲ ਕੀਤਾ।

ਇਰਫਾਨ ਖਾਨ, ਸ਼ਾਹਰੁਖ ਖਾਨ, ਆਯੁਸ਼ਮਨ ਖੁਰਾਣਾ, ਵਿਕੀ ਕੌਸ਼ਲ ਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ। ਕੋਈ ਵੀ ਕਲਾ, ਕੋਈ ਵੀ ਹੁਨਰ ਸਿੱਖਣ ਲਈ, ਉਸ ਖੇਤਰ ਵਿਚ ਨਾਮਣਾ ਖੱਟਣ ਲਈ ਸਖ਼ਤ ਮਿਹਨਤ, ਲਗਨ ਤੇ ਇਕਾਗਰਤਾ ਦੀ ਲੋੜ ਹੁੰਦੀ ਹੈ। ਉਸ ਮਿਹਨਤ, ਉਸ ਲਗਨ, ਉਸ ਇਕਾਗਰਤਾ ਨੂੰ ਨਿਰੰਤਰ ਬਣਾਈ ਰੱਖਣਾ ਹੁੰਦਾ ਹੈ। ਬੱਸ ਇਹੀ ਦੋ ਕੰਮ ਔਖੇ ਹਨ। ਬਹੁਤੇ ਸ਼ੁਹਰਤ ਅਤੇ ਪੈਸਾ ਆਉਣ 'ਤੇ ਪੈਰ ਛੱਡ ਜਾਂਦੇ ਹਨ।

ਵੇਖਿਆ ਜਾਵੇ, ਤਾਂ ਸਾਰੇ ਫ਼ਿਲਮ ਕਲਕਾਰਾਂ ਨੂੰ ਫ਼ਿਲਮ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਘਰ ਤੋਂ ਦੂਰ ਗਰਮੀ ਸਰਦੀ ਦੇ ਮੌਸਮ ਵਿਚ ਦਿਨ-ਰਾਤ ਇਕ ਕਰਨਾ ਪੈਂਦਾ ਹੈ। ਕਦੇ ਦੇਰ ਰਾਤ ਤੱਕ ਸ਼ੂਟਿੰਗ ਚੱਲ ਰਹੀ ਹੁੰਦੀ ਹੈ, ਕਦੇ ਤੜਕੇ ਸਵੇਰੇ ਸਾਰੀ ਟੀਮ ਸੈੱਟ 'ਤੇ ਪਹੁੰਚ ਜਾਂਦੀ ਹੈ। ਕਈ ਵਾਰ ਫ਼ਿਲਮ ਦੀ ਤਿਆਰੀ ਲਈ ਕਹਾਣੀ ਅਨੁਸਾਰ ਬੜੇ ਅਣਸੁਖਾਵੇਂ ਹਾਲਾਤਾਂ ਵਿਚ ਕੰਮ ਕਰਨ ਲਈ ਖ਼ੁਦ ਨੂੰ ਮਾਨਸਿਕ ਸਰੀਰਕ ਤੌਰ 'ਤੇ ਤਿਆਰ ਕਰਨਾ ਪੈਂਦਾ ਹੈ। ਕਈ-ਕਈ ਘੰਟੇ, ਕਈ-ਕਈ ਦਿਨ ਰਿਹਰਸਲਾਂ ਕਰਨੀਆਂ ਪੈਂਦੀਆਂ ਹਨ। ਸਰੀਰਕ ਦਿੱਖ ਅਤੇ ਚੁਸਤੀ-ਫੁਰਤੀ ਬਣਾਈ ਰੱਖਣ ਲਈ ਖ਼ੁਰਾਕ ਅਤੇ ਕਸਰਤ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਇਹ ਸਾਰੇ ਕੰਮ ਐਨੇ ਸੁਖਾਲੇ ਨਹੀਂ ਹਨ, ਜਿੰਨੇ ਜਾਪਦੇ ਹਨ। ਗੀਤ ਦੇ ਡਾਂਸ ਲਈ ਔਖੇ ਕਦਮ ਸਿੱਖਣੇ ਹਰੇਕ ਦੇ ਵੱਸ ਵਿਚ ਨਹੀਂ ਹੁੰਦਾ।

ਕਰੋਨਾ ਸੰਕਟ ਸਮੇਂ ਕੁਝ ਕਲਾਕਾਰ ਵਿਦੇਸ਼ਾਂ ਵਿਚ ਜਾ ਕੇ ਆਪਣੀਆਂ ਫ਼ਿਲਮਾਂ ਮੁਕੰਮਲ ਕਰਦੇ ਰਹੇ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਕੋਈ ਘਰੋਂ ਨਿਕਲਣ ਲੱਗਾ ਡਰਦਾ ਸੀ। ਭਾਰਤੀ ਫ਼ਿਲਮ ਉਦਯੋਗ ਵਿਚ ਬਹੁਤ ਸਾਰੇ ਕਲਾਕਾਰ ਹਨ, ਜਿਹੜੇ ਆਪਣੀ ਪ੍ਰਤੀਬੱਧਤਾ ਅਤੇ ਸਮਰਪਣ ਕਰਕੇ ਜਾਣੇ ਜਾਂਦੇ ਹਨ। ਜਿਹੜੇ ਇਕ ਜਨੂੰਨ, ਇਕ ਮਿਸ਼ਨ ਵਜੋਂ ਅਦਾਕਾਰੀ ਕਰਦੇ ਹਨ। ਜਿਹੜੇ ਆਪਣੀਆਂ ਭੂਮਿਕਾਵਾਂ ਨਿਭਾਉਣ ਲਈ ਆਪਣੀ ਬਹੁਪੱਖੀ ਪ੍ਰਤਿਭਾ ਕਾਰਨ ਪ੍ਰਸਿੱਧ ਹਨ। ਜਿਹੜੇ ਸੀਮਾਵਾਂ ਤੋਂ ਪਾਰ ਜਾ ਕੇ ਆਪਣੀ ਭੂਮਿਕਾ ਵਿਚ ਜਾਨ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਨ੍ਹਾਂ ਦੀ ਇਹ ਕੋਸ਼ਿਸ਼ ਅਕਸਰ ਸਫ਼ਲ ਹੁੰਦੀ ਹੈ।

# "ਜ਼ਖਮੀ" ਫ਼ਿਲਮ ਤੋਂ ਖਲਨਾਇਕ, ਫਿਰ ਨਾਇਕ ਤੇ ਫਿਰ "ਚੰਨ ਤਾਰਾ" ਡਾਇਰੈਕਟ ਕਰਕੇ ਨਿਰਦੇਸ਼ਕ ਬਣੇ ਵਿਨੀਤ ਅਟਵਾਲ

ਪੇਸ਼ਕਸ਼ : ਅੰਮ੍ਰਿਤ ਪਵਾਰ
ਪੰਜਾਬ ਮੇਲUSA









ਇੱਕ ਆਮ ਕਿਸਾਨ ਪਰਿਵਾਰ ਵਿਚ ਜਨਮ ਲੈਣ ਉਪਰੰਤ ਪੜ੍ਹਾਈ-ਲਿਖਾਈ ਤਾਂ ਕੀਤੀ ਪਰ ਧਿਆਨ ਅਮਿਤਾਬ ਬੱਚਨ, ਧਰਮਿੰਦਰ, ਸ਼ਸ਼ੀ ਕਪੂਰ ਤੇ ਪ੍ਰੇਮ ਚੋਪੜਾ, ਅਜੀਤ ਦੀਆਂ ਫਿਲਮਾਂ ਦੇਖ-ਦੇਖ ਐਕਟਰ ਬਣ ਜਾਣ ਦਾ ਜਨੂੰਨ ਹੱਦ ਤੋਂ ਵੱਧ ਵਿਨੀਤਪਾਲ ਸਿੰਘ ਅਟਵਾਲ ਨੂੰ ਹੋ ਚੁੱਕਾ ਸੀ ਤੇ ਉਸ ਨੇ ਫਿਰ ਇਥੇ ਛੋਟੇ-ਮੋਟੇ ਕੰਮ ਕੀਤੇ ਪਰ ਐਕਟਿੰਗ ਦੀ ਸੰਸਥਾ, ਸਕੂਲ ਜਾਂ ਕਾਲਜ ਕਹੋ ਵਨੀਤ ਮੁੰਬਈ ਚਲਾ ਗਿਆ। ਵਨੀਤ ਅਟਵਾਲ ਦੀ ਦਿੱਖ ਅੱਜ ਵੀ ਉਹ ਹੀ ਹੈ ਪਰ ਜ਼ਰਾ ਸੋਚੋ, ਭਰ ਚੜ੍ਹਦੀ ਜਵਾਨੀ ਵਿਚ ਉਸ ਪਿੱਛੇ ਕਿੰਨੀਆਂ ਜਾਨ ਦੇਣ ਨੂੰ ਤਿਆਰ ਰਹਿੰਦੀਆਂ ਹੋਣਗੀਆਂ। ਵਿਨੀਤ ਨੇ ਮੁੰਬਈ ਕੰਮ ਕੀਤਾ, ਕੁੱਝ ਹਿੰਦੀ ਤੇ ਦੂਜੀ ਭਾਸ਼ਾਵਾਂ ਦੀਆਂ ਫ਼ਿਲਮਜ਼ ਕੀਤੀਆਂ। ਉਹ ਦੱਸੇ ਜਾਂ ਨਾ ਪਰ ਤਦ ਇੱਕ ਸੋਹਣੀ ਅਭਿਨੈ ਪਰੀ ਨੇ ਆਪਣੀ ਥਾਂ ਵਿਨੀਤ ਦੇ ਦਿਲ ਬਣਾ ਲਈ ਸੀ। ਕੋਈ ਨਹੀਂ ਜਵਾਨੀ-ਦੀਵਾਨੀ ਇੱਕ ਅੱਧ ਕਾਰਾ ਕਰਵਾ ਦੇਵੇ ਤੇ ਮੁੜ ਬੱਚਾ ਬੱਚੀ ਸਿੱਧੇ ਰਾਹ ਆਉਣ ਤਾਂ ਸਭ ਮਾਫ਼ ਹੈ। ਪੰਜਾਬ ਆ ਕੇ ਰਵਿੰਦਰ ਮਾਨ ਨੂੰ ਨਾਇਕਾ ਲਿਆ ਪ੍ਰਦੀਪ ਧੀਮਾਨ ਨੇ ਤੇ ਇੱਕੋ ਜਿਹੀ ਡੀਲ-ਡੌਲ ਵਾਲੇ ਦੋ ਐਕਟਰ ਨੀਟੂ ਪੰਧੇਰ ਤੇ ਵਿਨੀਤ ਅਟਵਾਲ ਆਪਣੀ ਫ਼ਿਲਮ "ਜ਼ਖਮੀ" ਵਿਚ ਲਏ। ਫਿਰ ਵਿਨੀਤ ਕੋਲ ਕੰਮ ਬਹੁਤ ਆਇਆ ਉਸ ਕੀਤਾ। ਨੀਟੂ ਪੰਧੇਰ ਦੀਆਂ ਲਿਖੀਆਂ ਫ਼ਿਲਮਾਂ "ਮੈ ਜਨ ਤੇਰ" ਤੇ ਅਸ਼ੋਕ ਪੁਰੀ ਨਾਲ ਉਸ ਨੇ ਬਹੁਤ ਪ੍ਰੋਜੈਕਟ ਕੀਤੇ, ਗਾਣੇ ਕੀਤੇ। ਜਿੱਥੋਂ ਵਿਨੀਤ ਅਟਵਾਲ ਦੇ ਫ਼ਿਲਮੀ ਕੈਰੀਅਰ ਵਿਚ ਟਰਨਿੰਗ ਪੁਆਇੰਟ ਆਇਆ, ਉਹ ਸੀ ਫ਼ਿਲਮ "ਚੈਲੇਂਜ" ਦੀ ਰਿਲੀਜ਼ ਜਿਸ 'ਤੇ ਸਤਨਾਮ ਸਿੰਘ ਟਾਟਲਾ ਦਾ ਪੈਸਾ ਲੱਗਿਆ ਸੀ ਪਰ ਅੱਗੇ ਕਾਰਜਕਾਰੀ ਨਿਰਮਾਤਾ ਦਿਲਦਾਰ ਦੀ ਅਚਾਨਕ ਮੌਤ ਕਾਰਨ ਸਭ ਕੁੱਝ ਕਾਗਜ਼ੀ ਪੱਤਰੀ ਯਾਰੀ ਕਾਰਨ ਨਾ ਹੋਣ ਕਾਰਨ ਇਹ ਫ਼ਿਲਮ ਪੋਸਟਰਾਂ 'ਤੇ ਆ ਕੇ ਫੱਸ ਗਈ, ਤਾਂ ਵਿਨੀਤ ਅਟਵਾਲ ਨੂੰ ਸਤਨਾਮ ਸਿੰਘ ਟਾਟਲਾ ਨੇ ਕਿਹਾ, ਛੱਡੋ ਤੇ ਨਵੀਂ ਫ਼ਿਲਮ ਕਰੀਏ ਇਹ ਬੇਕਾਰ ਸਹੀ। ਮਜ਼ੇਦਾਰ ਗੱਲ ਇਹ ਕਿ ਵਿਨੀਤ ਅਟਵਾਲ ਐਕਟਰ ਤੋਂ ਡਾਇਰੈਕਟਰ ਬਣ ਗਿਆ ਤੇ ਨਵ ਬਾਜਵਾ, ਜਸ਼ਨ ਅਗਨੀਹੋਤਰੀ ਤੇ ਹੋਰ ਸਿਤਾਰਿਆਂ ਸਮੇਤ 5 ਮਹੀਨੇ ਵਿਚ ਫ਼ਿਲਮ ਫਿਲਮਾਂਕਣ ਕਰ ਚੋਟੀ ਦੇ ਵਿਤਰਕ ਓਮ ਜੀ ਤੋਂ ਰਿਲੀਜ਼ ਕਰਵਾਈ। ਇੱਕ ਪੰਜਾਬੀ ਫ਼ਿਲਮ ਰਾਜ ਕਾਕੜਾ ਦੀ "ਧਰਮਯੁੱਧ ਮੋਰਚੇ" ਵਿਚ ਇੱਕ ਅਖਬਾਰ ਦੇ ਮਾਰੇ ਗਏ ਸੰਪਾਦਕ ਦਾ ਰੋਲ "ਰੱਖੜੀ" ਵਿਚ ਕੰਮ ਤੇ ਫਿਰ "ਉਡੀਕਾਂ" ਇੰਟਰਨੈੱਟ ਲਈ ਕਿਸ਼ਤਵਾਰ ਤਿਆਰ ਕੀਤੀ। ਹੁਣ ਉਸ ਦੇ ਨਿਰਮਾਤਾ ਨੇ ਯੂਬਾ ਸਿਟੀ ਅਮਰੀਕਾ ਵਿਖੇ "ਪੰਜਾਬੀ ਅਮਰੀਕਨ ਫੈਸਟੀਵਲ" ਕਰਵਾਇਆ, ਤਾਂ ਭਾਰਤ ਵਿਚ ਪਰਦੇ ਪਿਛਲੇ ਪ੍ਰਬੰਧ ਵਿਨੀਤ ਅਟਵਾਲ ਨੇ ਕੀਤੇ। ਟਾਟਲਾ ਆਰਟ ਇੰਟਰਟੇਨਮੈਂਟ ਦੀ ਅਗਲੀ ਫਿਲਮ "ਕਰਜ਼ਾ" ਦਾ ਐਲਾਨ ਹੋ ਗਿਆ ਹੈ ਤੇ ਲੇਖਕ ਨਿਰਦੇਸ਼ਕ ਵਿਨੀਤ ਅਟਵਾਲ ਹੀ ਹਨ। ਇੱਕ ਬੇਟਾ ਉਨ੍ਹਾਂ ਦਾ ਯੂ.ਐੱਸ.ਏ. ਉਚੇਰੀ ਫ਼ਿਲਮ ਵਿਦਿਆ ਪ੍ਰਾਪਤ ਕਰ ਰਿਹਾ ਹੈ। ਪਤਨੀ ਖੁਦ ਫ਼ਿਲਮ ਦੇ ਪ੍ਰੋਡਕਸ਼ਨ ਵਿਭਾਗ ਨੂੰ ਸੰਭਾਲਦੀ ਹੈ। ਵਿਨੀਤ ਅਟਵਾਲ ਜਲਦੀ "ਕਰਜ਼ਾ" ਬਣਾ ਕੇ ਪਰਦੇ 'ਤੇ ਦਿਖਾਈ ਦੇਣਗੇ। ਨਿਸ਼ਾਨਾ ਹੁਣ ਐਕਟਿੰਗ ਕਹਾਣੀ ਤੇ ਕਿਰਦਾਰ ਮੁਤਾਬਿਕ ਤੇ ਗਿੱਪੀ ਗਰੇਵਾਲ, ਅੰਬਰਦੀਪ ਸਿੰਘ ਦੀ ਤਰ੍ਹਾਂ ਨਾਮ ਬਣਾਉਣਾ ਹੈ। ਵਿਨੀਤ ਅਟਵਾਲ ਯਾਰਾਂ ਦਾ ਯਾਰ, ਤਜ਼ਰਬੇਕਾਰ ਅਭਿਨੇਤਾ ਸੁਭਾਅ ਦਾ ਵਧੀਆ ਤੇ ਨਵੀਆਂ ਪ੍ਰਤਿਭਾਵਾਂ ਨੂੰ ਅੱਗੇ ਲਿਜਾਣ ਵਾਲਾ ਵਿਨੀਤ ਅਟਵਾਲ ਪੰਜਾਬੀ ਫ਼ਿਲਮਾਂ ਦੇ ਸੰਸਾਰ ਵਿਚ ਆਪਣੀਆਂ ਫਿਲਮਾਂ ਨਾਲ ਅਪਾਰ ਕਾਮਯਾਬੀ ਪ੍ਰਾਪਤ ਕਰਦਾ ਟੋਪ ਦਾ ਬਾਲੀਵੁੱਡ ਡਾਇਰੈਕਟਰ ਬਣੇ। ਪੰਜਾਬੀ ਫ਼ਿਲਮਾਂ ਦਾ ਮੋਹ ਬਰਕਰਾਰ ਰਹੇ। ਹਿੰਦੀ ਫ਼ਿਲਮ "ਸ਼ੂਦਰ ਸੇ ਖਾਲਸਾ", ਵਿਨੀਤ ਅਟਵਾਲ ਨੇ ਜਯੋਤੀ ਮਾਨ ਦੀ ਕਾਰਜਕਾਰੀ ਪ੍ਰੋਡਕਸ਼ਨ ਵੀ ਕੀਤੀ ਤੇ ਹੁਣ "ਕਰਜ਼ਾ" ਟਾਟਲਾ ਆਰਟ ਇੰਟਰਟੇਨਮੈਂਟ ਦੇ ਬੈਨਰ ਹੇਠ ਵਿਨੀਤ ਅਟਵਾਲ ਲਿਜਾ ਰਹੇ ਹਨ।

## (ਸ਼ਹੀਦੀ ਦੇ ਕਿਉਂ ਅਤੇ ਕਿਵੇਂ ਦਾ ਸੱਚ...)

# ਗੁਰੂ ਅਰਜਨੁ ਵਿਟਹੁ ਕੁਰਬਾਣੀ...



ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
ਵਟਸਐਪ ਨੰਬਰ : 91-98147-15796
ਕੈਲਗਰੀ ਨੰਬਰ : +1-403-465-1586
ਪੰਜਾਬ ਮੇਲ USA


ਸ਼ਾਂਤੀ ਦੇ ਪੁੰਜ, ਦ੍ਰਿੜ੍ਹ ਇਰਾਦੇ ਦੇ ਮਾਲਕ, ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਕਿਤੇ ਟਿਕੇ ਹੋਏ ਮਨ ਨਾਲ, ਧੁਰ ਅੰਦਰੋਂ ਚਿਤਵਣ ਦੀ ਕੋਸ਼ਿਸ਼ ਕਰੀਏ, ਤਾਂ ਮਨ ਅਨੋਖੇ ਵਿਸਮਾਦ ਵਿਚ ਆ ਜਾਂਦਾ ਏ। ਦੁਨਿਆਵੀ ਪਦਾਰਥਾਂ ਦੀ ਚਕਾਚੌਂਧ ਵਿਚ ਰੱਤਿਆ ਅਤੇ ਥੋਥੇ ਗਿਆਨ ਨਾਲ ਆਪਣੇ ਆਪ ਨੂੰ ਭਰਪੂਰ ਕਹਾਉਣ ਵਾਲਾ ਹਿਰਦਾ ਵੀ ਭਿੱਜ ਜਾਂਦਾ ਹੈ ਅਤੇ ਸੱਚੇ ਸ਼ਬਦ ਦੀ ਕਰਾਮਾਤ ਅੱਗੇ ਸਿਰ ਝੁੱਕ ਜਾਂਦਾ ਹੈ। ਜਬਰ ਅਤੇ ਸਬਰ ਦੀ ਇਸ ਜੰਗ ਵਿਚ ਹੋਈ ਸਬਰ ਦੀ ਜਿੱਤ ਨੂੰ ਲਿਖਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਨ ਲੱਗਿਆ ਹਾਂ।

ਗੁਰੂ ਅਰਜਨ ਦੇਵ ਜੀ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ, ਪਿਤਾ ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀਂ ਦੀ ਕੁੱਖੋਂ 15 ਅਪ੍ਰੈਲ, 1563 ਨੂੰ ਹੋਇਆ। ਆਪ ਜੀ ਨੇ ਬਚਪਨ ਦੇ 11 ਸਾਲ ਆਪਣੇ ਨਾਨੇ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਬਿਤਾਏ। ਉਨ੍ਹਾਂ ਕੋਲੋਂ ਹੀ ਆਪ ਜੀ ਨੇ ਗੁਰਮੁਖੀ ਅਤੇ ਗੁਰਮਤਿ ਸਿੱਖੀ। ਪੰਡਿਤ ਬੇਣੀ ਜੀਂ ਤੋਂ ਸੰਸਕ੍ਰਿਤ, ਮਾਮਾ ਮੋਹਰੀ ਤੋਂ ਗਣਿਤ, ਮਾਮਾ ਮੋਹਨ ਜੀ ਤੋਂ ਧਿਆਨ ਲਗਾਉਣਾ ਸਿੱਖਿਆ। ਘਰ ਦਾ ਗੁਰਮਤਿ ਵਾਲਾ ਵਾਤਾਵਰਣ ਆਪ ਜੀ ਦੀ ਸ਼ਖਸੀਅਤ ਦੀ ਘਾੜਤ ਵਿਚ ਬਹੁਤ ਸਹਾਈ ਹੋਇਆ। ਨਿਮਰਤਾ, ਬਾਣੀ ਦਾ ਪਿਆਰ, ਵੱਡਿਆਂ ਦਾ ਸਤਿਕਾਰ ਅਤੇ ਸਮਦ੍ਰਿਸ਼ਟੀ ਵਰਗੀਆਂ ਭਾਵਨਾਵਾਂ ਸ਼ੁਰੂ ਤੋਂ ਹੀ ਪੱਕਦੀਆਂ ਗਈਆਂ।

1574 ਈਸਵੀ ਵਿਚ ਗੁਰਗੱਦੀ ਮਿਲਣ ’ਤੇ ਪਿਤਾ ਗੁਰੂ ਰਾਮਦਾਸ ਜੀ ਆਪਣੀ ਪਤਨੀ ਮਾਤਾ ਭਾਨੀ ਜੀਂ ਅਤੇ ਤਿੰਨੇ ਪੁੱਤਰਾਂ ਪ੍ਰਿਥੀ ਚੰਦ, ਮਹਾਦੇਵ ਅਤੇ ਅਰਜਨ ਨੂੰ ਨਾਲ ਲੈ ਕੇ ਗੁਰੂ ਕੇ ਚੱਕ ਵਿਖੇ ਆ ਗਏ। 16 ਸਾਲ ਦੀ ਉਮਰ ਵਿਚ ਤਹਿਸੀਲ ਫਿਲੌਰ ਦੇ ਪਿੰਡ ਮੌ ਵਿਖੇ ਗੰਗਾ ਜੀ ਨਾਲ ਆਪ ਜੀ ਦਾ ਵਿਆਹ ਹੋਇਆ ਅਤੇ ਆਪ ਗ੍ਰਹਿਸਥੀ ਜੀਵਨ ਨਿਭਾਉਂਦੇ ਹੋਏ ਗੁਰੂ ਘਰ ਦੀ ਸੇਵਾ ਕਰਦੇ ਰਹੇ ਅਤੇ ਨਾਮ ਸਿਮਰਨ ਵਿਚ ਵੀ ਲੱਗੇ ਰਹੇ। 1-9-1581 ਨੂੰ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਹਰ ਪਾਸਿਓਂ ਯੋਗ ਜਾਣ ਕੇ ਗੁਰਗੱਦੀ ਦੀ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ। ਆਪ ਜੀ ਦੇ ਭਰਾਵਾਂ ਨੂੰ ਇਸ ਗੱਲ ਦੀ ਨਾਰਾਜ਼ਗੀ ਸੀ, ਖਾਸ ਕਰਕੇ ਪ੍ਰਿਥੀ ਚੰਦ ਜੋ ਵੱਡਾ ਹੋਣ ਕਰਕੇ ਗੁਰਗੱਦੀ ’ਤੇ ਆਪਣਾ ਹੱਕ ਸਮਝਦਾ ਸੀ, ਉਸ ਨੇ ਆਪਣੀ ਵਿਰੋਧਤਾ ਅਤੇ ਨਾਰਾਜ਼ਗੀ ਕਈ ਵਾਰ ਘਟੀਆ ਹਰਕਤਾਂ ਕਰਕੇ ਦਿਖਾਈ ਵੀ।

**ਗੁਰੂ ਬਣਨ ਤੋਂ ਬਾਅਦ ਦੇ ਕਾਰਜ** :- ਪਹਿਲਾਂ ਤਾਂ ਗੁਰੂ ਅਰਜਨ ਜੀ ਪਿਤਾ ਗੁਰੂ ਦੇ ਕਾਰਜਾਂ ਵਿਚ ਮਦਦਗਾਰ ਹੀ ਹੁੰਦੇ ਸਨ। ਪਰ ਪਿਤਾ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਅਤੇ ਗੁਰਗੱਦੀ ਦੀ ਜ਼ਿੰਮੇਵਾਰੀ ਮਿਲਣ ’ਤੇ ਆਪ ਹੋਰ ਵਧੇਰੇ ਕਾਰਜਾਂ ਵਿਚ ਰੁੱਝ ਗਏ।

1. **ਬਾਣੀ ਦੀ ਸੰਭਾਲ ਅਤੇ ਖੁਦ ਬਾਣੀ ਲਿਖਣਾ** :- ਚੱਲਦੀ ਮਰਿਯਾਦਾ ਅਨੁਸਾਰ ਹੀ ਗੁਰੂ ਰਾਮਦਾਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਣ ਸਮੇਂ ਹੀ ਬਾਣੀ ਦੀ ਪੋਥੀ ਵੀ ਅਰਜਨ ਜੀ ਨੂੰ ਦਿੱਤੀ ਸੀ। ਇਸ ਪੋਥੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਰਾਮਦਾਸ ਜੀ ਤੱਕ ਦੀ ਸਾਰੀ ਬਾਣੀ ਅਤੇ ਗੁਰੂ ਨਾਨਕ ਜੀ ਵਲੋਂ ਆਪਣੀਆਂ ਉਦਾਸੀਆਂ ਦੌਰਾਨ ਇੱਕਠੀ ਕੀਤੀ ਹੋਈ ਭਗਤ ਬਾਣੀ ਵੀ ਸ਼ਾਮਲ ਸੀ। ਗੁਰੂ ਅਰਜਨ ਜੀ ਨੇ ਆਪ ਵੀ ਬਹੁਤ ਵੱਡੀ ਮਾਤਰਾ ’ਚ ਅਤੇ ਬਹੁਤ ਹੀ ਸ਼ਾਂਤ ਅਤੇ ਅਨੰਦਮਈ ਬਾਣੀ ਲਿਖੀ। ਆਪ ਜੀ ਦੀ ਬਾਣੀ ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ ਸਿਰਫ ਇੱਕ ਰਾਗ- ਜੈਜਵੰਤੀ ਨੂੰ ਛੱਡ ਕੇ ਬਾਕੀ 30 ਰਾਗਾਂ ਵਿਚ ਲਿਖੀ ਹੋਈ ਹੈ। ਆਪ ਜੀ ਦੁਆਰਾ ਰਚੀ ਗਈ ਬਾਣੀ ਵਿਚੋਂ ਸੁਖਮਨੀ ਸਾਹਿਬ ਜੀ ਨੂੰ ਆਪ ਜੀ ਦੀ ਸ਼ਾਹਕਾਰ ਰਚਨਾ ਆਖਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰਾਗਮਈ ਸ਼ਬਦ, ਬਾਰਹ ਮਾਹਾ, ਬਾਵਨ ਅੱਖਰੀ, ਵਾਰਾਂ, ਗੁਣਵੰਤੀ, ਅੰਜਲੀ, ਪਹਿਰੇ, ਦਿਨ ਰੈਣ, ਗਾਥਾ, ਫੁਨਹੇ, ਚਉਬੋਲੇ, ਸਲੋਕ ਸਹਸਕ੍ਰਿਤੀ, ਮੁੰਦਾਵਣੀ ਅਤੇ ਸਲੋਕ ਮਹਲਾ 5 ਆਦਿ ਹਨ। ਆਪ ਜੀ ਦੀ ਬਾਣੀ ਦਾ ਪ੍ਰਧਾਨ ਰਸ ਸ਼ਾਂਤ ਰਸ ਹੈ, ਭਾਵੇਂ ਕਵਿਤਾ ਦੇ ਬਾਕੀ ਦੇ ਰਸ ਵੀ ਮੌਜੂਦ ਹਨ। ਬਾਣੀ ਵਿਚ ਵਰਤੇ ਗਏ ਬਿੰਬ, ਪ੍ਰਤੀਕ, ਅਲੰਕਾਰ, ਮੁਹਾਵਰੇ ਆਦਿ ਕਮਾਲ ਦੇ ਹਨ ਅਤੇ ਲੋਕ ਮਨ ਦੇ ਬਹੁਤ ਨੇੜੇ ਹਨ। ਵਿਸ਼ਾ ਪੱਖ ਤੋਂ ਆਪ ਜੀ ਨੇ ਨਾਮ ਜਪਣ, ਵਧੀਆ ਕਿਰਦਾਰ ਬਣਾਉਣ, ਨਿਮਰਤਾ ਅਤੇ ਸਹਿਜ ਵਿਚ ਜ਼ਿੰਦਗੀ ਜਿਊਂਦੇ ਦੂਸਰੇ ਦੇ ਕੰਮ ਆਉਣ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਹੈ। ਪ੍ਰਭੂ ਦੇ ਹੁਕਮ ਨੂੰ ਸੱਚ ਕਰਕੇ ਮੰਨਣਾ ਉਨ੍ਹਾਂ ਦਾ ਮੁੱਖ ਉਪਦੇਸ਼ ਵੀ ਰਿਹਾ ਹੈ।

2. **ਆਦਿ ਗ੍ਰੰਥ ਦਾ ਸੰਕਲਨ ਅਤੇ ਪ੍ਰਕਾਸ਼** :-



ਗੁਰੂ ਘਰ ਈਰਖਾਲੂਆਂ ਵਲੋਂ ਈਰਖਾ ਵਸ ਬਾਣੀ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ ਗਈ ਸੀ। ਕਿਉਂਕਿ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਅਤੇ ਉਸ ਦਾ ਪੁੱਤਰ ਹਰਿ ਜੀ ਆਪ ਲਿਖਾਰੀ ਸਨ। ਉਨ੍ਹਾਂ ਵਲੋਂ ਨਾਨਕ ਛਾਪ ਹੇਠ ਬਾਣੀ ਲਿਖੀ ਗਈ ਸੀ। ਜਿਸ ਕਾਰਨ ਸਿੱਖ ਸੰਗਤਾਂ ਨੂੰ ਭੁਲੇਖੇ ਤੋਂ ਬਚਾਉਣ ਦੀ ਡਾਢੀ ਲੋੜ ਸੀ। ਇਸ ਲਈ ਆਪ ਜੀ ਨੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਸਾਰੀ ਬਾਣੀ ਨੂੰ ਬਾਕਾਇਦਾ ਇੱਕ ਤਰਕੀਬ ਅਤੇ ਨਿਯਮਬੱਧ ਕੀਤਾ। ਸੰਪਾਦਨਾ ਦਾ ਇਹ ਕਾਰਜ ਇੰਨੀ ਬਾਰੀਕੀ ਨਾਲ ਅਤੇ ਮਿਹਨਤ ਨਾਲ ਕੀਤਾ ਗਿਆ ਹੈ ਕਿ ਹੁਣ ਇਸ ਵਿਚ ਮਿਲਾਵਟ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ। ਸਾਰੇ ਸ਼ਬਦਾਂ ਨੂੰ ਰਾਗ ਅਨੁਸਾਰ ਕੀਤਾ ਗਿਆ, ਫਿਰ ਸ਼ਬਦ, ਛੰਤ, ਅਸ਼ਟਪਦੀਆਂ ਆਦਿ ਸਭ ਦੀ ਗਿਣਤੀ ਵੀ ਦਰਜ ਕਰ ਦਿੱਤੀ ਗਈ। ਸਾਡੇ ਅਜੋਕੇ ਦੁਨਿਆਵੀ ਸੰਪਾਦਕਾਂ ਤੋਂ ਉਲਟ ਇੱਕ ਵੀ ਪੰਕਤੀ ਨਾ ਤਾਂ ਕੱਟੀ ਗਈ ਹੈ ਅਤੇ ਨਾ ਹੀ ਬਦਲੀ ਗਈ ਹੈ। ਜਿੱਥੇ ਕਿਤੇ ਸਪੱਸ਼ਟਤਾ ਦੀ ਲੋੜ ਪਈ ਹੈ, ਉਥੇ ਨਾਲ ਆਪਣੇ ਵਲੋਂ ਸਲੋਕ ਆਦਿ ਲਿਖ ਦਿੱਤਾ ਗਿਆ ਹੈ, ਪਰ ਮੂਲ ਬਾਣੀ ਨੂੰ ਬਿਲਕੁਲ ਵੀ ਨਹੀਂ ਬਦਲਿਆ ਗਿਆ। ਭਾਈ ਗੁਰਦਾਸ ਜੀ ਵਲੋਂ ਲਿਖੀ ਇਸ ਬੀੜ ਨੂੰ ਆਦਿ ਗ੍ਰੰਥ ਆਖਿਆ ਗਿਆ। ਇਸ ਨੂੰ ਹਰਿਮੰਦਰ ਸਾਹਿਬ ਵਿਖੇ 30 ਅਗਸਤ, 1604 ਨੂੰ ਪ੍ਰਕਾਸ਼ ਕੀਤਾ ਗਿਆ ਸੀ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਬਣੇ। ਉਸ ਦਿਨ ਤੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਨੂੰ ਉੱਚੀ ਥਾਂ ਰੱਖਿਆ ਅਤੇ ਆਪ ਹੇਠਾਂ ਫਰਸ਼ ’ਤੇ ਸੌਂਦੇ ਰਹੇ।

3. **ਸ਼ਬਦ ਬਾਣੀ ਦਾ ਪ੍ਰਵਾਹ ਅਤੇ ਕੀਰਤਨ** :- ਗੁਰੂ ਅਰਜਨ ਦੇਵ ਜੀ ਨੇ ਸ਼ਬਦ ਬਾਣੀ ਦਾ ਅਟੁੱਟ ਪ੍ਰਵਾਹ ਚਲਾਇਆ। ਉਨ੍ਹਾਂ ਆਪ ਕੀਰਤਨ ਕੀਤਾ ਵੀ ਅਤੇ ਗੁਰਸਿੱਖਾਂ ਨੂੰ ਖੁਦ ਕੀਰਤਨ ਕਰਨ ਲਈ ਕਿਹਾ ਵੀ। ਉਨ੍ਹਾਂ ਸ਼ਬਦ ਅਤੇ ਸੰਗੀਤ ਦੇ ਮਾਹਰ ਹੋਣ ’ਤੇ ਜ਼ੋਰ ਦਿੱਤਾ, ਪਰ ਭੁੱਲ ਕੇ ਵੀ ਸੂਖਮ ਜਿਹਾ ਹੰਕਾਰ ਵੀ ਨਾ ਕਰਨਾ ਦ੍ਰਿੜ੍ਹ ਕਰਵਾਇਆ। ਇਸ ਸੰਬੰਧੀ ਇੱਕ ਵਾਰ ਪੋਥੀ ਸਾਹਿਬ ਮੋਹਨ ਜੀ ਤੋਂ ਲੈਣ ਵਾਲੀ ਸਾਖੀ ਅਤੇ ਦੂਜੀ ਸੱਤੇ ਬਲਵੰਡ ਦੇ ਕੀਰਤਨ ਕਰਨ ਤੋਂ ਇਨਕਾਰ ਕਰਨ ਵਾਲੀ ਸਾਖੀ ਤੋਂ ਆਪ ਜੀ ਦਾ ਸ਼ਬਦ ਅਤੇ ਸੰਗੀਤ ਪ੍ਰਤੀ ਪਿਆਰ ਦਾ ਪਤਾ ਲੱਗਦਾ ਹੈ। ਕੀਰਤਨ ਨੂੰ ਗੁਰੂ ਸਾਹਿਬ ਜੀ ਨੇ ਬਹੁਤ ਉੱਚਾ ਸਥਾਨ ਦਿੱਤਾ ਹੈ। ਹਰਿਮੰਦਰ ਸਾਹਿਬ ਵਿਚ ਲਗਾਤਾਰ ਕੀਰਤਨ, ਚੌਂਕੀਆਂ ਆਦਿ ਗੁਰੂ ਅਰਜਨ ਜੀ ਦੀ ਦੇਣ ਹੈ। ਸਾਰੰਦਾ ਸਾਜ ਗੁਰੂ ਜੀ ਨੇ ਆਪ ਬਣਵਾਇਆ ਅਤੇ ਸਿੱਖਾਂ ਨੂੰ ਸਿਖਾਇਆ।

4. **ਹਰਿਮੰਦਰ ਸਾਹਿਬ ਦੀ ਉਸਾਰੀ** :- ਗੁਰੂ ਸਾਹਿਬ ਦੇ ਮਹਾਨ ਕਾਰਜਾਂ ਵਿਚੋਂ ਇੱਕ ਕਾਰਜ ਸੀ, ਸਿੱਖੀ ਦੇ ਕੇਂਦਰੀ ਧੁਰੇ ਵਜੋਂ ਜਾਣੇ ਜਾਂਦੇ ਦਰਬਾਰ ਸਾਹਿਬ ਦਾ ਨਿਰਮਾਣ ਕਰਵਾਉਣਾ। ਇਸ ਮਹਾਨ ਉਸਾਰੀ ਦੀ ਪੂਰੀ ਅਗਵਾਈ ਅਤੇ ਦੇਖ-ਰੇਖ ਗੁਰੂ ਜੀ ਨੇ ਆਪ ਪੂਰੀ ਤਨਦੇਹੀ ਨਾਲ ਕੀਤੀ। ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਸਾਲੋ ਜੀ ਅਤੇ ਹੋਰ ਅਨੇਕਾਂ ਹੀ ਗੁਰਸਿੱਖਾਂ ਨੇ ਆਪ ਕਾਰਸੇਵਾ ਵਿਚ ਹਿੱਸਾ ਲਿਆ। ਦਰਬਾਰ ਸਾਹਿਬ ਇਮਾਰਤਸਾਜ਼ੀ ਦਾ ਇਕ ਬਹੁਤ ਵਿਲੱਖਣ ਨਮੂਨਾ ਹੈ। ਇਸ ਦੇ ਚਾਰ ਦਰਵਾਜੇ ਚਾਰੇ ਵਰਣਾਂ ਲਈ ਸਾਂਝੇ ਹੋਣ ਦਾ ਪ੍ਰਤੀਕ ਹਨ ਅਤੇ ਗੁਰੂ ਅਰਜਨ ਜੀ ਨੇ ਪ੍ਰਸਿੱਧ ਸੂਫ਼ੀ ਫਕੀਰ ਸਾਈਂ ਮੀਆਂ ਮੀਰ ਜੀ ਤੋਂ ਇਸ ਦੀ ਨੀਂਹ 3-1-1588 ਨੂੰ ਰਖਵਾ ਕੇ ਧਾਰਮਿਕ ਏਕਤਾ ਦੇ ਮੁੱਦਈ ਹੋਣ ਦਾ ਸਬੂਤ ਦਿੱਤਾ।

5. **ਹੋਰ ਗੁਰਦੁਆਰਿਆਂ ਦਾ ਨਿਰਮਾਣ**:- ਹਰਿਮੰਦਰ ਸਾਹਿਬ ਤੋਂ ਬਿਨਾਂ ਆਪ ਜੀ ਨੇ 1590 ’ਚ ਤਰਨਤਾਰਨ ਸਾਹਿਬ ਅਤੇ 1593 ਵਿਚ ਕਰਤਾਰਪੁਰ ਸਾਹਿਬ (ਜ਼ਿਲ੍ਹਾ ਜਲੰਧਰ) ਦਾ ਵੀ ਨਿਰਮਾਣ ਕਰਵਾਇਆ। ਇਸੇ ਤਰ੍ਹਾਂ ਗੁਰੂ ਕੀ ਵਡਾਲੀ ਦਾ ਵੀ ਨਿਰਮਾਣ ਕਰਵਾਇਆ। ਆਪ ਜੀ ਨੇ ਸਰੋਵਰ ਅਤੇ ਖੂਹ ਬਣਵਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ, ਤਾਂ ਕਿ ਪਾਣੀ ਦੀ ਘਾਟ ਪੂਰੀ ਕੀਤੀ ਜਾ ਸਕੇ। ਆਪਣੇ ਸਾਹਿਬਜ਼ਾਦੇ ਹਰਗੋਬਿੰਦ ਦੇ ਜਨਮ ਦੀ ਖੁਸ਼ੀ ਵੀ ਖੂਹ ਲਗਵਾ ਕੇ ਹੀ ਮਨਾਈ ਸੀ। ਇਨ੍ਹਾਂ ਸਭ ਥਾਵਾਂ ’ਤੇ ਗੁਰਮਤਿ ਸਿਧਾਂਤਾਂ ਅਨੁਸਾਰ ਪੰਗਤ ਅਤੇ ਸੰਗਤ ਦਾ ਪ੍ਰਵਾਹ ਚੱਲਣਾ ਜਾਰੀ ਕੀਤਾ।

6. **ਲਾਹੌਰ ਦਾ ਕਾਲ ਸਮੇਂ ਗੁਰੂ ਸਾਹਿਬ ਦਾ ਯੋਗਦਾਨ**:- 1597 ਵਿਚ ਲਾਹੌਰ ਵਿਚ ਭੁੱਖਮਰੀ ਅਤੇ ਕਾਲ ਪੈ ਗਿਆ। ਆਪ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਰੋਕ ਕੇ, ਉਸ ਲਈ ਦਸਵੰਧ ਦੀ ਆਈ ਸਾਰੀ ਰਕਮ ਨੂੰ ਲਾਹੌਰ ਦੇ ਕਾਲ ਪੀੜਿਤਾਂ ਦੀ ਮਦਦ ’ਤੇ ਖਰਚ ਕੀਤਾ। ਗੁਰੂ ਜੀ ਆਪ ਲਾਹੌਰ ਵਿਖੇ ਗਏ। ਦੁਖੀ ਜਨਤਾ ਦੀ ਮਦਦ ਕੀਤੀ। ਡੱਬੀ ਬਾਜ਼ਾਰ ਵਿਚ ਅਤੇ ਚੂਨਾ ਮੰਡੀ ’ਚ ਲੰਗਰ ਚਲਾਏ ਅਤੇ ਬਾਉਲੀ ਵੀ ਬਣਵਾਈ। (ਸਾਡੇ ਅੱਜ ਦੇ ਪ੍ਰਚਾਰਕ ਇਸ ਗੱਲ ਦਾ ਪ੍ਰਚਾਰ ਕਿਉਂ ਨਹੀਂ ਕਰਦੇ ? ਸਾਡੇ ਕਾਰ ਸੇਵਾ ਵਾਲੇ ਬਾਬੇ, ਸਾਡੀਆਂ ਸਿੱਖ ਸੰਸਥਾਵਾਂ ਜੋ ਕੌਮ ਦੀ ਮਾਇਆ ਨੂੰ ਸੰਗਮਰਮਰ ਅਤੇ ਸੋਨਾ ਲਗਾਉਣ ’ਤੇ ਖਰਚ ਕਰ ਰਹੀਆਂ ਹਨ, ਕੀ ਉਨ੍ਹਾਂ ਨੂੰ ਸਾਡੇ ਦੇਸ਼ ਦੇ ਲੱਖਾਂ ਦੁਖੀ ਲੋਕ ਨਜ਼ਰ ਨਹੀਂ ਆ ਰਹੇ ? ?)। 1598 ਵਿਚ ਜਦੋਂ ਅਕਬਰ ਗੋਇੰਦਵਾਲ ਆਇਆ, ਤਾਂ ਉਚੇਚਾ ਗੁਰੂ ਅਰਜਨ ਜੀ ਨੂੰ ਮਿਲਣ ਆਇਆ। ਉਸ ਨੇ ਗੁਰੂ ਸਾਹਿਬ ਵਲੋਂ ਕਾਲ ਪੀੜਤਾਂ ਦੀ ਮਦਦ ਕੀਤੇ ਜਾਣ ’ਤੇ ਗੁਰੂ ਜੀ ਦਾ ਧੰਨਵਾਦ ਵੀ ਕੀਤਾ। ਉਸ ਨੇ ਲੰਗਰ ਲਈ ਜਗੀਰ ਦੀ ਪੇਸ਼ਕਸ਼ ਕੀਤੀ। ਜੋ ਗੁਰੂ ਜੀ ਨੇ ਪ੍ਰਵਾਨ ਨਹੀਂ ਕੀਤੀ, ਕਿਉਂਕਿ ਲੰਗਰ ਵਿਚ ਸਭ ਦਾ ਹਿੱਸਾ ਹੁੰਦਾ ਏ ਅਤੇ ਇਹ ਕਿਸੇ ਇੱਕ ਵਲੋਂ ਨਹੀਂ ਹੋ ਸਕਦਾ। ਗੁਰੂ ਜੀ ਨੇ ਅਕਬਰ ਦੀਆਂ ਫੌਜਾਂ ਦੇ ਉਥੇ ਰਹਿਣ ਕਾਰਨ ਆਮ ਜਨਤਾ ਦੇ ਹੋਏ ਨੁਕਸਾਨ ਦੀ ਭਰਪਾਈ ਵਜੋਂ ਅਕਬਰ ਨੂੰ ਲਗਾਨ ਮੁਆਫ ਕਰਨ ਲਈ ਕਿਹਾ, ਜੋ ਉਸ ਨੇ ਖੁਸ਼ੀ ਨਾਲ ਕਰ ਵੀ ਦਿੱਤਾ ।

**ਗੁਰੂ ਜੀ ਦੀ ਸ਼ਹਾਦਤ (ਕਿਉਂ ਅਤੇ ਕਿਵੇਂ ਦਾ ਸੱਚ)**:- ਗੁਰੂ ਸਾਹਿਬ ਦੀ ਸ਼ਹੀਦੀ ਦੇ ਕਿਉਂ ਅਤੇ ਕਿਵੇਂ ਬਾਰੇ ਕੁਝ ਭੁਲੇਖੇ ਜ਼ਰੂਰ ਅਜੇ ਵੀ ਚੱਲ ਰਹੇ ਹਨ। ਸ਼ਹੀਦੀ ਦੇ ਕਾਰਨਾਂ ਵਿਚੋਂ ਮੁੱਖ ਕਾਰਨ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ। ਸਖੀ ਸਰਵਰੀਏ ਅਤੇ ਅਹਿਮਦੀਏ ਜਮਾਤ ਦੇ ਲੋਕ ਗੁਰਮਤਿ ਸਿਧਾਂਤਾਂ ਤੋਂ ਵਾਹਵਾ ਔਖੇ ਸਨ। ਕਿਹਾ ਜਾਂਦਾ ਏ ਕਿ ਚੰਦੂ ਦੀ ਬੇਟੀ ਦਾ ਸਾਕ ਹਰਗੋਬਿੰਦ ਜੀ ਲਈ ਪ੍ਰਵਾਨ ਨਾ ਕਰਨ ’ਤੇ ਉਹ ਬਹੁਤ ਨਾਰਾਜ਼ ਸੀ। ਇਹ ਗੱਲ ਠੀਕ ਹੈ, ਇਹ ਵੀ ਠੀਕ ਹੈ ਕਿ ਉਹ ਰਾਜੇ ਦਾ ਦਰਬਾਰੀ ਸੀ ਪਰ ਸ. ਖੁਸ਼ਵੰਤ ਸਿੰਘ ਇਤਿਹਾਸਕਾਰ ਦੀ ਖੋਜ ਅਨੁਸਾਰ ਚੰਦੂ ਕਿਸੇ ਐਡੇ-ਵੱਡੇ ਅਹੁਦੇ ’ਤੇ ਨਹੀਂ ਸੀ ਕਿ ਉਹ ਬਾਦਸ਼ਾਹ ਨੂੰ ਰਿਸ਼ਤਾ ਠੁਕਰਾਏ ਜਾਣ ’ਤੇ ਹੀ ਕਤਲ ਕੀਤੇ ਜਾਣ ਦਾ ਹੁਕਮ ਦੇਣ ਲਈ ਮਜਬੂਰ ਕਰਦਾ। ਆਦਿ ਗ੍ਰੰਥ ਦੀ ਸੰਪਾਦਨਾ ਵਿਚ ਵੱਖ-ਵੱਖ ਸੰਤ ਕਵੀਆਂ ਦੀ ਰਚਨਾ ਸ਼ਾਮਲ ਕੀਤੀ ਜਾਣੀ ਅਤੇ ਜਹਾਂਗੀਰ ਦੇ ਕਹਿਣ ’ਤੇ ਵੀ ਗੁਰੂ ਸਾਹਿਬ ਵਲੋਂ ਉਸ ਵਿਚ ਕੋਈ ਤਬਦੀਲੀ ਨਾ ਕਰਨਾ, ਸ਼ਾਹੀ ਤਖਤ ਅਤੇ ਗੁਰੂ ਘਰ ਵਿਚ ਦੂਰੀ ਹੋਰ ਵਧਾਉਂਦਾ ਹੈ। ਪਰ ਇਹ ਵੀ ਸ਼ਹੀਦੀ ਦੇ ਮੁੱਖ ਕਾਰਨ ਵਿਚ ਨਹੀਂ ਕਹਿ ਸਕਦੇ। ਖੁਸਰੋ ਦੀ ਬਗਾਵਤ ਅਤੇ ਖੁਸਰੋ ਦੇ ਗੁਰੂ ਦਰਬਾਰ ਵਿਚ ਆਉਣ ’ਤੇ ਗੁਰੂ ਸਾਹਿਬ ਵਲੋਂ ਉਸਨੂੰ ਪਿਆਰ ਸਤਿਕਾਰ ਦੇਣਾ ਸ਼ਹੀਦੀ ਦਾ ਤਤਕਾਲੀ ਅਤੇ ਮੁੱਖ ਕਾਰਨ ਬਣਦਾ ਹੈ। ਜਹਾਂਗੀਰ ਦੀ ਆਪਣੀ ਲਿਖਤ, ਜੋ ਉਹ ਤੁਜਕੇ-ਜਹਾਂਗੀਰੀ ਵਿਚ ਲਿਖਦਾ ਹੈ, ਉਸ ਨੂੰ ਅਸੀਂ ਵੱਡਾ ਅਤੇ ਵਧੀਆ ਸਬੂਤ ਮੰਨ ਸਕਦੇ ਹਾਂ। ਜਹਾਂਗੀਰ ਦੇ ਆਪਣੇ ਸ਼ਬਦ ਧਿਆਨ ਦੇਣ ਯੋਗ ਹਨ:--

“ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਿਚ ਇੱਕ ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਅਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਅਰਜਨ ਆਖਦੇ ਸਨ। ਤਿੰਨ-ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚੱਲ ਰਹੀ ਸੀ। ਚਿਰ ਤੋਂ ਮੈਂ ਸੋਚ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ। ਜਾਂ ਇਸ ਗੁਰੂ ਨੂੰ ਇਸਲਾਮ ਵਿਚ ਲਿਆ ਜਾਵੇ। ਇਨ੍ਹਾਂ ਦਿਨਾਂ ਵਿਚ ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ’ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸਦੀ ਕਾਮਯਾਬੀ ਦੀ ਅਰਦਾਸ ਕੀਤੀ, ਉੱਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸਦਾ ਪਤਾ ਲੱਗਿਆ, ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ। ਉਸਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜ਼ਾ ਖਾਂ ਦੇ ਹਵਾਲੇ ਕਰ ਕੇ ਉਸ ਨੂੰ ਯਾਸਾ ਦੰਡ ਦੇ ਕੇ ਮਾਰ ਦਿੱਤਾ ਜਾਵੇ।”

ਜਹਾਂਗੀਰ ਦੇ ਲਿਖੇ ਇਹ ਸ਼ਬਦ ਮਹੱਤਵਪੂਰਨ ਹਨ। ਇਹ ਤਾਂ ਹੋ ਸਕਦਾ ਏ ਕਿ ਉਸਨੂੰ ਖਬਰ ਦੇਣ ਵਾਲਿਆਂ ਨੇ ਟਿੱਕਾ ਲਗਾਉਣ ਵਰਗੀ ਗੱਲ ਵਧਾ-ਚੜ੍ਹਾ ਕੇ ਕਹਿ ਦਿੱਤੀ ਹੋਵੇ। ਪਰ ਮੁੱਖ ਕਾਰਨ ਅਤੇ ਜਹਾਂਗੀਰ ਵੱਲੋਂ ਮਾਰੇ ਜਾਣ ਦਾ ਹੁਕਮ ਦਿੱਤੇ ਜਾਣਾ ਸਪੱਸ਼ਟ ਹੁੰਦਾ ਹੈ। ਉਪਰੋਕਤ ਹੁਕਮ ਅਨੁਸਾਰ ਮੁਰਤਜ਼ਾ ਖਾਂ ਨੇ 24 ਮਈ ਨੂੰ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਰਾਜੇ ਕੋਲ ਪੇਸ਼ ਕਰ ਦਿੱਤਾ। ਸਜ਼ਾ ਦਿੱਤੇ ਜਾਣ ਦੀ ਚੰਦੂ ਦੀ ਡਿਊਟੀ ਲਗਾਈ ਦੱਸੀ ਜਾਂਦੀ ਹੈ, ਜਿਸ ਨੇ ਰਿਸ਼ਤਾ ਠੁਕਰਾਏ ਜਾਣ ਵਾਲੀ ਗੱਲ ਦਾ ਬਦਲਾ ਲੈਣ ਲਈ ਵਧੇਰੇ ਜ਼ੁਲਮ ਕੀਤੇ ਜਾਣ ਦੀ ਸੰਭਾਵਨਾ ਸਹੀ ਸਾਬਤ ਹੁੰਦੀ ਹੈ।

ਯਾਸਾ ਸਜ਼ਾ ਉਹ ਹੁੰਦੀ ਹੈ, ਜਿਸ ਵਿਚ ਮੁਲਾਜ਼ਮ ਨੂੰ ਤਸੀਹੇ ਦੇ ਕੇ ਇਸ ਤਰ੍ਹਾਂ ਮਾਰਿਆ ਜਾਂਦਾ ਏ, ਜਿਸ ਨਾਲ ਉਸਦੇ ਖੂਨ ਦੀ ਇੱਕ ਵੀ ਤਿੱਪ ਧਰਤ ’ਤੇ ਨਾ ਡੁੱਲੇ। ਪ੍ਰਚੱਲਿਤ ਕਥਾਵਾਂ ਅਨੁਸਾਰ ਅਸੀਂ ਇਹ ਹੀ ਪੜ੍ਹਦੇ-ਸੁਣਦੇ ਆਏ ਹਾਂ ਕਿ ਗੁਰੂ ਜੀ ਨੂੰ ਤੱਤੀ ਤਵੀ ’ਤੇ ਬਿਠਾ ਕੇ ਹੇਠਾਂ ਅੱਗ ਬਾਲੀ ਗਈ ਅਤੇ ਉਪਰੋਂ ਤੱਤਾ ਰੇਤਾ ਪਾਇਆ ਗਿਆ। ਇਸ ਦਾ ਮੁੱਖ ਸਰੋਤ ਗਿਆਨੀ ਸੰਤੋਖ ਸਿੰਘ ਜੀ ਰਚਿਤ ਸੂਰਜ ਪ੍ਰਕਾਸ਼ ਹੈ। ਪ੍ਰਸਿੱਧ ਇਤਿਹਾਸਕਾਰ ਅਤੇ ਖੋਜੀ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਜੀ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਦੇਗ ਵਿਚ ਉਬਾਲਿਆ ਗਿਆ ਅਤੇ ਇਸ ਮਗਰੋਂ ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਕੇ ਤਪਦੀ ਰੇਤ ਵਿਚ ਸੁੱਟਿਆ ਗਿਆ। ਜੇਠ ਦੇ ਮਹੀਨੇ ਵਿਚ ਰੇਤ ਅੱਗ ਵਾਂਗ ਤਪ ਰਹੀ ਸੀ। ਉਹ ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਲਿਖਦੇ ਹਨ

“ਚਾਰ ਦਿਨ ਉਨ੍ਹਾਂ ਨੂੰ ਰਾਵੀ ਦੇ ਕੰਢੇ ‘ਤੱਤੀ ਤਵੀ ਵਾਂਗ’ ਤਪਦੀ ਹੋਈ ਰੇਤ ਵਿਚ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਇਸ ਸਮੇ ਉਥੋਂ ਲੰਘਦੇ ਮੁਸਲਮਾਨ ਉਨ੍ਹਾਂ ’ਤੇ ਪੱਥਰ ਮਾਰਦੇ ਗਏ ਤੇ ਇਨ੍ਹਾਂ ਵਿਚੋਂ ਇੱਕ ਪੱਥਰ ਜਾਨ-ਲੇਵਾ ਸਾਬਤ ਹੋਇਆ। ਮਗਰੋਂ ਉਨ੍ਹਾਂ ਦੇ ਜਿਸਮ ਨੂੰ ਪੱਥਰਾਂ ਨਾਲ ਬੰਨ੍ਹ ਕੇ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ।” ....(ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚੈਪਟਰ 5, ਬੰਦ 137-39)

ਦਬਿਸਤਾਨ-ਇ-ਮਜਾਹਿਬ ਦੇ ਲੇਖਕ ਮੁਤਾਬਿਕ ਵੀ ਗੁਰੂ ਜੀ ਨੂੰ ਤਪਦੀ ਰੇਤ ਵਿਚ ਬਿਠਾ ਕੇ ਉਨ੍ਹਾਂ ਦੇ ਨੰਗੇ ਜਿਸਮ ’ਤੇ ਤੱਤੀ ਰੇਤ ਪਾਈ ਗਈ ਸੀ ਤੇ ਨਾਲ ਹੀ ਹੋਰ ਵੀ ਤਸ਼ੱਦਦ ਕੀਤਾ ਗਿਆ ਸੀ, ਜਿਸ ਨਾਲ ਉਨ੍ਹਾਂ ਦਾ ਜਿਸਮ ਛਾਲੇ ਪੈਣ ਮਗਰੋਂ ਸੜ-ਗਲ ਗਿਆ ਤੇ ਅਖੀਰ ਉਨ੍ਹਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਦਰਿਆ ਵਿਚ ਰੋੜ੍ਹ ਦਿੱਤਾ ਗਿਆ।.. (ਮਊਬਾਦ ਜ਼ੁਲਫਿਕਾਰ ਅਰਦਸਤਾਨੀ)

ਡਾਕਟਰ ਦਿਲਗੀਰ ਨੇ ਸੰਤੋਖ ਸਿੰਘ ਬਾਰੇ ਇਹ ਵੀ ਲਿਖਿਆ ਹੈ ਕਿ ਉਹ ਆਪ ਇੱਕ ਵਾਰੀ ਲਿਖਦੇ ਹਨ ਕਿ ਗੁਰੂ ਜੀ ਨੇ ਖੁਦ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ ਸੀ ਅਤੇ ਸੰਸਕਾਰ ਨਾ ਕੀਤੇ ਜਾਣ ਬਾਰੇ ਕਿਹਾ ਸੀ (ਚੈਪਟਰ 37, ਬੰਦ 31) ਜਦਕਿ ਇਸੇ ਪੁਸਤਕ ਦੇ ਇਸੇ ਚੈਪਟਰ (ਬੰਦ 39 ਤੋਂ 48) ਵਿਚ ਲਿਖਿਆ ਹੈ ਕਿ ਉਨ੍ਹਾਂ ਇਕ ਬ੍ਰਾਹਮਣ ਦੇ ਘਰੋਂ ਘਾਹ ਮੰਗਵਾਇਆ, ਉਸ ਉੱਪਰ ਲੇਟ ਗਏ ਅਤੇ ਫੇਰ ਦੇਵਤੇ ਉਨ੍ਹਾਂ ਦੀ ਰੂਹ ਨੂੰ ਲੈ ਗਏ। ਰਾਸ ਚੌਥੀ ਵਿਚ ਜਲ ਪ੍ਰਵਾਹ ਲਿਖਿਆ ਹੈ, ਜਦਕਿ ਇਸੇ ਸੂਰਜ ਪ੍ਰਕਾਸ਼ ਦੀ ਰਾਸ ਪੰਜਵੀ (ਚੈਪਟਰ 10, ਬੰਦ 41) ਵਿਚ ਉਹ ਗੁਰੂ ਜੀ ਦਾ ਸੰਸਕਾਰ ਵੀ ਕਰਵਾ ਦਿੰਦਾ ਹੈ। ਡਾਕਟਰ ਦਿਲਗੀਰ ਅਨੁਸਾਰ ਰਾਵੀ ਦੇ ਕੰਢੇ ਤਪਦੀ ਰੇਤ ਨੂੰ ਤੱਤੀ ਤਵੀ (ਤਵੀ ਵੀ ਤਪੀ ਤੋਂ ਬਣਿਆ ਹੈ) ਨਾਲ ਤਸ਼ਬੀਹ ਦਿੱਤੀ ਜਾਂਦੀ ਸੀ। ਇਹੋ ਜਿਹੀ ਤਵੀ ਲਾਹੌਰ ਹੀ ਨਹੀਂ, ਜੰਮੂ ਵਿਚ ਵੀ ਝਨਾਂ ਦੀ ਸਹਾਇਕ ਨਦੀ ਦੇ ਕੰਢੇ ਨੂੰ ਵੀ ਤਵੀ ਕਹਿੰਦੇ ਸਨ। ਅੱਜ ਵੀ ਜੰਮੂ ਦਾ ਉਹ ਇਲਾਕਾ “ਜੰਮੂ ਤਵੀ” ਅਖਵਾਉਂਦਾ ਹੈ।

ਇਹ ਗੱਲ ਸਪੱਸ਼ਟ ਹੈ ਕਿ ਗੁਰੂ ਜੀ ਨੂੰ ਬਹੁਤ ਜ਼ਿਆਦਾ ਤਸੀਹੇ ਦਿੱਤੇ ਗਏ ਸਨ। ਸਿੱਖ ਇਤਿਹਾਸ ਵਿਚ ਸ਼ਹੀਦੀ ਦਾ ਮੁੱਢ ਬੰਨ੍ਹਿਆ ਗਿਆ ਸੀ ਅਤੇ ਇਸੇ ਹੀ ਪ੍ਰੇਰਨਾ ਸਦਕਾ ਹੋਰ ਕਿੰਨੀਆਂ ਹੀ ਸ਼ਹੀਦੀਆਂ ਇਤਿਹਾਸ ਨੇ ਦਰਜ ਕੀਤੀਆਂ ਹਨ। ਇਹ ਵੀ ਜ਼ਿਕਰ ਆਉਂਦਾ ਏ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਹਰਗੋਬਿੰਦ ਜੀ ਨੂੰ ਗੁਰਗੱਦੀ ਦੇਣ ਸਮੇਂ ਆਪ ਜੀ ਨੇ ਉਨ੍ਹਾਂ ਨੂੰ ਸ਼ਕਤੀ ਧਾਰਨ ਕਰਨ ਬਾਬਤ ਵੀ ਇਸ਼ਾਰਾ ਕਰ ਦਿੱਤਾ ਸੀ, ਜਿਸ ’ਤੇ ਅਮਲ ਕਰਦਿਆਂ ਹੀ ਗੁਰੂ ਹਰਗੋਬਿੰਦ ਜੀ ਨੇ ਭਗਤੀ ਅਤੇ ਸ਼ਕਤੀ ਦਾ ਸੰਕਲਪ ਸਾਹਮਣੇ ਲਿਆਂਦਾ ਸੀ।

ਇੱਕ ਪਾਸੇ ਭੱਟਾਂ ਨੇ ਪਹਿਲੇ ਗੁਰੂ ਸਾਹਿਬਾਨ ਸਮੇਤ ਗੁਰੂ ਅਰਜਨ ਜੀਂ ਦੀ ਸਿਫਤ ਸਲਾਹ ਲਿਖੀ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪ ਜੀ ਦੇ ਗੁਣਾਂ ਦਾ ਜ਼ਿਕਰ ਇੰਝ ਕੀਤਾ ਹੈ :-

“ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤ ਨਿਰਬਾਣੀ॥
ਦਰਸ਼ਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਜਾਣੀ॥
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ॥
ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ॥
ਗੁਰਮੁਖਿ ਸੁਖ ਫਲ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ॥
ਗੁਰ ਅਰਜਨ ਵਿਟਹੁ ਕੁਰਬਾਣੀ॥.........
(ਭਾਈ ਗੁਰਦਾਸ ਜੀ, ਵਾਰ 24, ਪਉੜੀ 23)

# ਬੱਚਿਆਂ ਨੂੰ ਬਚਾਓ ਤੰਬਾਕੂ ਇੰਡਸਟਰੀ ਦੇ ਵੱਧ ਰਹੇ ਦਖਲ ਤੋਂ

**"ਤੰਬਾਕੂ ਇੰਡਸਟਰੀ ਦਾ ਵੱਧ ਰਿਹਾ ਦਖਲ ਯਾਨਿ ਇਸ਼ਤਿਹਾਰਬਾਜੀ ਬੱਚਿਆਂ ਨੂੰ ਆਪਣੇ ਵੱਲ ਖਿੱਚ ਰਹੀ ਹੈ। ਤੰਬਾਕੂ ਤੇ ਇਸਦਾ ਧੂੰਆ ਪੂਰੀ ਦੁਨੀਆਂ ਨੂੰ ਖਤਰਨਾਕ ਬਿਮਾਰੀਆਂ ਦੇਣ ਦੇ ਨਾਲ-ਨਾਲ ਵਿਸ਼ਵ ਵਾਤਾਵਰਣ ਨੂੰ ਜ਼ਹਿਰੀਲਾ ਕਰਕੇ ਹਰ ਜੀਵ ਨੂੰ ਸਰੀਰਕ-ਮਾਨਸਿਕ ਤੌਰ 'ਤੇ ਨਿਪੁੰਸਕ ਬਣਾ ਰਿਹਾ ਹੈ। ਹੈਲਦੀ ਤੇ ਸੇਫ ਲਾਈਫ ਲਈ ਅੱਜ ਹੀ ਤੰਬਾਕੂ ਛੱਡਣ ਦਾ ਵਚਨ ਲੈਣ ਦੀ ਲੋੜ ਹੈ"- ਅਨਿਲ ਧੀਰ**

ਸਾਲ 2024 ਦੇ ਵਿਸ਼ਵ ਨੋ ਤੰਬਾਕੂ ਦਿਵਸ ਦਾ ਥੀਮ ਹੈ- "ਤੰਬਾਕੂ ਇੰਡਸਟਰੀ ਦੇ ਜ਼ਿੰਦਗੀ 'ਚ ਵੱਧ ਰਹੇ ਦਖਲ ਤੋਂ ਆਪਣੇ ਪਰਿਵਾਰ, ਦੋਸਤ-ਮਿੱਤਰਾਂ ਨੂੰ ਬਚਾਓ" ਬਾਰੇ ਪੂਰੀ ਦੁਨੀਆਂ ਨੂੰ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ 2020 ਵਿਚ ਸਾਲ 2021 ਵਿਚ ਤੰਬਾਕੂ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲ USA



ਛੱਡਣ ਲਈ ਇੱਕ ਮੁਹਿਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿਮ ਦਾ ਮਕਸਦ ਕਰੀਬਨ 101 ਮਿਲੀਅਨ ਤੋਂ ਵੱਧ ਲੋਕਾਂ ਨੂੰ ਤੰਬਾਕੂ ਛੱਡਣ 'ਚ ਮਦਦ ਕਰਨਾ ਸੀ। ਮਹਾਂਮਾਰੀ ਕੋਵਿਡ-19 ਦੇ ਚੱਲਦੇ ਹੋਏ ਲੱਖਾਂ ਲੋਕ ਕਿਸੇ ਨਾ ਕਿਸੇ ਸ਼ਕਲ ਵਿਚ, ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੇ ਨਾਮੁਰਾਦ ਆਦਤ ਨੂੰ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ।

ਤੰਬਾਕੂ ਕਾਰਨ ਬਿਮਾਰੀ ਨਾਲ ਹਰ ਸਾਲ ਕਰੀਬਨ 9.6 ਮਿਲੀਅਨ ਲੋਕ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਅੱਜ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਵਿਸ਼ਵਵਿਆਪੀ ਪੱਧਰ 'ਤੇ ਅੰਦਾਜ਼ਨ 1.6 ਟ੍ਰਿਲੀਅਨ ਡਾਲਰ ਦੇ ਖਰਚੇ ਦਾ ਬੋਝ ਬਣ ਚੁੱਕਾ ਹੈ।

- ਹੈਲਥ ਬੀਮਾ ਕੰਪਨੀਆਂ ਤੰਬਾਕੂਨੋਸ਼ੀ ਕਰਨ ਵਾਲਿਆਂ ਤੋਂ ਕਰੀਬਨ 72% ਵੱਧ ਰੇਟ ਲੈਂਦੇ ਹਨ।
- 18 ਸਾਲ ਤੋਂ ਵੱਧ ਉਮਰ ਦੇ ਲਗਭਗ 6 ਮਿਲੀਅਨ ਲੋਕ ਇਲੈਕਟ੍ਰਾਨਿਕ ਨਿਕੋਟਿਨ-ਇਨਹੇਲਿੰਗ ਉਪਕਰਣਾਂ ਈ-ਸਿਗਰੇਟ, ਵੀਡ ਅਤੇ ਵੇਪ ਦਾ ਇਸਤੇਮਾਲ ਕਰ ਰਹੇ ਹਨ।
- ਸਿਰਫ ਅਮਰੀਕਾ 'ਚ ਤੰਬਾਕੂਨੋਸ਼ੀ ਨਾਲ 491,000 ਤੋਂ ਵੱਧ ਅਤੇ ਸੈਕਿੰਡ-ਹੈਂਡ ਸਮੋਕ ਧੂੰਏ ਦੇ ਐਕਸਪੋਜ਼ਰ ਕਾਰਨ ਕਰੀਬਨ 51,000 ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇੱਕ ਰਿਪੋਰਟ ਮੁਤਾਬਿਕ ਤੰਬਾਕੂਨੋਸ਼ੀ ਕਾਰਨ ਗੰਭੀਰ ਬਿਮਾਰੀਆਂ ਨਾਲ 2030 ਤੱਕ ਹਰ ਸਾਲ ਕਈ ਮਿਲੀਅਨ ਮੌਤ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਹੈ।








## ਤੰਬਾਕੂ ਦਾ ਮਨ-ਸਰੀਰ 'ਤੇ ਅਸਰ:

- ਤੰਬਾਕੂ ਕਾਰਨ ਸਾਹ ਲੈਣ ਵੇਲੇ ਅਤੇ ਕੱਪੜੇ, ਚਮੜੀ, ਪੂਰੇ ਘਰ-ਦਫਤਰ ਵਿਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।
- ਦੰਦਾਂ 'ਤੇ ਪੀਲੀ ਪਰਤ ਜੰਮ ਜਾਂਦੀ ਹੈ। ਚਮੜੀ 'ਤੇ ਸਮੇਂ ਤੋਂ ਪਹਿਲਾਂ ਅੱਖਾਂ ਦੇ ਆਲੇ-ਦੁਆਲੇ ਅਤੇ ਲਿਪਸ 'ਤੇ ਝੁਰੜੀਆਂ ਪੈ ਜਾਂਦੀਆਂ ਹਨ। ਵਿਟਾਮਿਨ-ਏ ਦੀ ਕਮੀ ਦੇ ਨਾਲ ਬਲੱਡ ਸਰਕੂਲੇਸ਼ਨ ਘੱਟ ਜਾਂਦਾ ਹੈ। ਚਮੜੀ ਖੁਸ਼ਕ ਹੋ ਜਾਣ ਕਰਕੇ ਖਾਰਿਸ਼, ਦਾਦ ਪੈਦਾ ਹੋ ਜਾਂਦੀ ਹੈ।
- ਸੈਕਿੰਡ-ਹੈਂਡ ਸਮੋਕ ਦੇ ਧੂੰਏ ਨਾਲ ਬੱਚਿਆਂ ਦੇ ਫੇਫੜਿਆਂ ਅੰਦਰ ਸੋਜ਼ਿਸ਼ ਰਹਿਣ ਕਾਰਨ ਦਮੇ ਤੋਂ ਬਾਅਦ ਦਾ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ।




ਸਰੀਰ ਅੰਦਰ ਤੰਬਾਕੂ ਕਾਰਨ ਕਰੀਬਨ 20 ਕਿਸਮ ਦੇ ਕੈਂਸਰ ਪੈਦਾ ਹੋ ਸਕਦੇ ਹਨ।

- ਜੱਲਦੀ ਹੋਈ ਸਿਗਰੇਟ ਕਾਰਨ ਅੱਗ ਲੱਗਣ ਨਾਲ ਮੌਤ ਦਾ ਅੰਕੜਾ ਵੀ ਵੱਧ ਰਿਹਾ ਹੈ।
- ਤੰਬਾਕੂਨੋਸ਼ੀ ਟਾਈਪ-2 ਡਾਇਬਟੀਜ਼ ਦਾ ਖਤਰਾ ਵਧਾ ਦਿੰਦਾ ਹੈ।
- ਘਰ ਅੰਦਰ ਸੈਕਿੰਡ-ਹੈਂਡ ਸਮੋਕ ਕਾਰਨ ਛੋਟੇ ਬੱਚਿਆਂ ਵਿਚ ਕੰਨ ਦੀ ਬਿਮਾਰੀ ਯਾਨਿ ਘੱਟ ਸੁਣਨ ਦੀ ਸਮੱਸਿਆ ਆ ਸਕਦੀ ਹੈ।
- ਤੰਬਾਕੂਨੋਸ਼ੀ ਕਰਨ ਵਾਲੇ ਨਿਪੁੰਸਕਤਾ, ਪੁਰਸ਼ਾਂ ਅੰਦਰ ਕਮਜ਼ੋਰ ਸ਼ੁਕਰਾਣੂਆਂ, ਘੱਟ ਗਿਣਤੀ, ਬਾਂਝਪਨ, ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਅਤੇ ਜਨਮ ਸਮੇਂ ਘੱਟ ਭਾਰ ਹੋਣਾ, ਵਰਗੀ ਸਮੱਸਿਆ ਦੇ ਸ਼ਿਕਾਰ ਹੋ ਸਕਦੇ ਹਨ।

## ਐਕਸ਼ਨ ਲਈ ਜਾਗਰੂਕ ਹੋਵੋ

ਤੰਬਾਕੂ ਨੂੰ ਅਲਵਿਦਾ ਕਹਿਣ ਵਿਚ ਆਪਣੇ ਦੋਸਤ-ਮਿੱਤਰਾਂ, ਸੋਸ਼ਲ ਸੰਸਥਾਂਵਾਂ ਦੀ ਮਦਦ ਲੈ ਸਕਦੇ ਹੋ। ਤੰਬਾਕੂ ਛੱਡਣ ਵਿਚ ਚੰਗੀ ਰਣਨੀਤੀ ਕੰਮ ਕਰਦੀ ਹੈ। ਇਸ ਆਦਤ ਤੋਂ ਛੁਟਕਾਰਾ ਪਾ ਕੇ ਹਾਰਟ-ਬੀਟ ਰੈਗੂਲਰ ਹੋ ਜਾਣ ਦੇ ਨਾਲ, ਸਰੀਰ ਅੰਦਰ ਬਲੱਡ ਦੇ ਕਾਰਬਨ ਮੋਨੋਆਕਸਾਈਡ ਦਾ ਪੱਧਰ ਠੀਕ ਹੋ ਜਾਂਦਾ ਹੈ। ਕਿਸੇ ਵੀ ਟੈਨਸ਼ਨ ਦੌਰਾਣ ਸਾਦਾ ਪਾਣੀ ਪੀਣਾ ਸ਼ੁਰੂ ਕਰ ਦਿਓ ਅਤੇ ਚਿਊਇੰਗ ਗੰਮ ਚਬਾਓ। ਨਿਕੋਟਿਨ ਦੀ ਤਲਬ ਪੈਦਾ ਹੁੰਦੇ ਹੀ ਦੋਸਤਾਂ ਨਾਲ ਫੋਨ 'ਤੇ ਗੱਲਬਾਤ, ਟੈਕਸਟਿੰਗ, ਲਗਾਤਾਰ 5 ਵਾਰ ਆਪਣੇ ਸ਼ੂਜ਼ ਪਾਓ ਤੇ ਉਤਾਰੋ। ਘਰ ਅੰਦਰ ਪਾਲਤੂ ਡਾਗ ਨੂੰ ਸੈਰ ਲਈ ਬਾਹਰ ਲੈ ਜਾਓ। ਤੰਬਾਕੂ ਛੱਡਣ ਵਿਚ ਪੌਸ਼ਟਿਕ ਖੁਰਾਕ- ਤਾਜ਼ੇ ਫਲ, ਸਬਜ਼ੀਆਂ, ਕੱਚਾ ਪਨੀਰ, ਚੀਜ਼, ਭੁੱਜੇ ਹੋਏ ਚਨੇ ਦੀ ਵਰਤੋਂ ਜ਼ਿਆਦਾ ਕਰੋ। ਇਸ ਆਦਤ ਤੋਂ ਛੁਟਕਾਰਾ ਪਾ ਕੇ ਬਚਤ ਕਰਕੇ ਸਿਹਤ ਅਤੇ ਪੈਸਿਆਂ ਪੱਖੋਂ ਅਮੀਰ ਬਣ ਜਾਓ। ਵਿਸ਼ਵ ਭਰ 'ਚ ਤੰਬਾਕੂ ਨਹੀਂ, ਭੋਜਨ ਉਗਾਓ।

# ਆਓ ਤੰਬਾਕੂਨੋਸ਼ੀ ਬਾਰੇ ਜਾਣੀਏ

ਜਗਤਾਰ ਸਿੰਘ ਸਿੱਧੂ
-ਪਿੰਡ ਰੁਲਦੂ ਸਿੰਘ ਵਾਲਾ,
ਤਹਿਸੀਲ ਧੂਰੀ (ਸੰਗਰੂਰ)
ਸੰਪਰਕ : 98141-07374
ਪੰਜਾਬ ਮੇਲ USA



ਲੋਕਾਂ ਨੂੰ ਤੰਬਾਕੂ ਸੇਵਨ ਨਾਲ ਹੁੰਦੇ ਨੁਕਸਾਨ ਬਾਰੇ ਚੁਕੰਨੇ ਕਰਨ ਲਈ ਹਰ ਸਾਲ 31 ਮਈ ਨੂੰ ਸੰਸਾਰ ਤੰਬਾਕੂ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮਹੱਤਵ ਲੋਕਾਂ ਨੂੰ ਤੰਬਾਕੂ ਵਪਾਰ ਦੇ ਨਾਕਾਰਾਤਮਕ ਪ੍ਰਸਾਰ ਅਤੇ ਪ੍ਰਚਾਰ ਨੂੰ ਰੋਕਣਾ ਅਤੇ ਇਸ ਤੋਂ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਆਮ ਲੋਕਾਂ ਨੂੰ ਜਾਣੂ ਕਰਵਾਉਣਾ ਹੈ। ਤੰਬਾਕੂ ਦੀ ਵਰਤੋਂ ਦੋ ਪ੍ਰਕਾਰ ਦੀ ਹੁੰਦੀ ਹੈ, ਧੂੰਆਂ ਵਾਲਾ ਅਤੇ ਧੂੰਆਂ ਰਹਿਤ। ਦੁਨੀਆਂ ਵਿਚ ਹਰ ਸਾਲ 70 ਲੱਖ ਤੋਂ ਜ਼ਿਆਦਾ ਮੌਤਾਂ ਤੰਬਾਕੂ ਦੀ ਵਰਤੋਂ ਕਾਰਨ ਹੋ ਜਾਂਦੀਆਂ ਹਨ ਅਤੇ ਤਕਰੀਬਨ 8 ਲੱਖ 90 ਹਜ਼ਾਰ ਮੌਤਾਂ ਧੂਆਂ ਰਹਿਤ ਤੰਬਾਕੂ ਸੇਵਨ ਨਾਲ ਹੁੰਦੀਆਂ ਹਨ। ਵਿਸ਼ਵ ਸਿਹਤ ਸੰਗਠਨ ਦੇ ਮੈਂਬਰ ਪ੍ਰਾਂਤਾਂ ਨੇ 1987 ਵਿਚ ਤੰਬਾਕੂ ਵਿਰੋਧੀ ਦਿਵਸ ਮਨਾਇਆ। ਰਾਸ਼ਟਰੀ ਤੰਬਾਕੂ ਵਿਰੋਧੀ ਪ੍ਰੋਗਰਾਮ ਸਾਲ 2007-08 ਵਿਚ ਦੇਸ਼ ਦੇ 21 ਰਾਜਾਂ ਵਿਚਲੇ 42 ਜ਼ਿਲ੍ਹਿਆਂ ਵਿਚ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਸ਼ੁਰੂ ਕੀਤਾ ਗਿਆ। 1987 ਵਿਚ ਸੰਸਾਰ ਸਿਹਤ ਸੰਗਠਨ ਨੇ ਇੱਕ ਮਤਾ ਪਾਸ ਕਰਵਾ ਕੇ 7 ਅਪ੍ਰੈਲ 1988 ਨੂੰ "ਇੱਕ ਵਿਸ਼ਵ ਤੰਬਾਕੂ ਨਾ ਸੇਵਨ ਕਰਨ ਵਾਲਾ" ਦਿਨ ਮਨਾਇਆ ਅਤੇ ਫਿਰ ਹਰ ਸਾਲ 31 ਮਈ ਦੁਨੀਆਂ ਨੂੰ ਪੱਕੇ ਤੌਰ 'ਤੇ ਵਿਸ਼ਵ ਤੰਬਾਕੂ ਦਿਵਸ ਮਨਾਉਣ ਦੀ ਸਹਿਮਤੀ ਬਣਾਈ ਗਈ। 2008 ਵਿਚ ਤੰਬਾਕੂ ਉਤਪਾਦਾਂ ਦੀ ਵਿਕਰੀ ਅਤੇ ਮਸ਼ਹੂਰੀ ਕਰਨ 'ਤੇ ਰੋਕ ਲਗਾਉਣ ਲਈ ਦੇਸ਼ ਦੇ ਸਮੁੱਚੇ ਪ੍ਰਾਂਤਾਂ ਨੂੰ ਸੱਦਾ ਦਿੱਤਾ। ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਨੌਜਵਾਨ ਪੀੜ੍ਹੀ ਤੰਬਾਕੂ ਦੀ ਇਸ਼ਤਿਹਾਰਬਾਜ਼ੀ ਤੋਂ ਬਹੁਤ ਛੇਤੀ ਪ੍ਰਭਾਵਿਤ ਹੋ ਕੇ ਇਸ ਦਾ ਸੇਵਨ ਕਰਨ ਲੱਗ ਜਾਂਦੀ ਹੈ। ਹਰ ਸਾਲ ਇਸ ਦਿਨ 'ਤੇ ਇੱਕ ਨਵਾਂ ਨਾਅਰਾ (ਥੀਮ) ਦਿੱਤਾ ਜਾਂਦਾ ਹੈ। ਪਿਛਲੇ ਸਾਲਾਂ ਵਿਚ ਜਿਵੇਂ ਕਿ ਤਰੱਕੀ ਲਈ ਖਤਰਾ, ਤੰਬਾਕੂ ਤੋੜਦਾ ਦਿਲ, ਜ਼ਿੰਦਗੀ ਚੁਣੋ ਤੰਬਾਕੂ ਨਹੀਂ, ਤੰਬਾਕੂ ਅਤੇ ਫੇਫੜਿਆਂ ਦੀ ਸਿਹਤ, ਫੇਫੜਿਆਂ ਤੇ ਤੰਬਾਕੂ ਦਾ ਖਤਰਾ ਜਿਹੇ ਸਲੋਗਨ ਦਿੱਤੇ ਗਏ। ਇਸ ਸਾਲ 2024 ਲਈ ਸਲੋਗਨ (**Protecting Children From Tobacco Industry Interference**) "ਤੰਬਾਕੂ ਉਦਯੋਗ ਦੀ ਦਖਲਅੰਦਾਜ਼ੀ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖੋ" ਹੈ।

**ਤੰਬਾਕੂ ਸੇਵਨ ਦੀਆਂ ਹਾਨੀਆਂ:-** ਇਸਦੇ ਸੇਵਨ ਨਾਲ ਸਰੀਰ ਦੇ ਕਿਸੇ ਅੰਗ ਨੂੰ ਵੀ ਕੈਂਸਰ ਹੋ ਸਕਦਾ ਹੈ। ਖਾਸ ਤੌਰ 'ਤੇ ਫੇਫੜਿਆਂ ਅਤੇ ਮੂੰਹ ਦਾ, ਸਾਹ ਦੀ ਨਾਲੀ, ਪੈਂਕਰੀਆਜ਼ ਗ੍ਰੰਥੀ ਦਾ। ਇਸ ਤੋਂ ਇਲਾਵਾ ਦਿਲ ਦੀਆਂ ਬਿਮਾਰੀਆਂ, ਖੂਨ ਦੇ ਦਬਾਅ ਦਾ ਵਧਣਾ, ਅਧਰੰਗ, ਮਰਦਾਂ ਅਤੇ ਔਰਤਾਂ ਵਿਚ ਪ੍ਰਜਨਣ ਸਮੱਸਿਆਵਾਂ, ਮਰਦਾਂ ਵਿਚ ਸ਼ੁਕਰਾਣੂਆਂ ਦੀ ਕਮੀ ਕਾਰਨ ਨਪੁੰਸਕਤਾ




ਅਤੇ ਔਰਤਾਂ ਵਿਚ ਬਾਂਝਪਨ ਜਿਹੀਆਂ ਬੀਮਾਰੀਆਂ ਹੋ ਸਕਦੀਆਂ ਹਨ। ਜੇਕਰ ਗਰਭਵਤੀ ਔਰਤ ਤੰਬਾਕੂਨੋਸ਼ੀ ਕਰਦੀ ਹੈ, ਤਾਂ ਉਸਦੇ ਪੇਟ ਵਿਚ ਪਲ ਰਹੇ ਬੱਚੇ ਵਿਚ ਜਮਾਂਦਰੂ ਨੁਕਸ ਅਤੇ ਉਸ ਦਾ ਭਾਰ ਵੀ ਘੱਟ ਸਕਦਾ ਹੈ। ਬੱਚੇ ਦਾ ਜਣੇਪਾ ਸਮੇਂ ਤੋਂ ਪਹਿਲਾਂ ਵੀ ਹੋ ਸਕਦਾ ਹੈ। ਧੂੰਆਂ ਯੁਕਤ ਤੰਬਾਕੂ ਪਦਾਰਥਾਂ ਸਿਗਰਟ ਬੀੜੀ ਨਾਲ ਜਿਸਨੂੰ ਉਦਾਸੀ ਤੰਬਾਕੂਨੋਸ਼ੀ (ਪੈਸਿਵ ਸਮੋਕਿੰਗ) ਕਿਹਾ ਜਾਂਦਾ ਹੈ ਲੋਕ ਜਾਣਕਾਰੀ ਦੀ ਘਾਟ ਕਾਰਨ ਖੁੱਲ੍ਹੇਆਮ ਸੇਵਨ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਜਾਂ ਜਨਤਕ ਥਾਵਾਂ 'ਤੇ ਨੇੜੇ ਖੜ੍ਹੇ ਲੋਕਾਂ ਨੂੰ ਵੀ ਬੀਮਾਰੀਆਂ ਦਾ ਸ਼ਿਕਾਰ ਬਣਾ ਦਿੰਦੇ ਹਨ। ਦੁਨੀਆਂ ਵਿਚ ਸਾਲਾਨਾ 6 ਲੱਖ ਮੌਤਾਂ ਉਦਾਸੀਨ ਤੰਬਾਕੂਨੋਸ਼ੀ ਦੀ ਦੇਣ ਹਨ। ਤੰਬਾਕੂ ਸੰਬੰਧੀ ਕਾਨੂੰਨ ਭਾਰਤ ਸਰਕਾਰ ਨੇ ਤੰਬਾਕੂ ਦੇ ਕੰਟਰੋਲ ਕਰਨ ਦੇ ਯਤਨ ਵਜੋਂ 1975 ਵਿਚ ਸਿਗਰਟ ਕਾਨੂੰਨ ਲਾਗੂ ਕੀਤਾ। ਚਿਤਾਵਨੀ 'ਸਿਗਰਟ ਪੀਣਾ ਸਿਹਤ ਲਈ ਹਾਨੀਕਾਰਕ ਹੈ' ਪੈਕਿਟਾਂ 'ਤੇ ਲਿਖਣਾ ਲਾਜ਼ਮੀ ਕਰਾਰ ਦੇ ਦਿੱਤਾ। ਸਾਲ 2003 ਵਿਚ ਸਿਗਰਟ ਐਂਡ ਅਦਰ ਪ੍ਰੋਡਕਟ (ਕੋਟਪਾ) ਹੋਂਦ 'ਚ ਲਿਆਂਦਾ। ਜਿਸ ਵਿਚ ਵਪਾਰ ਅਤੇ ਵਪਾਰਕ ਉਤਪਾਦਨ, ਸਪਲਾਈ, ਵੰਡ ਅਤੇ ਇਸ਼ਤਿਹਾਰਬਾਜ਼ੀ ਨੂੰ ਕੰਟਰੋਲ ਕੀਤਾ। ਤੰਬਾਕੂ ਦੀ ਵਰਤੋਂ ਦੇ ਨੁਕਸਾਨਦਾਇਕ ਪ੍ਰਭਾਵਾਂ ਅਤੇ ਤੰਬਾਕੂ ਕੰਟਰੋਲ ਐਕਟ ਬਾਰੇ ਵਧੇਰੇ ਜਾਗਰੂਕਤਾ ਫੈਲਾਉਣ ਦੇ ਮੰਤਵ ਵਜੋਂ ਸਿਹਤ ਵਿਭਾਗ ਨੇ ਸਾਲ 2007-08 ਵਿਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਫਿਰ 2018 ਵਿਚ ਸਿਗਰਟ ਐਂਡ ਅਦਰ ਪ੍ਰੋਡਕਟ (ਕੋਟਪਾ) 2003 ਵਿਚ ਸੋਧ ਕਰਕੇ ਪੈਕਟਾਂ ਤੇ 'ਤੰਬਾਕੂ ਕਾਰਨ ਕੈਂਸਰ' ਅਤੇ ਚਿਤਾਵਨੀ ਚਿੰਨ੍ਹ "ਅੱਜ ਬੰਦ ਕਰੋ" ਅਤੇ ਕਾਲ 1800-11-2356 ਲਿਖਣਾ ਲਾਜ਼ਮੀ ਕੀਤਾ ਹੈ।


**ਜਾਣਕਾਰੀ ਹੀ ਬਚਾਓ :-** ਤੰਬਾਕੂ ਤੋਂ ਬਚਾਓ ਲਈ ਮਲਟੀਪਰਪਜ਼ ਹੈਲਥ ਵਰਕਰ ਫੀਲਡ ਵਿਚ ਜਾ ਕੇ ਲੋਕਾਂ ਨੂੰ ਇਸਦੇ ਮਾਰੂ ਪ੍ਰਭਾਵਾਂ ਤੋਂ ਅਕਸਰ ਜਾਣੂ ਕਰਵਾਉਂਦੇ ਹਨ। ਕੋਈ ਵੀ ਨਸ਼ਾ ਜਾਂ ਬੁਰਾਈ ਛੱਡਣ ਲਈ ਸਭ ਤੋਂ ਜ਼ਰੂਰੀ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਜੇ ਤੰਬਾਕੂਨੋਸ਼ੀ ਕਰਨ ਵਾਲੇ ਵਿਅਕਤੀ ਇਸ ਅਲਾਮਤ ਨੂੰ ਜੜ੍ਹ ਤੋਂ ਮੁਕਾਉਣ ਲਈ ਦ੍ਰਿੜ੍ਹ ਇਰਾਦਾ ਅਤੇ ਅਹਿਦ ਕਰ ਲੈਣ, ਤਾਂ ਸਹਿਜੇ ਹੀ ਇਸ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਨੇੜੇ ਦੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਕੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ। ਸ਼ੁਰੂਆਤ ਵਿਚ ਕਬਜ਼ ਜਾਂ ਦਸਤ, ਜੀਅ ਕੱਚਾ ਹੋਣ ਵਰਗੀਆਂ ਹਲਕੀਆਂ ਸ਼ਿਕਾਇਤਾਂ ਆ ਸਕਦੀਆਂ ਹਨ। ਸੰਤੁਲਿਤ ਭੋਜਨ, ਸੈਰ, ਸ਼ੌਕ ਅਨੁਸਾਰ ਹਲਕੇ ਫੁਲਕੇ ਸੰਗੀਤ ਦਾ ਸਹਾਰਾ ਲਿਆ ਜਾ ਸਕਦਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ। ਆਪਣੇ ਆਪ ਨੂੰ ਕੰਮਾਂਕਾਰਾਂ 'ਚ ਲਗਾਈ ਰੱਖੋ । ਸੋ ਮਲਟੀਪਰਪਜ਼ ਹੈਲਥ ਵਰਕਰ ਅਤੇ ਸੁਪਰਵਾਈਜ਼ਰ ਤੰਬਾਕੂ ਐਕਟ ਨੂੰ ਲਾਗੂ ਕਰਨ ਵਿਚ ਨਿੱਗਰ ਯੋਗਦਾਨ ਪਾਉਂਦੇ ਹਨ। ਇਹ ਮੁਲਾਜ਼ਮ ਸੰਬੰਧਿਤ ਖੇਤਰਾਂ ਵਿਚ ਪੁਲਿਸ ਦੀ ਮਦਦ ਨਾਲ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕਰਦੇ ਹਨ। ਦੁਕਾਨਦਾਰ ਹਮੇਸ਼ਾ ਹੀ ਤੰਬਾਕੂ ਚਲਾਣ ਟੀਮ ਨਾਲ ਉਲਝ ਪੈਂਦੇ ਹਨ ਕਿ ਤੁਸੀਂ ਸਾਥੋਂ ਚਲਾਨ ਕਰਕੇ ਜੁਰਮਾਨਾ ਫੀਸ ਮੰਗਦੇ ਹੋ। ਸਰਕਾਰ ਨੂੰ ਕਿਉਂ ਨਹੀਂ ਕਹਿ ਕੇ ਬਣਾਉਣ ਵਾਲੇ ਕਾਰਖਾਨੇ ਹੀ ਬੰਦ ਕਰਦੇ। ਨਾ ਰਹੇਗੀ ਬਾਂਸ ਨਾ ਵਜੇਗੀ ਬੰਸਰੀ। ਨਾ ਸਾਨੂੰ ਤੰਬਾਕੂ ਮਿਲੇ ਫਿਰ ਨਾ ਅਸੀਂ ਵੇਚ ਸਕੀਏ ਅਤੇ ਨਾ ਤੁਸੀਂ ਸਾਥੋਂ ਜੁਰਮਾਨਾ ਮੰਗੋਂ। ਸੋ ਅੱਜ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਤੰਬਾਕੂਨੋਸ਼ੀ ਵਿਰੋਧੀ ਦਿਵਸ ਹਰ ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਸਰਕਾਰੀ ਹਸਪਤਾਲ, ਸਮੁਦਾਇਕ ਸਿਹਤ ਕੇਂਦਰ, ਮੁੱਢਲੇ ਸਿਹਤ ਕੇਂਦਰ ਅਤੇ ਸਿਹਤ ਤੰਦਰੁਸਤੀ ਕੇਂਦਰਾਂ ਵਿਚ ਤੰਬਾਕੂਨੋਸ਼ੀ ਬਾਰੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ।

# 'ਦਿਲਾਂ ਦੀ ਜੂਹ'

## ਕਾਂਡ 13

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA






ਅਗਲੇ ਦਿਨ ਗਿੰਦਰ ਇੰਗਲੈਂਡ ਨੂੰ ਫ਼ੋਨ ਕਰਨ ਲਈ ਸ਼ਹਿਰ ਚਲਿਆ ਗਿਆ।

-"ਜੋਰਾ ਸਿਆਂ, ਬਾਈ ਸਾਸਰੀ'ਕਾਲ..!"

-"ਸਾਸਰੀ'ਕਾਲ ਗਿੰਦਰਾ..! ਕੀ ਹਾਲ ਐ..?"

-"ਹਾਲ ਤਾਂ ਪੂਰੇ ਵਧੀਆ..! ਆਪਣੀ ਜਿੰਦਰ ਦਾ ਪਾਸਪੋਰਟ ਆ ਗਿਆ..!"

-"ਜੇ ਪਾਸਪੋਰਟ ਆ ਗਿਆ, ਤਾਂ ਹੁਣ ਉਡੀਕ ਕਾਹਦੀ ਐ..? ਡਰਾਫ਼ਟ ਥੋਨੂੰ ਮੈਂ ਭੇਜ'ਤਾ ਸੀ, ਟਿਕਟ ਲੈ ਕੇ ਕੁੜੀ ਨੂੰ ਚੜ੍ਹਾ ਦਿਓ, ਮੁੰਡੇ ਆਲ਼ੇ ਮੇਰੀ ਜਾਨ ਖਾਈ ਜਾਂਦੇ ਐ..!"

-"ਟਿਗਟ ਮਿਲੂ ਕਿੱਥੋਂ ਜੋਰਾ ਸਿਆਂ..?" ਗਿੰਦਰ ਨੇ ਭੋਲ਼ੇ ਭਾਅ ਪੁੱਛਿਆ।

-"ਕਮਾਲ ਹੋਈ ਪਈ ਐ ਥੋਡੇ ਆਲ਼ੀ ਵੀ..! ਜਿਹੜੇ ਏਜੰਟ ਤੋਂ ਪਾਸਪੋਰਟ ਬਣਵਾਇਐ, ਓਹੀ ਟਿਕਟ ਲੈ ਦਿਊ, ਤੂੰ ਓਸੇ ਕੋਲ਼ ਈ ਜਾਹ..!"

-"ਲੈ, ਐਸ ਗੱਲ ਦਾ ਤਾਂ ਮੈਨੂੰ ਪਤਾ ਈ ਨੀ ਸੀ, ਸਾਲ਼ਾ ਡਮਾਕ ਈ ਚੱਕਿਆ ਪਿਐ..!"

ਉਹ ਫ਼ੋਨ ਰੱਖ ਕੇ ਸਿੱਧਾ ਕਲਿਆਣ ਦੇ ਦਫ਼ਤਰ ਚਲਿਆ ਗਿਆ।

-"ਆਓ ਸਰਦਾਰ ਜੀ..!" ਜਾਣਕਾਰ ਕਲਿਆਣ ਖ਼ੁਸ਼ ਹੋ ਗਿਆ।

-"ਹੁਣ ਤਾਂ ਹਾਥੀ ਨੰਘ ਗਿਆ, ਤੇ ਪੂਛ ਰਹਿਗੀ, ਹੁਣ ਝੋਸਾ ਮਾਰ ਕੇ ਪੂਛ ਵੀ ਕੱਢ ਦਿਓ..!"

-"ਤੁਸੀਂ ਹੁਕਮ ਕਰੋ, ਅਸੀਂ ਸਾਰਾ ਹਾਥੀ ਈ ਕੱਢ ਮਾਰਾਂਗੇ..!"

-"ਕੁੜੀ ਦੀ ਟਿਗਟ ਚਾਹੀਦੀ ਐ ਵਲੈਤ ਦੀ..!"

-"ਕਿਹੜੇ ਏਅਰਪੋਰਟ ਦੀ ਸਰਦਾਰ ਜੀ..? ਵਲਾਇਤ 'ਚ ਨਿੱਕੇ-ਵੱਡੇ ਪੂਰੇ ਵੀਹ ਏਅਰਪੋਰਟ ਐ..! ਬਰਮਿੰਘਮ, ਮਾਨਚੈਸਟਰ, ਹੀਥਰੋ, ਲੂਟਨ, ਗੈਟਵਿੱਕ, ਸਿਟੀ ਏਅਰਪੋਰਟ, ਸਟੈਨਸਟੈਡ, ਸਾਊਥਇੰਡ, ਸਾਊਥੈਂਪਟਨ, ਗਲਾਸਗੋ-!"

-"ਤੂੰ ਯਾਰ ਕਿਸੇ ਬੰਦੇ ਨੂੰ ਮੇਰੇ ਨਾਲ਼ ਭੇਜ, ਅਸੀਂ ਫ਼ੂਨ ਕਰਕੇ ਪਤਾ ਕਰਦੇ ਐਂ, ਤੂੰ ਮੈਨੂੰ ਕਮਲ਼ਾ ਨਾ ਕਰਦੀਂ..!"

ਸਾਰੇ ਹੱਸ ਪਏ।

ਕਲਿਆਣ ਨੇ ਸੂਰੀ ਨੂੰ ਨਾਲ਼ ਭੇਜ ਦਿੱਤਾ।

-"ਤੁਸੀਂ ਹੀਥਰੋ ਏਅਰਪੋਰਟ ਦੀ ਟਿਕਟ ਲਓ..!" ਖਿਝੇ ਜੋਰਾ ਸਿੰਘ ਨੇ ਦੱਸਿਆ ਸੀ।

ਉਹ ਮੁੜ ਆਏ।

ਜਿੰਦਰ ਦੀ ਹੀਥਰੋ ਏਅਰਪੋਰਟ ਲੰਡਨ ਦੀ ਟਿਕਟ 'ਬੁੱਕ' ਹੋ ਗਈ। ਜਿੰਦਰ ਮਾਂ-ਬਾਪ ਅਤੇ ਭੈਣ-ਭਰਾਵਾਂ ਨੂੰ ਛੱਡ ਕੇ ਕਦਾਚਿੱਤ ਨਹੀਂ ਜਾਣਾ ਚਾਹੁੰਦੀ ਸੀ। ਸਭ ਤੋਂ ਵੱਧ ਦੁੱਖ ਉਸ ਨੂੰ 'ਪ੍ਰਤੀਕ ਜੀ' ਤੋਂ ਵਿਛੜਨ ਦਾ ਸੀ। ਗੁਆਂਢੀ ਪਿੰਡ ਦਾ ਮੁੰਡਾ ਪ੍ਰਤੀਕ ਜਿੰਦਰ ਨਾਲ਼ ਅੱਠਵੀਂ ਤੋਂ ਹੀ ਪੜ੍ਹਦਾ ਆ ਰਿਹਾ ਸੀ। ਹੁਣ ਕਾਲਜ ਵਿਚ ਉਹ ਦੁਨੀਆਂ ਤੋਂ ਚੋਰੀ, ਕਦੇ ਪਾਰਕ ਵਿਚ ਅਤੇ ਕਦੇ ਭਲਵਾਨ ਦੇ ਢਾਬੇ 'ਤੇ ਇੱਕ-ਦੂਜੇ ਨੂੰ ਮਿਲ਼ਦੇ, ਇੱਕ-ਦੂਜੇ ਦੇ ਸਾਹਾਂ ਵਿਚ ਸਾਹ ਲੈਂਦੇ ਸਨ। ਇੱਕ-ਦੂਜੇ 'ਤੇ ਜਿੰਦ ਵਾਰਦੇ, ਇੱਕ-ਦੂਜੇ ਨਾਲ਼ ਜ਼ਿੰਦਗੀ ਬਿਤਾਉਣ ਦੇ ਕੌਲ-ਕਰਾਰ ਕਰ ਚੁੱਕੇ ਸਨ। ਜੇ ਇੱਕ ਦੀ ਅੱਖ ਦੁਖਦੀ ਸੀ, ਤਾਂ ਲਾਲੀ ਦੂਜੇ ਦੀਆਂ ਅੱਖਾਂ ਵਿਚ ਰੜਕਦੀ ਸੀ। ਜੇ ਇੱਕ ਨੂੰ ਤਾਪ ਚੜ੍ਹਦਾ ਸੀ, ਤਾਂ ਦਰਦ ਵਿਚ ਹੂੰਗਾ ਦੂਸਰੇ ਦਾ ਵੱਜਦਾ ਸੀ। ਸਾਹਾਂ ਦੇ ਨਾਲ਼-ਨਾਲ਼ ਰੂਹਾਂ ਦੀ ਵੀ ਸਾਂਝ ਪਈ ਹੋਈ ਸੀ। "ਦਿਲਾਂ ਦੀ ਜੂਹ" ਵਿਚ ਸਧਰਾਂ-ਰੀਝਾਂ ਦੇ ਢੋਲ ਵੱਜਦੇ, ਸਾਂਝ-ਪ੍ਰੀਤਾਂ ਦੀਆਂ ਕਿੱਕਲੀਆਂ ਪੈਂਦੀਆਂ ਅਤੇ ਮੋਹ-ਮੁਹੱਬਤ ਦੀਆਂ ਕੋਇਲਾਂ ਕੂਕਦੀਆਂ ਸਨ। ਜਿੰਦਰ ਆਪਣੇ 'ਪ੍ਰਤੀਕ ਜੀ' 'ਤੇ ਜਾਨ ਦਿੰਦੀ ਸੀ। ਪਰ ਹੁਣ ਪ੍ਰਤੀਕ ਜੀ ਤੋਂ ਵਿਛੜਨ ਦੀ ਕਲਪਨਾ ਹੀ ਜਿੰਦਰ ਦੇ ਹੌਲ ਪਾ ਜਾਂਦੀ।

ਪ੍ਰਤੀਕ ਸੋਹਣਾ-ਸੁਨੱਖਾ ਦਰਸ਼ਨੀ ਨੌਜਵਾਨ ਦਿਮਾਗ ਪੱਖੋਂ ਵੀ ਚੁਸਤ ਅਤੇ ਫ਼ੁਰਤੀਲਾ ਸੀ। ਕਾਲਜ ਵਿਚ ਕਬੱਡੀ ਦਾ ਉਚ-ਕੋਟੀ ਦਾ ਖਿਡਾਰੀ ਪ੍ਰਤੀਕ ਮਾਂ-ਬਾਪ ਦਾ ਦੁੱਧ-ਮੱਖਣਾਂ ਨਾਲ਼ ਪਾਲ਼ਿਆ ਇਕਲੌਤਾ ਪੁੱਤਰ ਜਿੰਦਰ ਨਾਲ਼ ਜ਼ਿੰਦਗੀ ਬਿਤਾਉਣ ਨਹੀਂ, ਨਿਭਾਉਣ ਦੇ ਸੁਪਨੇ ਪਾਲ਼ੀ ਬੈਠਾ ਸੀ। ਆਪਣੇ 'ਪ੍ਰਤੀਕ ਜੀ' ਤੋਂ ਜੁਦਾ ਹੋਣ ਵਾਲ਼ੇ ਪਲਾਂ ਬਾਰੇ ਸੋਚ ਜਿੰਦਰ ਦੀ ਜਿੰਦ ਕੰਬ ਜਾਂਦੀ ਅਤੇ ਰੂਹ ਝੱਖੜ ਝੰਬੇ ਰੁੱਖ ਵਾਂਗ ਰੁੰਡ-ਮਰੁੰਡ ਹੋ ਜਾਂਦੀ।

-"ਕੀ ਦੱਸਾਂਗੀ ਪ੍ਰਤੀਕ ਜੀ ਨੂੰ...?" ਗੁੰਝਲ਼ਦਾਰ ਸੁਆਲ ਉਸ ਅੱਗੇ ਆ ਕੇ ਸ਼ਮਸ਼ੀਰ ਵਾਂਗ ਤਣ ਜਾਂਦਾ।

ਉਹ ਖ਼ੁਦ ਨਾਲ਼ ਵਾਰਤਾਲਾਪ ਕਰਦੀ।

-"...............।" ਉਸ ਨੂੰ ਕੋਈ ਉੱਤਰ ਨਾ ਲੱਭਦਾ।

-"ਕਿਵੇਂ ਦੱਸਾਂਗੀ ਪ੍ਰਤੀਕ ਜੀ ਨੂੰ...?" ਪਰਬਤ ਜਿੱਡਾ ਪ੍ਰਸ਼ਨ ਸੀ।

-"...............।"

-"ਕਿਹੜੇ ਮੂੰਹ ਨਾਲ਼ ਦੱਸਾਂਗੀ ਪ੍ਰਤੀਕ ਜੀ ਨੂੰ, ਕਿ ਤੁਹਾਡੀ ਜਿੰਦਰ ਤੁਹਾਨੂੰ ਛੱਡ, ਕਿਸੇ ਹੋਰ ਦੀ ਹੋਣ ਸੱਤ ਸਮੁੰਦਰੋਂ ਪਾਰ ਜਾ ਰਹੀ ਹੈ..??"

-"...............।"

-"ਕਿੱਥੋਂ ਲਿਅਵਾਂਗੀ ਕੌੜੀ ਸੱਚਾਈ ਦੱਸਣ ਲਈ ਐਡਾ ਹੌਸਲਾ...?"

-"...............।"

ਪਰ ਉਸ ਨੂੰ ਫ਼ਿਰ ਕੋਈ ਜਵਾਬ ਨਾ ਔੜਦਾ।

-"ਇੱਕ ਵਾਰੀ ਪ੍ਰਤੀਕ ਜੀ ਨੂੰ ਮਿਲਣਾ ਜ਼ਰੂਰ ਹੈ, ਕੁਛ ਵੀ ਹੋ ਜਾਵੇ..! ਫ਼ੇਰ ਜ਼ਿੰਦਗੀ ਵਿਚ ਮਿਲਣ ਦਾ ਮੌਕਾ ਮਿਲਣਾ ਹੈ, ਪਤਾ ਨੀ, ਨਹੀਂ..? ਇੱਕ ਵਾਰ ਜ਼ਰੂਰ ਮਿਲਣਾ ਹੈ..! ਇੱਕ ਵਾਰ ਪ੍ਰਤੀਕ ਜੀ ਨੂੰ ਆਪਣੀ ਹਿੱਕੜੀ ਨਾਲ਼ ਲਾਉਣਾ ਅਤੇ ਪ੍ਰਤੀਕ ਜੀ ਦੇ ਦਿਲ ਨਾਲ਼ ਲੱਗਣਾ ਹੈ..!" ਉਸ ਨੇ ਮਨ ਵਿਚ ਧਾਰ ਲਿਆ। ਉਸ ਦੀ ਥਿੜਕੀ ਆਤਮਾਂ ਅੰਦਰੋਂ-ਅੰਦਰੀ ਵੈਣ ਪਾਉਂਦੀ ਸੀ। ਇੱਕ-ਮਿੱਕ ਹੋਏ ਅਤੇ ਇੱਕ-ਦੂਜੇ ਨੂੰ ਪ੍ਰਣਾਏ "ਦਿਲਾਂ ਦੀ ਜੂਹ" ਵਿਚ ਉਸ ਨੂੰ ਕੋਈ ਭੂਚਾਲ਼, ਕੋਈ ਪਰਲੋਂ ਆਉਂਦੀ ਜਾਪੀ। ਵਿਯੋਗ ਬਾਰੇ ਸੋਚ ਕੇ ਉਸ ਦੀ ਰੂਹ ਦੀਆਂ ਖਲਪਾੜਾਂ ਹੋਈ ਜਾ ਰਹੀਆਂ ਸਨ।

-"ਸ਼ਾਇਦ ਪ੍ਰਤੀਕ ਜੀ ਬੋਲ-ਕੁਬੋਲ ਕਰਨਗੇ..! ਉਲਾਂਭੇ ਵੀ ਦੇਣਗੇ..! ਹੋ ਸਕਦਾ ਹੈ ਆਪੇ ਤੋਂ ਬਾਹਰ ਹੋ ਕੇ ਤਾਹਨੇ ਮਿਹਣੇ, ਤੇ ਨਿਹੋਰੇ ਵੀ ਦੇਣ..? ਸ਼ਾਇਦ ਗਾਲ਼੍ਹਾਂ ਵੀ ਕੱਢਣ..?" ਉਸ ਦੀ ਆਤਮਾਂ ਬੋਲੀ।

-"ਚਾਹੇ ਥੱਪੜ ਮਾਰਨ..! ਚਾਹੇ ਕੁੱਟ ਮਾਰ ਕਰਨ..! ਉਨ੍ਹਾਂ ਦਾ ਮੇਰੇ 'ਤੇ ਹਰ ਹੱਕ ਹੈ..! ਜੇ ਪ੍ਰਤੀਕ ਜੀ ਨੇ ਸੱਚੀ ਅਤੇ ਸੁੱਚੀ ਮੁਹੱਬਤ ਕੀਤੀ ਹੈ, ਤੈਨੂੰ ਆਪਣੀ ਜਿੰਦ-ਜਾਨ ਮੰਨਿਆਂ ਹੈ, ਉਨ੍ਹਾਂ ਦਾ ਹੱਕ ਹੈ ਬੋਲਣ ਦਾ, ਉਲਾਂਭੇ ਦੇਣ ਦਾ...!"

-"ਹਾਏ ਨੀ ਭੋਲ਼ੀਏ ਜਿੰਦੇ..! ਜਿਸ ਨੂੰ ਆਪਣੇ ਚੰਮ ਦੀਆਂ ਜੁੱਤੀਆਂ ਸੰਵਾ ਕੇ ਪੁਆਉਣ ਦੇ ਦਾਅਵੇ ਕਰਦੀ ਹੁੰਦੀ ਸੀ, ਹੁਣ ਤੂੰ ਓਸੇ ਨੂੰ ਛੱਡ ਕੇ ਤੁਰ ਜਾਵੇਂਗੀ..? ਰਹਿ ਸਕੇਂਗੀ ਆਪਣੇ ਪ੍ਰਤੀਕ ਜੀ ਬਿਨਾਂ...?" ਦੋ ਕੋਸੇ ਹੰਝੂ ਮੋਤੀਆਂ ਵਾਂਗ ਕਿਰ, ਜਿੰਦਰ ਦੀ ਛਾਤੀ 'ਤੇ ਬਿਖਰ ਗਏ।

ਜਿੰਦਰ ਦੇ ਜਾਣ ਦੀ ਖ਼ੁਸ਼ੀ ਵਿਚ ਸ੍ਰੀ ਅਖੰਡ ਪਾਠ ਪ੍ਰਕਾਸ਼ ਕਰਵਾ ਕੇ ਭੋਗ ਪਾਇਆ ਗਿਆ।

ਆਖੰਡ ਪਾਠ ਦੇ ਭੋਗ ਤੋਂ ਅਗਲੇ ਦਿਨ ਜਿੰਦਰ ਆਪਣੀ ਮਾਂ ਕੋਲ਼ ਚੁੱਲ੍ਹੇ ਅੱਗੇ ਜਾ ਬੈਠੀ। ਜੱਗ ਦਿਖਾਉਣ ਵਾਲ਼ੀ ਭੋਲ਼ੀ ਅੰਮੜੀ ਅੱਜ ਉਸ ਨੂੰ ਬਹੁਤ ਹੀ ਪਿਆਰੀ-ਪਿਆਰੀ ਜਿਹੀ ਲੱਗੀ। ਮਾਂ ਦੇ ਸਰੀਰ 'ਚੋਂ ਆਉਂਦੀ ਪਸੀਨੇ ਦੀ ਹੌਂਕ ਵੀ ਅੱਜ ਜਿੰਦਰ ਨੂੰ ਚੰਗੀ-ਚੰਗੀ ਜਿਹੀ ਲੱਗੀ ਸੀ। ਉਹ ਸੋਚ ਰਹੀ ਸੀ ਕਿ ਪ੍ਰਤੀਕ ਜੀ ਵਾਲ਼ੀ ਗੱਲ ਮਾਂ ਨਾਲ਼ ਗੱਲ ਸਾਂਝੀ ਕੀਤੀ ਜਾਵੇ ਕਿ ਨਾ..? ਪਰ ਕੁਝ ਸੋਚ ਕੇ ਜਿੰਦਰ ਰੁਕ ਗਈ! ਜਿਹੜੀ ਮਾਂ ਉਸ ਨੂੰ 'ਬਾਹਰਲੇ ਮੁਲਕ' ਦੇ 'ਸਵਰਗ' ਵਿਚ ਭੇਜਣ ਦੀ ਰੀਝ ਦਿਲ ਵਿਚ ਪਾਲ਼ੀ ਬੈਠੀ ਸੀ, ਉਸ ਨੂੰ ਖ਼ੁਸ਼ਹਾਲ ਦੇਖਣ ਦੇ ਸੁਪਨੇ ਸਿਰਜੀ ਬੈਠੀ ਸੀ, ਉਹ ਪੰਜਾਬ ਦੇ ਪਿੰਡ ਵਿਚ ਵਸਦੇ ਪ੍ਰਤੀਕ ਜੀ ਬਾਰੇ ਕਦੋਂ ਗੱਲ ਸੁਣੇਗੀ..? ਉਸ ਨੇ ਤਾਂ ਫ਼ੁੱਟ ਝੱਜੂ ਪਾ ਲੈਣਾ ਸੀ..! ਬਾਪੂ ਜੀ ਨੇ ਮੇਰੀ ਖਾਤਰ ਆੜ੍ਹਤੀਏ ਤੋਂ ਕਰਜ਼ਾ ਲਿਆ..! ਫ਼ੇਰ ਘਰ ਚੋਰੀ ਹੋਈ, ਨੁਕਸਾਨ ਝੱਲਿਆ..! ਚੋਰੀ ਹੋਣ ਦੇ ਬਾਵਜੂਦ ਵੀ ਬਾਪੂ ਜੀ ਨੇ ਗੱਲ ਦਿਲ 'ਤੇ ਨਹੀਂ ਲਾਈ, ਮੇਰੇ ਲਈ ਵੱਡੇ ਮਾਮਾ ਜੀ ਰਾਹੀਂ ਫ਼ਿਰ ਕਰਜ਼ਾ ਲਿਆ..! ਉਹ ਸਾਰਾ ਕੁਝ ਮੇਰੀ ਭਲਾਈ, ਮੇਰੇ ਭਵਿੱਖ, ਮੇਰੀ ਬਿਹਤਰੀਨ ਜ਼ਿੰਦਗੀ ਸਿਰਜਣ ਲਈ ਹੀ ਤਾਂ ਕਰ ਰਹੇ ਨੇ..! ਹੁਣ ਮਾਂ ਪੇਂਡੂ ਮੁੰਡੇ ਪ੍ਰਤੀਕ ਜੀ ਬਾਰੇ ਸੁਣ ਕੇ ਲੋਹੀ ਲਾਖੀ ਨਹੀਂ ਹੋ ਜਾਵੇਗੀ..? ਮੇਰੀ ਮਾਂ ਨੇ ਵੀ ਜ਼ਿੰਦਗੀ ਵਿਚ ਕਦੇ ਕੋਈ ਸੁਖ ਨਹੀਂ ਦੇਖਿਆ..! ਇਸ ਵਿਚਾਰੀ ਨੇ ਵੀ ਸਾਰੀ ਉਮਰ ਧੰਦ ਹੀ ਪਿੱਟਿਐ, ਤੇ ਔਝੜ ਪਏ ਰਸਤੇ 'ਤੇ ਤੁਰੀ ਜ਼ਿੰਦਗੀ ਨਾਲ਼ ਦੋ ਹੱਥ ਕੀਤੇ ਨੇ..! ਹੁਣ ਉਹ ਮੇਰੇ ਚੰਗੇ ਭਵਿੱਖ ਬਾਰੇ ਸੋਚ-ਚਿਤਵ ਕੇ ਖ਼ੁਸ਼ ਹੈ, ਹੁਣ ਤੂੰ ਇਹਦੀ ਖ਼ੁਸ਼ੀ ਦੀ ਖੀਰ ਉਪਰ ਸੁਆਹ ਨਾ ਝਾੜ ਜਿੰਦਰ..! ਤੂੰ ਚੁੱਪ ਰਹਿ, ਮਾਂ ਨੂੰ ਕੁਛ ਨਾ ਦੱਸ..! ਚੁੱਪ-ਚਾਪ ਆਪਣੇ ਪ੍ਰਤੀਕ ਜੀ ਨੂੰ ਮਿਲ਼..!

-"ਬੀਜੀ ਮੈਂ ਕੱਲ੍ਹ ਨੂੰ ਕਾਲਜ ਤੋਂ ਕਰੈਕਟਰ ਸਰਟੀਫ਼ਿਕੇਟ ਲੈਣ ਜਾਣੈ..!" ਜਿੰਦਰ ਨੇ ਮਾਂ ਕੋਲ਼ ਨਿਰੋਲ ਝੂਠ ਬੋਲਿਆ।

-"ਟਰੈਕਟਰ ਸਾਟੀਫੇਟਕ ਕੀ ਸਿਰ 'ਚ ਮਾਰਨੈਂ ਤੂੰ..? ਬਲੈਤ 'ਚ ਐਥੋਂ ਆਲ਼ੇ ਟਰੈਕਟਰ ਸਾਟੀਫੇਟਕ ਕਿਸੇ ਨੇ ਪੁੱਛਣੇ ਐਂ..?" ਮਾਂ ਤੋਕੜ ਮੱਝ ਵਾਂਗ ਲੱਤ ਚੁੱਕ ਗਈ।

-"......................।" ਜਿੰਦਰ ਦੇ ਦਿਲ ਨੂੰ ਕੁਝ ਹੋਇਆ।

-"ਨਾਲ਼ੇ ਅਗਲੇ ਸੋਮਵਾਰ ਤੂੰ ਚਲੀ ਜਾਣੈ ਪੁੱਤ..! ਹੁਣ ਨੀ ਮੈਂ ਤੈਨੂੰ ਬਾਹਰ ਜਾਣ ਦੇਣਾ..! ਨੇ ਜਾਣੀਏਂ ਕੋਈ ਸੱਟ ਫ਼ੇਟ ਵੱਜ-ਜੇ, ਅਸੀਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ...? ਰਹਿਣ ਦੇ, ਕੀ ਕਰਨੇ ਐਂ ਤੂੰ ਸਾਟੀਫੇਟਕ, ਮਾਰ ਗੋਲ਼ੀ..!" ਆਖ ਕੇ ਮਾਂ ਆਪਣੇ ਵੱਲੋਂ ਸੁਰਖ਼ਰੂ ਹੋ ਕੇ ਬੈਠ ਗਈ। ਪਰ ਜਿੰਦਰ ਦੀ ਦੇਹ ਨੂੰ ਤੋੜਾ-ਖੋਹੀ ਲੱਗ ਗਈ।

-"ਤਾਈ ਦੁੱਧ ਦਾ ਗਿਲਾਸ ਦੇਹ, ਸਾਡਾ ਤਾਂ ਸਾਰਾ ਈ ਖੱਟਾ ਹੋ ਗਿਆ..!" ਸੁਖਵਿੰਦਰ ਅੰਦਰ ਆਉਂਦੀ ਹੋਈ ਬੋਲੀ।

-"ਲੈ, ਸੁੱਖੀ ਆਗੀ..! ਇਹ ਲਿਆ'ਦੂ ਤੇਰੇ ਸਾਟੀਫੇਟਕ, ਦੁੱਧ ਦਾ ਚਾਹੇ ਡੋਲੂ ਲੈਜਾ ਸੁੱਖੀ, ਕੱਲ੍ਹ ਨੂੰ ਜਿੰਦਰ ਦੇ ਸਾਟੀਫੇਟਕ ਲਿਆ ਦੇ..!"

ਜਿੰਦਰ ਨੇ ਸੁੱਖੀ ਨੂੰ ਅੱਖ ਮਾਰ ਕੇ ਕੋਈ ਗੁੱਝਾ ਇਸ਼ਾਰਾ ਕੀਤਾ।

ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਸਮਝਣ ਵਾਂਗ ਸੁਖਵਿੰਦਰ ਝੱਟ ਸਮਝ ਗਈ।

-"ਪਰ ਤਾਈ, ਸਰਟੀਫ਼ਿਕੇਟ ਲੈਣ ਵਾਸਤੇ ਜਿੰਦਰ ਦੇ ਸਾਈਨ ਹੋਣੇ ਜ਼ਰੂਰੀ ਨੇ..!" ਸੁੱਖੀ ਦੀ ਸੁਰੀਲੀ ਆਵਾਜ਼ ਸੁਣਨ ਵਾਲ਼ੇ ਦਾ ਕਾਲ਼ਜਾ ਕੱਢਦੀ ਸੀ।

-"ਕੀ ਜ਼ਰੂਰੀ ਐ..?" ਗੱਲ ਤਿੱਤਰ ਵਾਂਗ ਸ਼ਾਮ ਕੌਰ ਦੇ ਸਿਰ ਤੋਂ ਦੀ ਲੰਘ ਗਈ ਸੀ।

-"ਦਸਤਖ਼ਤ ਕਰਨੇ ਪੈਣਗੇ ਤਾਈ ਜੀ..! ਤੁਸੀਂ ਜਿੰਦਰ ਨੂੰ ਮੇਰੇ ਨਾਲ਼ ਭੇਜੋ, ਫ਼ੁੱਲਾਂ ਵਾਂਗੂੰ ਲੈ ਕੇ ਜਾਊਂਗੀ, ਤੇ ਗਹਿਣੇ ਵਾਂਗੂੰ ਸਾਂਭ ਕੇ ਲਿਆਊਂਗੀ..!"

-"ਜਾਹ ਲੈ'ਜਾ..! ਮੈਂ ਨੀ ਜਿੱਤ ਸਕਦੀ ਥੋਨੂੰ, ਮੈਂ ਥੋਡੇ ਮੂਹਰੇ ਹਾਰੀ...!" ਸ਼ਾਮ ਕੌਰ ਨੇ ਆਟੇ ਨਾਲ਼ ਲਿੱਬੜੇ ਹੱਥ ਜੋੜ ਦਿੱਤੇ, "ਜਾਹ ਨੀ, ਪਾ ਇਹਨੂੰ ਦੁੱਧ ਜਿੰਨਾਂ ਕਹਿੰਦੀ ਐ, ਤੇ ਜਾਹ ਕੱਲ੍ਹ ਨੂੰ ਇਹਦੇ ਨਾਲ਼...! ਲੈ ਆਓ ਥੋਡਾ ਅੱਗ ਲੱਗੜਾ, ਸਾਟੀਫੇਟਕ..!"

-"ਸਰਟੀਫ਼ਿਕੇਟ ਹੁੰਦੈ ਤਾਈ...!"

-"ਹੋਊਗਾ...! ਖਾਵੇ ਖਸਮਾਂ ਨੂੰ, ਤੇ ਨਾਲ਼ੇ ਖਾਓ ਤੁਸੀਂ..! ਲਹੂ ਪੀਣੀਆਂ...!"

ਅਗਲੇ ਦਿਨ ਸੁੱਖੀ ਅਤੇ ਜਿੰਦਰ ਸ਼ਹਿਰ ਨੂੰ ਬੱਸ ਚੜ੍ਹ ਗਈਆਂ।

ਕਾਲਜ ਤੱਕ ਉਹ ਪ੍ਰਤੀਕ ਜੀ ਨੂੰ ਮਿਲਣ ਦੀਆਂ ਸਕੀਮਾਂ ਘੜ੍ਹਦੀਆਂ ਰਹੀਆਂ।

-"ਪਰ ਮੈਂ ਪ੍ਰਤੀਕ ਜੀ ਨੂੰ ਦੱਸਾਂਗੀ ਕਿਵੇਂ..?"

-"ਇਹ ਹੁਣ ਤੇਰਾ ਕੰਮ ਐਂ..! ਮੈਂ ਤਾਂ ਥੋਨੂੰ ਮਿਲਾਉਣ ਵਾਲ਼ੀ ਐਂ..!"

ਸੋਚ-ਸੋਚ ਕੇ ਜਿੰਦਰ ਦੇ ਸਾਹ ਸੁੱਕ ਰਹੇ ਸਨ। ਨਾ ਤਾਂ ਉਹ ਮਾਂ-ਬਾਪ ਦੇ ਸਿਰਜੇ ਸੁਪਨਿਆਂ ਨੂੰ ਤਬਾਹ ਕਰਨਾ ਚਾਹੁੰਦੀ ਸੀ, ਅਤੇ ਨਾ ਹੀ ਉਹ ਪ੍ਰਤੀਕ ਜੀ ਨੂੰ ਛੱਡ ਸਕਦੀ ਸੀ। ਉਸ ਦੀ ਹਾਲਤ ਉਸ ਬਿੱਲੇ ਵਰਗੀ ਹੋਈ ਪਈ ਸੀ, ਜਿਸ ਦੇ ਇੱਕ ਪਾਸੇ ਸ਼ਿਕਾਰੀ ਕੁੱਤੇ ਅਤੇ ਦੂਜੇ ਪਾਸੇ ਗਿੱਦੜਮਾਰ ਖੜ੍ਹੇ ਸਨ। ਨਾ ਤਾਂ ਉਹ ਮਾਂ-ਬਾਪ ਨੂੰ ਦੁਖੀ ਕਰਨਾ ਚਾਹੁੰਦੀ ਸੀ, ਅਤੇ ਨਾ ਹੀ ਆਪਣੇ ਪ੍ਰਤੀਕ ਜੀ ਨੂੰ! ਉਸ ਦਾ ਦਿਮਾਗ ਸੋਚਾਂ ਦੀਆਂ ਕਪੜਛੱਲਾਂ ਵਿਚ ਗੋਤੇ ਲਾ ਰਿਹਾ ਸੀ।

-"ਵਧਾਈਆਂ ਹਰਜਿੰਦਰ ਕੌਰੇ...!" ਕਾਲਜ ਵੜਦਿਆਂ ਹੀ ਤਖਾਣਵੱਧ ਵਾਲ਼ੀ ਪੱਪਨੀ ਨੇ ਜਿੰਦਰ ਨੂੰ ਛੇੜਨ ਦੇ ਅੰਦਾਜ਼ ਨਾਲ਼ ਕਿਹਾ।

-"ਕਾਹਦੀਆਂ ਵਧਾਈਆਂ...?" ਜਿੰਦਰ ਅੰਦਰੋਂ ਖਿਝ ਗਈ।

-"ਇੰਗਲੈਂਡ ਮੰਗੀ ਗਈ, ਕੀ ਹੋ ਗਿਆ ਸਾਨੂੰ ਆਖੰਡ ਪਾਠ 'ਤੇ ਨਹੀਂ ਬੁਲਾਇਆ, ਪਰ ਤੇਰੀ ਖ਼ਬਰ ਤਾਂ ਸਾਨੂੰ ਪਲ-ਪਲ ਦੀ ਰਹਿੰਦੀ ਐ...!"

-"................।" ਜਿੰਦਰ ਚੁੱਪ ਹੋ ਗਈ।

-"ਪਾਰਟੀ ਨਾ ਦੇਹ, ਵਧਾਈਆਂ ਤਾਂ ਕਬੂਲ ਕਰ ਲੈ...!" ਪੱਪਨੀ ਨਸੂੜੇ ਦੀ ਗਿੜ੍ਹਕ ਵਾਂਗ ਚਿੰਬੜੀ, ਮਗਰੋਂ ਨਹੀਂ ਲਹਿ ਰਹੀ ਸੀ।

-"ਚੰਗਾ ਭੈਣੇ, ਤੇਰੀਆਂ ਵਧਾਈਆਂ ਕਬੂਲ ਕਰ ਲਈਆਂ, ਹੁਣ ਖਹਿੜ੍ਹਾ ਛੱਡ...!" ਜਿੰਦਰ ਦੀ ਜਗ੍ਹਾ ਸੁੱਖੀ ਨੇ ਹੱਥ ਜੋੜ ਦਿੱਤੇ।

-"ਅਜੇ ਤਾਂ ਵਲਾਇਤ ਪਹੁੰਚੀ ਵੀ ਨੀ, ਸਰਕਾਰ ਦਾ ਨਖ਼ਰਾ ਪਹਿਲਾਂ ਈ ਸੱਤ ਅਸਮਾਨੀਂ ਜਾ ਲੱਗਿਐ..!" ਪੱਪਨੀ ਨੇ ਆਦਤ ਮੂਜਬ ਬੁੱਲ੍ਹ ਟੇਰੇ।

-"ਨੀ ਪੱਪਨੀ, ਇੱਕ ਗੱਲ ਸੁਣ..!" ਸੁੱਖੀ ਨੇ ਉਸ ਦੇ ਬਹੁਤ ਨਜ਼ਦੀਕ ਹੋ ਕੇ ਕਿਹਾ।

-"ਨਾਂ ਨੀ ਭੈਣੇਂ, ਮੈਂ ਨੀ ਸੁਣਨੀ..! ਇਹ ਵਲਾਇਤ ਆਲ਼ੀ ਫ਼ੌਰਨਰ, ਤੂੰ ਇਹਦੀ ਅਸਿਸਟੈਂਟ, ਤੇ ਮੈਂ ਪੇਂਡੂ ਕੀਹਦੇ ਪਾਣੀਹਾਰ..? ਮੈਂ ਥੋਡੇ ਮੇਚ ਦੀ ਨੀ ਰਹੀ ਹੁਣ..!"

-"ਨੀ ਤੂੰ ਗੱਲ ਤਾਂ ਸੁਣ..! ਪ੍ਰਤੀਕ ਨੀ ਦੇਖਿਆ..?"

-"ਅੱਛਾ ਜੀ...!!! ਤਾਂ ਤੁਸੀਂ ਹੁਣ ਪ੍ਰਤੀਕ ਜੀ ਦੇ ਲਹੂ-ਲੁਹਾਣ ਜ਼ਖ਼ਮਾਂ 'ਤੇ ਲੂਣ ਦਾ ਬੁੱਕ ਸਿੱਟਣ ਆਈਐਂ..! ਮੈਂ ਵੀ ਸੋਚਿਆ, ਮੇਰੇ ਨੇੜੇ ਕੱਟੇ-ਵੱਛੇ ਕਿਉਂ ਬੰਨ੍ਹਦੀਆਂ ਫ਼ਿਰਦੀਐਂ..? ਹੁਣ ਸਮਝ ਆਈ ਐ, ਬਈ ਗੌਂਅ ਵੇਲ਼ੇ ਤਾਂ ਬੰਦਾ ਗਧੇ ਨੂੰ ਬਾਪੂ ਬਣਾ ਲੈਂਦੈ, ਮੈਂ ਤਾਂ ਫ਼ੇਰ ਥੋਡੀ ਮਾੜੀ ਮੋਟੀ ਬੇਲਣ ਐਂ..!"

-"ਨੀ ਤੂੰ ਕੁੱਤੇ ਭਕਾਈ ਬੰਦ ਕਰ, ਤੇ ਸਿੱਧੀ ਗੱਲ 'ਤੇ ਆ..!"

-"ਤੇ ਤੂੰ ਭਲਵਾਨ ਦੇ ਢਾਬੇ ਤੋਂ ਚਾਹ ਤੇ ਸਮੋਸੇ ਮੰਗਵਾ, ਫ਼ੇਰ ਕੋਈ ਗੱਲ ਕਰਾਂਗੇ..! ਮੁਫ਼ਤੀ 'ਚ ਸੰਤ ਵੀ ਨੀ ਬੋਲਦੇ..!"

-"ਅੱਛਾ ਜੀ..! ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ..? ਹੁਣ ਤੂੰ ਸੰਤ ਬਣਗੀ..??"

-"ਤੇਰੇ ਨਾਲ਼ੋਂ ਇੱਕ ਅੱਧਾ ਘੱਟ ਈ ਖਾਧਾ ਹੋਊ..! ਬਾਬਾ ਵਾਰਿਸ ਸ਼ਾਹ ਐਂਵੇਂ ਨੀ ਆਖ ਗਿਆ; ਸਿੰਗਾਂ ਸਣੇਂ ਜੋ ਬੱਕਰਾ ਚੱਬ ਜਾਂਦੇ, ਗੰਢਾ ਖਾਓ ਨਾ ਆਖਦੇ ਚੇਲਿਆਂ ਨੂੰ, ..!"

-"ਤੇਰਾ ਮੱਥਾ ਡੰਮ੍ਹਣਾਂ ਪਊ..! ਪਹਿਲਾਂ ਮੈਂ ਸਮੋਸੇ ਲੈ ਕੇ ਆਉਨੀ ਐਂ..!"

ਸੁੱਖੀ ਚਲੀ ਗਈ ਅਤੇ ਸਮੋਸੇ ਲੈ ਕੇ ਮੁੜ ਆਈ।

-"ਚਾਹ ਆਉਂਦੀ ਐ..! 'ਕੱਲੇ ਸਮੋਸੇ ਦੇਖ ਕੇ ਸਾਹ ਨਾ ਖਿੱਚਜੀਂ..!" ਉਹ ਸਮੋਸਿਆਂ ਵਾਲ਼ਾ ਲਿਫ਼ਾਫ਼ਾ ਅਤੇ ਚਟਣੀ ਇੱਕ ਪਾਸੇ ਰੱਖਦੀ ਹੋਈ ਬੋਲੀ।

-"ਮੈਂ ਤਾਂ ਭੈਣੇਂ ਮਜ਼ਾਕ ਕਰਦੀ ਸੀ, ਮੇਰੀ ਤਾਂ ਕਿਸੇ ਚੀਜ਼ ਨੂੰ ਵੱਢੀ ਰੂਹ ਨੀ ਕਰਦੀ..!" ਪੱਪਨੀ ਦਾ ਚਿਹਰਾ ਗੰਭੀਰ ਹੋ ਗਿਆ। ਉਸ ਦੇ ਚਿਹਰੇ 'ਤੇ ਉਦਾਸੀ ਦੀ ਪਿਲੱਤਣ ਛਾਅ ਗਈ।

-"ਗੱਲ ਤਾਂ ਦੱਸ..?" ਜਿੰਦਰ ਦਾ ਦਿਲ ਫ਼ੜਿਆ ਗਿਆ। ਉਹ ਕਮਲ਼ਿਆਂ ਵਾਂਗ ਇੱਕ ਟੱਕ ਪੱਪਨੀ ਦੇ ਚਿਹਰੇ ਵੱਲ ਦੇਖ ਰਹੀ ਸੀ।

-"ਤੇਰੇ ਵਲਾਇਤ ਜਾਣ ਦੀ ਖ਼ੁਸ਼ੀ 'ਚ ਕਰਾਏ ਆਖੰਡ ਪਾਠ ਦਾ ਤਾਂ ਸਾਰੇ ਕਾਲਜ ਨੂੰ ਪਤੈ..!"

-"..................।" ਉਹ ਸੁਣ ਰਹੀਆਂ ਸਨ।

-"ਬੱਸ ਓਸ ਦਿਨ ਤੋਂ ਪ੍ਰਤੀਕ ਕਾਲਜ ਨਹੀਂ ਆਇਆ...!"

-"ਤੂੰ ਤਾਂ ਓਹਦੇ ਪਿੰਡ ਦੀ ਐਂ, ਤੈਨੂੰ ਤਾਂ ਪਤਾ ਈ ਹੋਣੈ ਬਈ ਕਿਉਂ ਨੀ ਆਇਆ..?" ਸੁੱਖੀ ਬੋਲੀ।

-"ਤੂੰ ਵੀ ਕਮਾਲ ਕਰੀ ਜਾਨੀਂ ਐਂ, ਸੁੱਖੀ..! ਤੇਰੀ ਵੀ ਓਹ ਗੱਲ ਐ; ਆਪੇ ਰੋਗ ਲਾਉਣੇ, ਆਪੇ ਦੇਣੀਆਂ ਦੁਆਵਾਂ, ਜਾਹ ਵੇ ਅਸੀਂ ਦੇਖ ਲਈਆਂ, ਤੇਰੀਆਂ ਵਫ਼ਾਵਾਂ..!"

-"...................।" ਸੁੱਖੀ ਅਤੇ ਜਿੰਦਰ ਚੁੱਪ ਸਨ। ਕਿਸੇ ਨਾ ਕਿਸੇ ਜਗ੍ਹਾ ਪੱਪਨੀ ਸਹੀ ਸੀ।

-"ਕਿਸੇ ਬੰਦੇ ਦੇ ਮਨ 'ਚ ਵਸਾਏ ਸੁਪਨਿਆਂ ਦਾ ਸੰਸਾਰ ਉੱਜੜ ਜਾਵੇ, ਤੇ ਉਹਦੀ ਹਾਲਤ ਬਾਰੇ ਪੁੱਛਣਾਂ ਤਾਂ ਇੱਕ ਬੇਵਕੂਫ਼ੀ ਐ..! ਮੈਨੂੰ ਨੀ ਉਮੀਦ ਬਈ ਪ੍ਰਤੀਕ ਹੁਣ ਕਦੇ ਕਾਲਜ ਆਊਗਾ..!

-"ਕਿਉਂ....?" ਜਿੰਦਰ ਦੀ ਜਿਵੇਂ ਚੀਕ ਨਿਕਲ਼ੀ ਸੀ।

-"ਤੇਰੀ ਤਾਂ ਓਹ ਗੱਲ ਐ ਜਿੰਦਰ; ਚੰਦਾ ਦੇਤੇ ਹੈਂ ਮਸਜਿਦ ਮੇਂ, ਪੀਤੇ ਹੈਂ ਮੈਅਖ਼ਾਨੇ ਮੇਂ, ਸ਼ੈਤਾਨ ਭੀ ਰਾਜ਼ੀ ਰਹੇ, ਔਰ ਖ਼ੁਦਾ ਭੀ ਨਾਰਾਜ਼ ਨਾ ਹੋ..!"

-"......................।"

-"ਤੇਰੇ ਪ੍ਰਤੀਕ ਜੀ ਤਾਂ ਓਸ ਦਿਨ ਦੇ ਸ਼ਰਾਬ 'ਚੋਂ ਅੱਖ ਨੀ ਖੋਲ੍ਹਦੇ, ਉਹ ਤਾਂ ਖੇਤ ਵਾਲ਼ੀ ਮੋਟਰ 'ਤੇ ਹੀ ਪਏ ਰਹਿੰਦੇ ਨੇ ਪੀ ਕੇ..! ਉਹਦੀ ਮਾਂ ਮੇਰੇ ਕੋਲ਼ੇ ਰੋਂਦੀ ਸੀ, ਅਖੇ ਤੇਰੇ ਨਾਲ਼ ਪੜ੍ਹਦੈ, ਇਹਨੂੰ ਸਮਝਾਓ ਕੁਛ, ਮੈ ਕਿਹਾ ਤਾਈ ਜੀ ਇਹਨੂੰ ਕੀ ਸਮਝਾਈਏ..? ਇਹ ਤਾਂ ਸਾਡੇ ਨਾਲ਼ੋਂ ਆਪ ਸਿਆਣੈਂ, ਇਹਨੂੰ ਤਾਂ ਖ਼ੁਦ ਸਮਝਣਾ ਚਾਹੀਦੈ..! ਬੁੱਕ-ਬੁੱਕ ਰੋਂਦੀ ਸੀ ਉਹਦੀ ਮਾਂ..! ਰੋਣਾਂ ਈ ਐਂ, ਉਹਨੂੰ ਵੀ ਕੀ ਦੋਸ਼ ਐ ਵਿਚਾਰੀ ਨੂੰ..? 'ਕੱਲਾ-'ਕੱਲਾ ਪੁੱਤ ਐ, ਹੋਰ ਉਹਨੂੰ ਕੁਛ ਦੀਂਹਦਾ ਨੀ..!"

-".................।" ਜਿੰਦਰ ਦੇ ਹੰਝੂ ਛਲਕ ਪਏ।

ਉਸ ਕੋਲ਼ ਸੁੱਖੀ ਵੀ ਢੇਰੀ ਜਿਹੀ ਢਾਹੀ ਬੈਠੀ ਸੀ।

-"ਮੇਰੇ ਵੀ ਵੱਸ ਨਹੀਂ ਪੱਪਨੀ..! ਮੇਰੀ ਹਾਲਤ ਵੀ ਸਾਹਿਬਾਂ ਵਰਗੀ ਮਜਬੂਰ ਹੋਈ ਪਈ ਐ, ਸਾਹਿਬਾਂ ਦੇ ਇੱਕ ਪਾਸੇ ਯਾਰ ਮਿਰਜ਼ਾ, ਤੇ ਦੂਜੇ ਪਾਸੇ ਮਾਂ ਜਾਏ ਵੀਰ..! ਨਾ ਤਾਂ ਅੰਮੀਂ ਜਾਏ ਭਰਾ ਮਰਦੇ ਦੇਖ ਸਕਦੀ ਸੀ, ਤੇ ਨਾ ਸਾਹਾਂ ਤੋਂ ਪਿਆਰਾ ਯਾਰ ਮਿਰਜ਼ਾ..! ਹੁੰਦੀ ਤਾਂ ਕਿਹੜੇ ਪਾਸੇ ਹੁੰਦੀ..? ਓਹੀ ਹਾਲ ਮੇਰਾ ਹੋਇਆ ਪਿਐ..! ਨਾ ਤਾਂ ਮੈਂ ਮਾਂ-ਬਾਪ ਦੀਆਂ ਆਸਾਂ-ਉਮੀਦਾਂ ਨੂੰ ਚਕਨਾਚੂਰ ਕਰ ਸਕਦੀ ਆਂ, ਤੇ ਨਾ ਪ੍ਰਤੀਕ ਜੀ ਨੂੰ ਛੱਡ ਸਕਦੀ ਐਂ..!" ਜਿੰਦਰ ਨੇ ਆਪਣਾ ਸਪੱਸ਼ਟੀਕਰਨ ਦਿੱਤਾ।

ਪੱਪਨੀ ਕੌੜਾ ਜਿਹਾ ਮੁਸਕੁਰਾ ਪਈ।

-"ਇੱਕ ਗੱਲ ਸੁਣ ਲਈਂ ਜਿੰਦਰ..! ਜੇ ਪ੍ਰਤੀਕ ਦਾ ਆਹੀ ਹਾਲ ਰਿਹਾ...!" ਜਿੰਦਰ ਨੇ ਪੱਪਨੀ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ਅਗਲੀ ਮਨਹੂਸ ਗੱਲ ਸੁਣਨ ਲਈ ਉਸ ਅੰਦਰ ਸਾਹਸ ਨਹੀਂ ਸੀ।

-"ਸੱਚ ਬੋਲਣਾ ਬਹੁਤ ਔਖਾ ਹੁੰਦੈ, ਜਿੰਦਰ..! ਸੱਚ ਸੁਣਨਾ ਓਸ ਤੋਂ ਵੀ ਔਖਾ, ਤੇ ਸੱਚ 'ਤੇ ਚੱਲਣਾ ਤਾਂ; ਆਜੋ ਜੀਹਨੇ ਨੱਚਣਾ ਖੰਡੇ ਦੀ ਧਾਰ 'ਤੇ ਵਾਲ਼ੀ ਗੱਲ ਹੋ ਜਾਂਦੀ ਐ..!"

-"...................।" ਜਿੰਦਰ ਨੀਂਵੀਂ ਪਾ ਗਈ। ਉਸ ਦੀਆਂ ਅੱਖਾਂ ਵਿਚੋਂ ਹੰਝੂ "ਤਰਿੱਪ-ਤਰਿੱਪ" ਵਗੀ ਜਾ ਰਹੇ ਸਨ।

ਪੱਪਨੀ ਅਤੇ ਸੁੱਖੀ ਵੀ ਚੁੱਪ ਸਨ।

-"ਇੱਕ ਵਾਰ ਤਾਂ ਮਿਲਣ ਦਾ ਸਬੱਬ ਬਣਾ ਦੇ, ਪੱਪਨੀ..!" ਚੁੱਪ ਸੁੱਖੀ ਨੇ ਹੀ ਤੋੜੀ।

-"ਕਿਵੇਂ...?" ਘਣ ਵਰਗਾ ਸੁਆਲ ਪੱਪਨੀ ਨੇ ਉਨ੍ਹਾਂ ਦੇ ਮੱਥੇ ਵਿਚ ਮਾਰਿਆ, "ਦੱਸ ਤਾਂ ਸਹੀ...?"

-"ਸਿੱਧਾ ਤੇਰੇ ਘਰ ਨਾ ਲੈ ਆਵਾਂ..?"

-"........................।" ਸੁੱਖੀ ਅਤੇ ਜਿੰਦਰ ਦਾ ਮੂੰਹ ਬੰਦ ਹੋ ਗਿਆ। ਉਨ੍ਹਾਂ ਕੋਲ਼ ਕੋਈ ਉੱਤਰ ਵੀ ਨਹੀਂ ਸੀ। ਉਹ ਬੇਵੱਸੀ ਦੀ ਮੂਰਤ ਬਣੀਆਂ ਸਾਹਮਣੇ ਬੈਠੀਆਂ ਸਨ।

-"ਇੱਕ ਰਾਹ ਹੈਗਾ...!" ਪੱਪਨੀ ਨੇ ਗੱਲ ਸ਼ੁਰੂ ਕੀਤੀ।

ਜਿੰਦਰ ਦਾ ਚਿਹਰਾ ਟਹਿਕ ਉਠਿਆ।

-"ਤੁਸੀਂ ਉਹਨੂੰ ਉਸ ਦੇ ਖੇਤ ਮਿਲ਼ ਸਕਦੀਐਂ..! ਉਹ ਦਾਰੂ ਪੀ ਕੇ ਖੇਤ ਈ ਪਿਆ ਰਹਿੰਦੈ..!"

-"ਖੇਤ ਹੋਰ ਕੌਣ ਹੁੰਦੈ..?"

-"ਉਨ੍ਹਾਂ ਦਾ ਸੀਰੀ ਈ ਹੁੰਦੈ..!"

-"ਖੇਤ ਹੈ ਕਿਹੜੇ ਪਾਸੇ..?"

-"ਵੱਡੀ ਸੜਕ 'ਤੇ ਖਜੂਰਾਂ ਦੇ ਦਰੱਖ਼ਤ ਨੀ ਆਉਂਦੇ..?"

-"ਵੱਡੇ ਛੱਪੜ ਕੋਲ਼ੇ..?"

-"ਬਿਲਕੁਲ..!"

-"ਹਾਂ ਜੀ, ਆਉਂਦੇ ਐ..!"

-"ਉਹਦੇ ਪਿਛਲੇ ਪਾਸੇ ਜਿੰਨੇ ਖੇਤ ਐ, ਉਹ ਪ੍ਰਤੀਕ ਕੇ ਈ ਐ..! ਓਥੇ ਇੱਕੋ ਪਾਣੀ ਵਾਲ਼ੀ ਮੋਟਰ ਐ, ਉਹ ਮੋਟਰ ਪ੍ਰਤੀਕ ਕੀ ਐ..!"

-"ਸਮੋਸੇ ਤਾਂ ਖਾ ਲੈ..! ਮੰਗਵਾਏ ਕਾਹਦੇ ਵਾਸਤੇ ਐ..?" ਸੁੱਖੀ ਕੁਝ ਹਲਕਾ ਮਹਿਸੂਸ ਕਰ ਰਹੀ ਸੀ। ਉਸ ਨੇ ਸਮੋਸੇ ਪੱਪਨੀ ਅੱਗੇ ਕੀਤੇ।

-"ਸੱਚੀਂ ਸੁੱਖੀ, ਦਿਲ ਨੀ ਕਰਦਾ..!" ਪੱਪਨੀ ਬੋਲੀ।

-"ਤੂੰ ਚੱਕ ਹੁਣ..!" ਸੁੱਖੀ ਨੇ ਮੋਤੀਆਂ ਵਰਗੇ ਦੰਦਾਂ ਦੀ ਮੁਸਕੁਰਾਹਟ ਦਿੱਤੀ।

-"ਜੇ ਜਾਣਾ ਹੋਇਆ ਤਾਂ ਸਵੇਰੇ ਜੇ ਜਾਇਓ, ਦੁਪਿਹਰ ਤੱਕ ਤਾਂ ਕਹਿੰਦੇ ਦਾਰੂ ਨਾਲ਼ ਰੱਜ ਲੈਂਦੈ..!"

-"..............।" ਜਿੰਦਰ ਕਿਸੇ ਅਸਹਿ ਪੀੜ ਵਿਚ ਕਸੀਸ ਵੱਟ ਕੇ ਰਹਿ ਗਈ। ਉਸ ਦਾ ਮਨ ਭਰਿਆ-ਭਰਿਆ, ਉਛਲਣ ਲਈ ਤਿਆਰ ਸੀ।

ਬਹਾਦਰ ਆ ਕੇ ਚਾਹ ਦੇ ਗਿਆ।

ਅਣਮੰਨੇ ਜਿਹੇ ਮਨ ਨਾਲ਼ ਉਨ੍ਹਾਂ ਨੇ ਚਾਹ ਨਾਲ਼ ਸਮੋਸੇ ਖਾਧੇ ਅਤੇ ਆਪੋ ਆਪਣੇ ਰਸਤੇ ਪੈ ਗਈਆਂ।

-ਚੱਲਦਾ

# ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ?

-ਬਲਜਿੰਦਰ ਮਾਨ
-ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
- 98150-18947

ਪੰਜਾਬ ਮੇਲ USA

ਫਲਾਂ ਦੇ ਰਾਜੇ ਅੰਬ ਦਾ ਪੰਜਾਬੀ ਸੱਭਿਆਚਾਰ 'ਚ ਵਿਸ਼ੇਸ਼ ਮਹੱਤਵ ਹੈ। ਜ਼ਿੰਦਗੀ ਵਿਚ ਉਹ ਬੂਟਾ ਕਦੀ ਨਹੀਂ ਭੁੱਲਦਾ, ਜਿਸਦੇ ਪੱਤੇ ਸ਼ਗਨਾਂ ਵਜੋਂ ਦਰਵਾਜ਼ੇ 'ਤੇ ਬੰਨੇ ਗਏ ਸਨ। ਇਕ ਪ੍ਰੇਮੀ ਲਈ ਉਹ ਅੰਬੀ ਦਾ ਬੂਟਾ ਪਹਿਲੀ ਮਿਲਣੀ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ਅਤੇ ਉਹ ਉਨ੍ਹਾਂ ਦੇ ਪਿਆਰ ਦੀ ਗਵਾਹੀ ਭਰਦਾ ਹੈ। ਇਸ ਤਰ੍ਹਾਂ ਭਾਰਤੀ ਸਮਾਜ ਅਤੇ ਪੰਜਾਬੀ ਲੋਕ ਧਾਰਾ ਵਿਚ ਅੰਬ ਦੇ ਫਲ ਅਤੇ ਇਸ ਦੇ ਬੂਟੇ ਦੀ ਖਾਸ ਮਹਾਨਤਾ ਮੰਨੀ ਗਈ ਹੈ। ਲੋਕ ਸਾਹਿਤ ਵਿਚ ਤਾਂ ਇਸਦੀ ਮਹਾਨਤਾ ਨੂੰ ਹਰ ਮੌਕੇ 'ਤੇ ਸਤਿਕਾਰਿਆ ਤੇ ਯਾਦ ਕੀਤਾ ਜਾਂਦਾ ਹੈ:

"ਅੰਬੀਆਂ ਨੂੰ ਤਰਸੇਂਗੀ ਬਾਗਾਂ ਦੀਏ ਰਾਣੀਏ, ਛੱਡ ਕੇ ਦੇਸ ਦੋਆਬਾ।" ਜਾਂ

"ਉਹ ਬੂਟਾ ਰੱਖਿਆ ਨਿਸ਼ਾਨੀ ਜਿਸ ਹੇਠ ਬੈਠ ਕੀਤੀਆਂ ਸੀ ਗੱਲਾਂ।"

ਪਰ ਅੱਜਕੱਲ੍ਹ ਇਸ ਧਰਤੀ 'ਤੇ ਵੀ ਅੰਬਾਂ ਦੇ ਬਾਗਾਂ ਦੀ ਭਰਮਾਰ ਨਹੀਂ ਰਹੀ। ਖੈਰ ਆਓ ਹੁਣ ਗੱਲ ਕਰੀਏ ਪੰਜਾਬ ਦੇ ਉਸ ਖਿੱਤੇ ਦੀ, ਜਿਸਨੂੰ ਅੰਬਾਂ ਦਾ ਘਰ ਕਿਹਾ ਜਾਂਦਾ ਰਿਹਾ ਹੈ। ਇਹ ਇਲਾਕਾ ਹੈ ਦੋਆਬਾ, ਜੋ ਆਪਣਾ ਪੁਰਾਤਨ ਰੂਪ ਤੇ ਵਿਰਾਸਤੀ ਗੱਲਾਂ ਨੂੰ ਭੁੱਲ-ਭੁੱਲਾ ਚੁੱਕਾ ਹੈ ਜਾਂ ਸਹਿਜੇ-ਸਹਿਜੇ ਭੁੱਲੀ ਜਾ ਰਿਹਾ ਹੈ। ਅੰਬਾਂ ਨਾਲ ਸਬੰਧਤ ਕੁਝ ਰੌਚਕ ਤੱਥਾਂ 'ਤੇ ਝਾਤੀ ਮਾਰੀਏ, ਤਾਂ ਸਾਰੀ ਤਸਵੀਰ ਸਪੱਸ਼ਟ ਹੋ ਜਾਂਦੀ ਹੈ।

**ਦੁਆਬੇ ਵਿਚ ਆਈ ਤਬਦੀਲੀ** : ਦੁਆਬੇ ਦੀ ਧਰਤੀ ਨੂੰ ਇਹ ਮਾਣ ਹਾਸਿਲ ਹੈ ਕਿ ਇਸਨੇ ਸੂਰਬੀਰ ਯੋਧਿਆਂ ਨੂੰ ਜਨਮ ਦਿੱਤਾ। ਇਸਦੇ ਨਾਲ ਹੀ ਇਸ ਇਲਾਕੇ ਨੂੰ ਅੰਬਾਂ ਦਾ ਘਰ ਵੀ ਮੰਨਿਆ ਗਿਆ ਹੈ। ਪਰ ਸਮੇਂ ਦੀ ਤੋਰ ਨੇ ਤੇ ਵੱਧਦੀ ਹੋਈ ਆਬਾਦੀ ਨੇ ਅੰਬਾਂ ਦੇ ਬਾਗਾਂ ਦੀ ਅਜਿਹੀ ਤਬਾਹੀ ਕੀਤੀ ਕਿ ਹੁਣ ਅਜਿਹੇ ਗੀਤ ਸੁਣਾਈ ਦੇਣ ਲੱਗੇ ਹਨ :

"ਕਿੱਕਰ ਨਿੰਮ ਫਲਾਹ ਤੇ ਜਾਮਣ ਜੜ੍ਹੋਂ ਪੁਟਾ ਸੁੱਟੇ,

ਜੰਡ ਬਰੋਟਾ ਤੂਤ ਬੇਰੀਆਂ ਅਸੀਂ ਵਢਾ ਸੁੱਟੇ

ਨਾ ਪਹਿਲਾਂ ਵਾਲਾ ਰਿਹਾ ਮਾਲਵਾ, ਨਾ ਉਹ ਮਾਝਾ ਜੀ,

ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ?"

ਅੱਜਕੱਲ੍ਹ ਇਸ ਇਲਾਕੇ ਵਿਚ ਗੇੜਾ ਮਾਰੀਏ, ਤਾਂ ਅੰਬਾਂ ਦੇ ਬਾਗ ਕਿਤੇ ਨਹੀਂ ਲੱਭਦੇ। ਜੇਕਰ ਕੋਈ ਅੰਬ ਦਾ ਬੂਟਾ ਬਚਿਆ ਹੈ, ਤਾਂ ਉਹ ਸੁੱਕੀ ਜਾ ਰਿਹਾ ਹੈ। ਪੁਰਾਣੇ ਬਾਗ ਕੁੱਝ ਲੋਕਾਂ ਦੀ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਗਏ ਨੇ ਤੇ ਕੁੱਝ ਚੌੜੀਆਂ ਹੋਈਆਂ ਸੜਕਾਂ ਦੀ ਭੇਟ ਚੜ੍ਹ ਗਏ ਹਨ। ਹੁਣ ਦੀ ਹਾਲਤ 'ਤੇ ਕਵੀ ਦਾ ਰੋਣਾ ਸਹੀ ਲੱਗਦਾ ਹੈ:

"ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਸੋਕਾ ਵੇ, ਲੁੱਟ ਦੇ ਵਪਾਰੀਆਂ ਨੂੰ ਕਿੰਜ ਮੈਂ ਰੋਕਾਂ ਵੇ।

ਦੋਆਬੇ ਵਿਚ ਰਹਿ ਕੇ ਅੰਬੀਆਂ ਨੂੰ ਤਰਸਾਂਗੇ, ਮੇਰੇ ਨਾਲ ਹਾਣੀਆਂ ਤੂੰ ਕਰ ਗਿਆ ਧੋਖਾ ਵੇ।"

ਅੱਜ ਤੋਂ ਪੰਝੀ-ਤੀਹ ਸਾਲ ਪਹਿਲਾਂ ਮਾਹਿਲਪੁਰ, ਹਰਿਆਣਾ, ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ ਦਾ ਸਾਰਾ ਆਲਾ-ਦੁਆਲਾ ਅੰਬਾਂ ਦੇ ਬਾਗਾਂ ਨਾਲ ਭਰਿਆ ਹੁੰਦਾ ਸੀ। ਜਿਸ ਪਾਸੇ ਨੂੰ ਮਰਜ਼ੀ ਚਲੇ ਜਾਓ, ਠੰਡੀਆਂ ਛਾਵਾਂ ਤੇ ਮਿੱਠੇ ਅੰਬਾਂ ਦੀ ਮਹਿਕ ਮਨ ਅੰਦਰ ਅਨੂਠਾ ਰਸ ਘੋਲ ਦਿੰਦੀ ਸੀ। ਸਭ ਸੜਕਾਂ ਅੰਬਾਂ ਦੇ ਭਾਰੇ ਦਰੱਖਤਾਂ ਨਾਲ ਠੰਡੀਆਂ ਠਾਰ ਰਹਿੰਦੀਆਂ। ਮੁਸਾਫਿਰਾਂ ਨੂੰ ਧੁੱਪ ਤੋਂ ਕਦੀ ਪਰੇਸ਼ਾਨੀ ਨਾ ਹੁੰਦੀ। ਉਹ ਬੜੇ ਆਰਾਮ ਨਾਲ ਆਪਣੀ ਮੰਜ਼ਿਲ ਵਲ ਵਧਦੇ ਜਾਂਦੇ। ਇਸ ਇਲਾਕੇ ਦੀ ਪਛਾਣ ਪੂਰੀ ਦੁਨੀਆਂ ਵਿਚ ਅੰਬਾਂ ਦਾ ਘਰ ਅਤੇ ਫੁੱਟਬਾਲ ਦੀ ਨਰਸਰੀ ਕਰਕੇ ਹੁੰਦੀ ਸੀ। ਅੰਬ ਤਾਂ ਖਤਮ ਹੀ ਸਮਝੋ ਪਰ ਫੁੱਟਬਾਲ ਅਕੈਡਮੀ, ਸਿੱਖਿਆ ਜਗਤ ਵਿਚ ਖਾਲਸਾ ਕਾਲਜ ਅਤੇ 1995 ਤੋਂ ਪ੍ਰਕਾਸ਼ਿਤ ਹੋ ਰਿਹਾ ਬਾਲ ਸਾਹਿਤ ਦਾ ਇਕੋ ਇਕ ਪੰਜਾਬੀ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਇਥੋਂ ਦੀ ਪਹਿਚਾਣ ਬਣੇ ਹੋਏ ਹਨ। ਇਸੇ ਤਰ੍ਹਾਂ ਹਰਿਆਣੇ ਭੂੰਗੇ ਲਾਗਲੇ ਪਿੰਡ ਬੱਸੀ ਉਮਰ ਖਾਂ ਦੇ ਜ਼ੈਲਦਾਰ ਮੁਹੰਮਦ ਹੁਸੈਨ





ਦੁਆਰਾ 15 ਏਕੜ 'ਚ ਲਗਾਇਆ ਇਨਾਮੀ ਬਾਗ ਵੀ ਕੁੱਲ ਦੁਨੀਆਂ ਵਿਚ ਮਸ਼ਹੂਰ ਰਹੇ ਹਨ। ਬਾਗਾਂ ਦਾ ਇਲਾਕਾ ਹੁਣ ਬਾਗਾਂ ਦੀਆਂ ਠੰਡੀਆਂ ਛਾਵਾਂ ਦਾ ਅਨੰਦ ਮਾਨਣ ਨੂੰ ਤਰਸ ਰਿਹਾ ਹੈ। ਕਦੀ ਇਹ ਬੋਲ ਚਰਚਿਤ ਰਹੇ ਨੇ:

"ਅੰਬ ਦੁਸਹਿਰੀ ਚੂਪਣ ਆਇਓ ਪੂਰਹੀਰਾਂ, ਇਕਵਿੰਦਰ ਘਰ ਹੋਣਾ ਏ ਬਰਸਾਤਾਂ ਵਿਚ।"

**ਅੰਬਾਂ ਨੂੰ ਪਕਾਉਣ ਦੀ ਤਿਆਰੀ:** ਮੈਨੂੰ ਆਪਣੇ ਬਚਪਨ ਦੀ ਪਟਾਰੀ ਵਿਚੋਂ ਯਾਦਾਂ ਆਉਂਦੀਆਂ ਹਨ। ਜਦੋਂ ਸਾਡਾ ਬਾਬਾ ਸ਼੍ਰੀ ਦਲੀਪਾ ਰਾਮ ਜੀ ਬਾਗ ਖਰੀਦਦਾ ਤੇ ਅਸੀਂ ਨਿੱਕੜੇ ਬਾਲ ਉਨ੍ਹਾਂ ਨਾਲ ਅੰਬ ਚੁਗਣ ਅਤੇ ਹੋਰ ਨਿੱਕੇ-ਮੋਟੇ ਕੰਮਾਂ ਵਿਚ ਸਹਾਇਤਾ ਕਰਦੇ। ਫਲਾਂ ਦੇ ਰਾਜੇ ਅੰਬ ਨੂੰ ਨਾ ਤਾਂ ਹੁਣ ਪੁਰਾਣੇ ਤਰੀਕੇ ਨਾਲ ਪਕਾਇਆ ਜਾਂਦਾ ਹੈ ਤੇ ਨਾ ਹੀ ਸੰਭਾਲਿਆਂ ਜਾਂਦਾ ਹੈ। ਅਸੀਂ ਆਪਣੇ ਬਾਬਾ ਜੀ ਨਾਲ ਟੋਕਰੀਆਂ ਵਿਚ ਅੰਬ ਲਗਾਕੇ ਪਕਾਉਣ ਲਈ ਚੋਡੇ (ਜਾਲੀ) ਬੁਣਦੇ ਸਾਂ। ਬੜੀ ਕਲਾਕਾਰੀ ਹੁੰਦੀ ਸੀ ਜਾਲ ਬੁਣਨ ਵਿਚ। ਜਦੋਂ ਤੁੜਾਵਾ ਅੰਬ ਤੇ ਚੜ੍ਹਕੇ ਅੰਬ ਤੋੜ ਕੇ ਕਾਂਡੂ (ਜਾਲੀਦਾਰ ਬੋਰਾ) ਵਿਚ ਪਾਉਂਦਾ, ਤਾਂ ਕੋਈ ਅੰਬ ਧਰਤੀ ਤੇ ਗਿਰ ਜਾਂਦਾ ਤਾਂ ਉਸਨੂੰ ਬਾਕੀ ਅੰਬਾਂ ਤੋਂ ਵੱਖਰਾ ਰੱਖਿਆ ਜਾਂਦਾ ਸੀ, ਤਾਂ ਕਿ ਟੋਕਰੀ ਵਿਚ ਪੈ ਕੇ ਬਾਕੀ ਅੰਬ ਵੀ ਗਲ਼ ਨਾ ਜਾਣ। ਬੂਟੇ ਨਾਲੋਂ ਅੰਬਾਂ ਨੂੰ ਕਾਂਡੂ ਛਿੱਕੀ ਨਾਲ ਤੋੜਕੇ ਹੇਠਾਂ ਛਾਵੇਂ ਸਿਰਕੀ (ਤੀਲਾਂ ਦੀ ਚਟਾਈ) ਤੇ ਡੰਡੀਆਂ ਤੋੜ ਕੇ ਸੁਕਾਇਆ ਜਾਂਦਾ ਸੀ। ਬਾਅਦ ਦੁਪਹਿਰ ਇਨ੍ਹਾਂ ਅੰਬਾਂ ਨੂੰ ਪਕਾਉਣ ਵਾਸਤੇ ਬਗੜ ਨਾਲ ਟੋਕਰੀਆਂ ਵਿਚ ਭਰਿਆ ਜਾਂਦਾ ਸੀ। ਪਕਾਉਣ ਦਾ ਇਹ ਕੁਦਰਤੀ ਤਰੀਕਾ ਸੀ। ਕਿਸੇ ਵੀ ਮਸਾਲੇ ਆਦਿ ਦੀ ਵਰਤੋਂ ਨਹੀਂ ਸੀ ਹੁੰਦੀ। ਉਸੇ ਅੰਬ ਨੂੰ ਤੋੜਿਆ ਜਾਂਦਾ ਸੀ, ਜਿਸਦੇ ਕੁਦਰਤੀ ਤੌਰ 'ਤੇ ਪੱਕੇ ਹੋਏ ਅੰਬ ਰੋਜ਼ਾਨਾ ਪੰਜ ਜਾਂ ਸੱਤ ਦੀ ਗਿਣਤੀ ਵਿਚ ਡਿੱਗ ਪੈਂਦੇ ਸਨ। ਜਦਕਿ ਅੱਜਕੱਲ੍ਹ ਇਨ੍ਹਾਂ ਗੱਲਾਂ ਦਾ ਕੋਈ ਖਿਆਲ ਨਹੀ ਰੱਖਿਆ ਜਾਂਦਾ, ਸਗੋਂ ਪੇਟੀਆਂ ਵਿਚ ਬੰਦ ਕਰਕੇ ਮਸਾਲਾ ਕੈਲਸ਼ੀਅਮ ਕਾਰਬਾਈਡ ਰੱਖ ਕੇ ਪਕਾ ਲਿਆ ਜਾਂਦਾ ਹੈ, ਜੋ ਸਿਹਤ ਲਈ ਲਾਭਕਾਰੀ ਨਹੀਂ ਹੁੰਦਾ।

**ਦੁਆਬੇ ਦੇ ਅੰਬਾਂ ਦੀਆਂ ਪੁਰਾਣੀਆਂ ਕਿਸਮਾਂ:** ਇਸ ਤਰ੍ਹਾਂ ਅੱਜਕੱਲ੍ਹ ਕੋਈ ਵੀ ਅੰਬ ਕੁਦਰਤੀ ਤਰੀਕੇ ਨਾਲ ਪਕਾਇਆ ਨਹੀਂ ਜਾਂਦਾ। ਇਸੇ ਕਰਕੇ ਕਈ ਵਾਰ ਫਲਾਂ ਦਾ ਰਾਜਾ ਅੰਬ ਖਾ ਕੇ ਵੀ ਮੂੰਹ ਵਿਚ ਛਾਲੇ ਜਾਂ ਹੋਰ ਕਈ ਤਕਲੀਫਾਂ ਹੋ ਜਾਣ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਦੁਆਬੇ ਦੀ ਧਰਤੀ 'ਤੇ ਕਈ ਪ੍ਰਕਾਰ ਦੇ ਅੰਬ ਅਜ ਤੋਂ ਤੀਹ-ਚਾਲੀ ਸਾਲ ਪਹਿਲਾਂ ਮਿਲਦੇ ਸਨ। ਜਿਨ੍ਹਾਂ ਨੂੰ ਦੁਸਹਿਰੀ, ਸੌਂਫਿਆ, ਲੰਗੜਾ, ਸੰਧੂਰੀ, ਗਾਜਰੀ, ਲਾਲ ਪਰੀ, ਥਾਣੇਦਾਰ ਆਦਿ ਨਾਂਅ ਦਿੱਤੇ ਜਾਂਦੇ ਸਨ। ਹੁਣ ਜੇਕਰ ਇਹ ਕਹੀਏ ਕਿ ਅੰਬਾਂ ਦੀ ਮਹਿਕ ਲਈ ਦੁਆਬੀਏ ਵੀ ਤਰਸਣ ਲੱਗੇ ਹਨ, ਤਾਂ ਇਹ ਕੋਈ ਅਤਿਕਥਨੀ ਨਹੀਂ। ਹੁਸ਼ਿਆਰਪੁਰ ਦੀ ਪੁਰਾਣੀ ਹੱਦਬੰਦੀ ਅਨੁਸਾਰ ਇਹ ਸਾਰਾ ਇਲਾਕਾ ਬਾਗਾਂ ਦਾ ਘਰ ਸੀ। ਹਿਮਾਚਲ ਦਾ ਜ਼ਿਲ੍ਹਾ ਊਨਾ, ਨੰਗਲ ਦਾ ਇਲਾਕਾ ਵੀ ਇਸੇ ਵਿਚ ਹੀ ਗਿਣਿਆ ਜਾਂਦਾ ਰਿਹਾ ਹੈ। ਅਜੇ ਹਿਮਾਚਲ ਦੇ ਇਲਾਕੇ ਵਿਚ ਕੁਝ ਕੁ ਬਾਗਾਂ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦਿਨਾਂ ਦੀ ਇਹ ਬੋਲੀ ਮਸ਼ਹੂਰ ਹੈ:

"ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਬੂਰ ਵੇ, ਰੁੱਤ ਇਹ ਪਿਆਰਾਂ ਵਾਲੀ ਮਾਹੀਆ ਮੇਰਾ ਦੂਰ ਵੇ।"

**ਅੰਬਾਂ ਨੂੰ ਕੁਦਰਤੀ ਢੰਗ ਨਾਲ ਪਕਾਉਣ ਦੀ ਵਿਧੀ:** ਅੰਬਾਂ ਨਾਲ ਸਬੰਧਤ ਅਨੇਕਾਂ ਲੋਕ ਗੀਤ ਇਸਦੀ ਮਹਾਨਤਾ ਨੂੰ ਉਜਾਗਰ ਕਰਦੇ ਹਨ। ਪਕਾਏ ਜਾਣ ਵਾਲੇ ਅੰਬ ਦੀ ਡੰਡੀ ਤੋੜ ਦਿੱਤੀ ਜਾਂਦੀ ਹੈ। ਨਹੀਂ ਤਾਂ ਉਹ ਉਸਦੇ ਪੱਕਣ ਵਿਚ ਰੁਕਾਵਟ ਪੈਦਾ ਕਰਦੀ ਹੈ। ਡੰਡੀ ਤੋੜਨ ਵੇਲੇ ਨਿਕਲਣ ਵਾਲੇ ਪਦਾਰਥ ਨੂੰ ਡੋਕ ਕਿਹਾ ਜਾਂਦਾ ਹੈ, ਜਿਸ ਤੋਂ ਅਨੇਕਾਂ ਪ੍ਰਕਾਰ ਦੀਆਂ ਅੱਖਾਂ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਡੋਕ ਦਾ ਦਾਗ ਕੱਪੜੇ ਤੋਂ ਕਦੇ ਨਹੀਂ ਉਤਰਦਾ। ਇਸੇ ਤਰ੍ਹਾਂ ਇਹ ਇੰਨਾ ਜ਼ਹਿਰੀਲਾ ਹੁੰਦਾ ਹੈ ਕਿ ਸਰੀਰ ਦੀ ਚਮੜੀ ਨੂੰ ਵੀ ਸਾੜਕੇ ਲਾਲ ਕਰ ਦਿੰਦਾ ਹੈ। ਫਲਾਂ ਦੇ ਰਾਜੇ ਅੰਬ ਨੂੰ ਜੇਕਰ ਅੱਜ ਵੀ ਕੁਦਰਤੀ ਤਰੀਕੇ ਨਾਲ ਤਿਆਰ ਭਾਵ ਪਕਾਇਆ ਜਾਵੇ, ਤਾਂ ਅਸੀਂ ਇਸਦੀ ਸੌ ਫੀਸਦੀ ਪੌਸ਼ਟਿਕਤਾ ਦਾ ਲਾਭ ਲੈ ਸਕਦੇ ਹਾਂ। ਇਹ ਵੀ ਤਜ਼ਰਬਾ ਦੱਸਦਾ ਹੈ ਕਿ ਕਈ ਅੰਬਾਂ ਦਾ ਰੰਗ ਸੰਧੂਰੀ ਹੁੰਦਾ ਪਰ ਉਹ ਖਾਣ ਵੇਲੇ ਖੱਟੇ ਨਿਕਲਦੇ ਹਨ। ਇੱਥੇ ਇਹ ਕਹਾਵਤ ਸੱਚ ਹੋ ਜਾਂਦੀ ਹੈ ਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।

**ਅੰਬ ਦੀ ਮਹਾਨਤਾ:** ਅੰਬ ਸਾਡੇ ਦੇਸ਼ ਸਮੇਤ ਪਾਕਿਸਤਾਨ ਅਤੇ ਫਿਲਪਾਈਨ ਦਾ ਵੀ ਕੌਮੀ ਫ਼ਲ ਹੈ। ਪੁਰਾਣੇ ਰਾਜੇ-ਮਹਾਂਰਾਜਿਆਂ ਨੇ ਅੰਬਾਂ ਦੇ ਬਾਗ ਲੁਆਉਣ ਵਿਚ ਬੜੀ ਦਿਲਚਸਪੀ ਲਈ ਸੀ। ਇਸੇ ਕਰਕੇ ਦੁਆਬੇ ਦੀ ਧਰਤੀ ਅੰਬਾਂ ਦਾ ਘਰ ਬਣ ਗਈ ਸੀ। ਬੰਗਲਾਦੇਸ਼ ਦਾ ਇਹ ਰਾਸ਼ਟਰੀ ਰੁੱਖ ਹੈ। ਵੈਦੀਕ ਗ੍ਰੰਥਾਂ ਅਨੁਸਾਰ ਇਹ ਸਵਰਗ ਦਾ ਫ਼ਲ ਹੈ। ਭਾਰਤ ਵਿਚ ਇਸਦੀ ਪੈਦਾਵਾਰ ਪਿਛਲੇ ਲਗਭਗ ਚਾਰ ਹਜ਼ਾਰ ਸਾਲ ਤੋਂ ਕੀਤੀ ਜਾ ਰਹੀ ਹੈ। ਯੂਰਪੀ ਯਾਤਰੀ ਅਲੈਗਜੈਂਡਰ ਅਤੇ ਉਸਦੀ ਸੈਨਾ ਨੇ ਇਸ ਫਲ ਨੂੰ 327 ਈਸਾ ਪੂਰਵ ਵਿਚ ਦੇਖਿਆ। ਭਾਵੇਂ ਭਾਰਤ ਅੰਬ ਪੈਦਾ ਕਰਨ ਵਾਲਾ ਪ੍ਰਮੁੱਖ ਦੇਸ਼ ਹੈ ਪਰ ਇਸਦੀ ਬਹੁਤੀ ਖਪਤ ਦੇਸ਼ ਵਿਚ ਹੀ ਹੋ ਜਾਂਦੀ ਹੈ। ਭਾਰਤ ਵਿਚ ਇਸਦੀਆਂ 500 ਕਿਸਮਾਂ ਦੱਸੀਆਂ ਗਈਆਂ ਹਨ। ਪ੍ਰਚੱਲਤ 35 ਦੇ ਕਰੀਬ ਹੀ ਹਨ। ਅੰਬ ਦਾ ਵਿਗਿਆਨਕ ਨਾਂ 'ਮੈਂਗੀਫੇਰਾ ਇੰਡੀਕਾ' ਹੈ। ਅੰਬ ਦੀ ਬਹੁਤੀ ਵਰਤੋਂ ਅਚਾਰ ਵਾਸਤੇ ਕੀਤੀ ਜਾਂਦੀ ਹੈ। ਅੰਬ ਦੀ ਚਟਨੀ, ਮੁਰੱਬਾ, ਮਲਾਂਜੀ, ਬਾਂਜੂ, ਬਾਖੜੀਆਂ ਆਦਿ ਅਨੇਕਾਂ ਪ੍ਰਕਾਰ ਦੇ ਸਵਾਦੀ ਪਦਾਰਥ ਤਿਆਰ ਕੀਤੇ ਜਾਂਦੇ ਹਨ। ਇਸਦੀ ਖਟਿਆਈ ਨੂੰ ਜਾਇਕਾ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਅੰਬਾਂ ਵਾਲੇ ਇਲਾਕੇ ਵਿਚ ਬਾਂਜੂ ਬੜਾ ਮਸ਼ਹੂਰ ਹੈ, ਜੋ ਸਬਜ਼ੀ/ਦਾਲ ਵਜੋਂ ਵਰਤਿਆ ਜਾਂਦਾ ਹੈ। ਇਹ ਵੀ ਗੱਲ ਚਰਚਿਤ ਹੁੰਦੀ ਸੀ ਕਿ ਅੰਬਾਂ ਵਾਲੇ ਇਲਾਕੇ ਦੇ ਲੋਕ ਇਸ ਸੀਜ਼ਨ ਵਿਚ ਕੋਈ ਹੋਰ ਦਾਲ ਸਬਜ਼ੀ ਨਹੀਂ ਬਣਾਉਂਦੇ, ਸਗੋਂ ਅੰਬਾਂ ਦੇ ਹੀ ਜਾਇਕੇਦਾਰ ਪਦਾਰਥ ਤਿਆਰ ਕਰਦੇ ਹਨ। ਇਹੀ ਪਦਾਰਥ ਉਹ ਘਰ ਆਏ ਮਹਿਮਾਨਾਂ ਨੂੰ ਪਰੋਸਦੇ ਹਨ। ਪੁਰਾਣੇ ਜ਼ਮਾਨੇ ਵਿਚ ਬਾਗਾਂ ਵਿਚ ਜਾ ਕੇ ਬਾਲਟੀ ਵਿਚ ਪਾਣੀ ਪਾ ਕੇ ਅੰਬ ਠੰਡੇ ਕਰਕੇ ਇਕੱਠੇ ਬੈਠ ਕੇ ਚੂਪੇ ਜਾਂਦੇ ਸਨ। ਹੁਣ ਜਦ ਬਾਗ ਹੀ ਨਹੀਂ ਰਹੇ, ਤਾਂ ਇਹ ਨਜ਼ਾਰਾ ਅਤੇ ਸੁਆਦ ਕਿਵੇਂ ਦੇਖਿਆ ਜਾ ਸਕਦਾ ਹੈ।

**ਸਿਹਤ ਲਈ ਬੜਾ ਗੁਣਕਾਰੀ** : ਡਾਕਟਰੀ ਅੰਦਾਜ਼ੇ ਅਨੁਸਾਰ ਅੰਬ ਇਕ ਅਜਿਹਾ ਫ਼ਲ ਹੈ, ਜੋ ਸਰੀਰ ਵਿਚਲੇ ਅਨੇਕਾਂ ਰੋਗਾਂ ਲਈ ਦਾਰੂ ਵਜੋਂ ਵਰਤਿਆ ਜਾਂਦਾ ਹੈ। ਸੌ ਗ੍ਰਾਮ ਭਾਰ ਵਾਲੇ ਅੰਬ ਵਿਚ 65 ਕਿਲੋ ਕਲੋਰੀ ਊਰਜਾ ਦੇਣ ਦੀ ਸਮਰੱਥਾ ਹੁੰਦੀ ਹੈ। ਜਿਸ ਵਿਚ ਸਭ ਤੋਂ ਵੱਧ 17 ਗ੍ਰਾਮ ਕਾਰਬੋਹਾਈਡ੍ਰੇਟ ਅਤੇ 14.8 ਗ੍ਰਾਮ ਖੰਡ ਹੁੰਦੀ ਹੈ। ਪ੍ਰੋਟੀਨ, ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ, ਪਟਾਸ਼ੀਅਮ ਅਤੇ ਜ਼ਿੰਕ ਸਮੇਤ ਵਿਟਾਮਿਨ ਏ, ਬੀ ਤੇ ਸੀ ਵੀ ਮੌਜੂਦ ਹੁੰਦਾ ਹੈ। ਪੱਕੇ ਅੰਬ ਚੂਪਣ ਨਾਲ ਦਿਲ, ਹੱਡੀਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤੀ ਮਿਲਦੀ ਹੈ। ਨਮਰਦਗੀ ਵਾਲੇ ਲੋਕਾਂ ਲਈ ਵੀ ਇਹ ਫ਼ਲ ਬੜਾ ਲਾਭਕਾਰੀ ਹੁੰਦਾ ਹੈ। ਗਰਮੀ ਤੋਂ ਬਚਣ ਲਈ ਇਸਨੂੰ ਸੁਆਹ ਵਿਚ ਭੁੰਨਕੇ ਇਸਦੇ ਗੁੱਦੇ ਦਾ ਸ਼ਰਬਤ ਪੀਤਾ ਜਾ ਸਕਦਾ ਹੈ। ਪੱਕਿਆਂ ਅੰਬਾਂ ਨੂੰ ਚੂਪਣ ਨਾਲ ਅੱਖਾਂ ਦੇ ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਕਿਸੇ ਜ਼ਮਾਨੇ ਇਹ ਫਲ ਰਾਜੇ-ਮਹਾਂਰਾਜਿਆ ਦੁਆਰਾ ਹੀ ਖਾਧਾ ਜਾਂਦਾ ਸੀ। ਜਿਸ ਕਰਕੇ ਇਸ ਨੂੰ ਫਲਾਂ ਦਾ ਰਾਜਾ ਮੰਨਿਆ ਜਾਣ ਲੱਗ ਪਿਆ।

**ਅੰਬ ਦਾ ਮੰਡੀਕਰਣ** : ਜਦੋਂ ਅੰਬ ਦਰੱਖਤ ਉੱਤੇ ਪੱਕ ਕੇ ਹੇਠਾਂ ਡਿੱਗਦਾ ਹੈ, ਤਾਂ ਇਸਨੂੰ ਟਪਕਾ ਕਿਹਾ ਜਾਂਦਾ ਹੈ। ਅਸਲ ਵਿਚ ਰਸਿਆ ਹੋਇਆ ਜਾਂ ਦੇਸੀ ਤਰੀਕੇ ਨਾਲ ਪਕਾਇਆ ਹੋਇਆ ਅੰਬ ਹੀ ਸਿਹਤ ਲਈ ਜ਼ਿਆਦਾ ਲਾਭਕਾਰੀ ਹੁੰਦਾ ਹੈ। ਠੰਡੇ ਪਾਣੀ ਵਿਚ ਰੱਖਕੇ ਅੰਬਾਂ ਨੂੰ ਚੂਪਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ। ਆਚਾਰ ਵਾਸਤੇ ਕੱਚਾ ਅੰਬ ਬੋਰਿਆਂ ਵਿਚ ਮੰਡੀਆਂ ਨੂੰ ਭੇਜਿਆ ਜਾਂਦਾ ਹੈ। ਜਦਕਿ ਪਹਿਲੇ ਪਹਿਲ ਵੱਡੀਆਂ ਬੋਰੀਆਂ ਹੀ ਭਰੀਆਂ ਜਾਂਦੀਆਂ ਸਨ। ਇਨ੍ਹਾਂ ਦੇ ਹੇਠਾਂ ਅਤੇ ਉੱਪਰ ਪੱਤੇ ਪਾਏ ਜਾਂਦੇ ਸਨ, ਤਾਂ ਕਿ ਫਲ ਨੂੰ ਕਿਸੇ ਤਰ੍ਹਾਂ ਸੱਟ ਨਾ ਲੱਗੇ। ਮੋਗਾ, ਮੁਕਤਸਰ, ਹਿਸਾਰ, ਸਿਰਸਾ, ਗੁੜਗਾਵਾਂ ਆਦਿ ਮੰਡੀਆਂ ਵਿਚ ਚੰਗਾ ਮੁੱਲ ਪੈਣ ਦੇ ਇਰਾਦੇ ਨਾਲ ਬੋਰੀ ਦੇ ਸਭ ਤੋਂ ਹੇਠਾਂ ਬਰੀਕ ਵਿਚਕਾਰ ਦਰਮਿਆਨਾ ਅਤੇ ਉੱਪਰ ਸਭ ਤੋਂ ਮੋਟਾ ਅੰਬ ਪਾਇਆ ਜਾਂਦਾ ਹੈ। ਇਹੀ ਤਰੀਕਾ ਪਕਾਉਣ ਵਾਲੀ ਟੋਕਰੀ ਵਿਚ ਤਿੰਨ ਤਹਿਆਂ ਲਾ ਕੇ ਵਰਤਿਆ ਜਾਂਦਾ ਹੈ। ਅੱਜਕੱਲ੍ਹ ਪੇਟੀਆਂ ਵਿਚ ਵੀ ਤਹਿਆਂ ਦੀ ਵਰਤੋਂ ਅਖ਼ਬਾਰਾਂ ਵਿਛਾ ਕੇ ਕੀਤੀ ਜਾਂਦੀ ਹੈ। ਪਰ ਪਕਾਉਣ ਦਾ ਤਰੀਕਾ ਗੈਰ ਕੁਦਰਤੀ ਹੈ। ਮੈਂਗੋ ਸ਼ੇਕ, ਮੈਂਗੋ ਫਰੂਟੀ ਨੂੰ ਬੱਚੇ ਬੜੀ ਚਾਹਤ ਨਾਲ ਪੀਂਦੇ ਹਨ। ਜਦਕਿ ਅੰਬਾਂ ਦਾ ਰਸ ਹਰ ਕਿਸੇ ਦੇ ਮੂੰਹ ਵਿਚ ਪਾਣੀ ਲਿਆ ਦਿੰਦਾ ਹੈ। ਹੁਣ ਦੁਆਬੇ ਦੀ ਧਰਤੀ 'ਚੋਂ ਸੰਧੂਰੀ ਅੰਬਾਂ ਦੀ ਮਹਿਕ ਨਹੀਂ ਆਉਂਦੀ। ਇਸੇ ਕਰਕੇ ਅੱਜਕੱਲ੍ਹ ਕਿਹਾ ਜਾਣ ਲੱਗਾ ਹੈ:

"ਹੁਣ ਅੰਬੀਆਂ ਨੂੰ ਤਰਸੇਂਗੀ, ਵਿਚ ਰਹਿਕੇ ਦੇਸ ਦੁਆਬੇ।"

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਅੱਖੀਂ ਵੇਖਣ ਵਾਲਾ ਪਾਦਰੀ ਜੇਰੋਮ ਜ਼ੈਵੀਅਰ




ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA




ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ, ਸੰਨ 1563 ਈਸਵੀ ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਦੇ ਗ੍ਰਹਿ ਗੋਇੰਦਵਾਲ ਵਿਖੇ ਹੋਇਆ ਅਤੇ 30 ਮਈ 1606 ਵਾਲੇ ਦਿਨ 43 ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਸੰਨ 1581 ਈਸਵੀ ਵਿਚ 18 ਸਾਲ ਦੀ ਉਮਰ ਵਿਚ ਗੁਰ ਗੱਦੀ 'ਤੇ ਬੈਠੇ ਸਨ। ਆਪਣੇ ਗੁਰ ਗੱਦੀ ਕਾਲ ਦੌਰਾਨ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਵਾਸਤੇ ਅਨੇਕਾਂ ਮਹਾਨ ਕਾਰਜ ਸਰਅੰਜ਼ਾਮ ਦਿੱਤੇ, ਜਿਨ੍ਹਾਂ ਵਿਚ ਧਰਮ ਪ੍ਰਚਾਰ ਤੋਂ ਇਲਾਵਾ ਹਰਿਮੰਦਰ ਸਾਹਿਬ ਦੀ ਉਸਾਰੀ, ਤਰਨ ਤਾਰਨ ਦੀ ਨੀਂਹ ਰੱਖਣੀ, ਕਰਤਾਰਪੁਰ ਦੀ ਨੀਂਹ ਰੱਖਣੀ, ਸੁਖਮਨੀ ਸਾਹਿਬ ਦੀ ਰਚਨਾ ਅਤੇ ਆਦਿ ਗ੍ਰੰਥ ਦੀ ਰਚਨਾ ਅਤੇ ਉਸ ਨੂੰ ਦਰਬਾਰ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਸ਼ਾਮਲ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਅਤੇ ਸਾਖੀਆਂ ਅਨੁਸਾਰ ਕਈ ਕਾਰਨ ਦੱਸੇ ਜਾਂਦੇ ਹਨ। ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਚੰਦੂ ਸ਼ਾਹ ਦੇ ਹੰਕਾਰ ਨਾਲ ਭਰੇ ਕੌੜੇ ਬੋਲਾਂ ਕਾਰਨ ਗੁਰੂ ਹਰਗੋਬਿੰਦ ਸਾਹਿਬ ਵਾਸਤੇ ਆਇਆ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਵੱਲੋਂ ਅਪ੍ਰਵਾਨ ਕਰਨਾ ਸੀ। ਚੰਦੂ ਸ਼ਾਹ ਦੀ ਹੋਂਦ ਬਾਰੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਨੇ ਮੁਗਲਾਂ ਦੇ ਸਰਕਾਰੀ ਰਿਕਾਰਡ ਦੀ ਕਾਫੀ ਪੁਣਛਾਣ ਕੀਤੀ ਪਰ 1606 ਈਸਵੀ ਦੇ ਆਸ-ਪਾਸ ਲਾਹੌਰ ਜਾਂ ਦਿੱਲੀ ਵਿਚ ਇਸ ਨਾਮ ਦੇ ਕਿਸੇ ਦੀਵਾਨ ਜਾਂ ਵੱਡੇ ਅਫਸਰ ਦਾ ਕੋਈ ਵੇਰਵਾ ਨਹੀਂ ਮਿਲਦਾ। ਹੋ ਸਕਦਾ ਹੈ ਕਿ ਉਹ ਕੋਈ ਅਮੀਰ ਵਪਾਰੀ ਜਾਂ ਛੋਟਾ-ਮੋਟਾ ਅਫਸਰ ਹੋਵੇ। ਇਹ ਸੰਭਵ ਨਹੀਂ ਕਿ ਅਜਿਹੇ ਛੋਟੇ ਅਫਸਰ ਦੀ ਜਹਾਂਗੀਰ ਜਾਂ ਸੂਬੇਦਾਰ ਲਾਹੌਰ ਤੱਕ ਪਹੁੰਚ ਹੋਵੇ ਤੇ ਉਸ ਦੀ ਨਿੱਜੀ ਰੰਜਿਸ਼ ਕਾਰਨ ਉਹ ਗੁਰੂ ਸਾਹਿਬ ਵਰਗੀ ਮੌਕੇ ਦੀ ਪ੍ਰਸਿੱਧ ਧਾਰਮਿਕ ਸ਼ਖਸੀਅਤ ਨੂੰ ਸ਼ਹੀਦ ਕਰ ਦੇਣ। ਇਹ ਹੋ ਸਕਦਾ ਹੈ ਕਿ ਜਿਵੇਂ ਉਸ ਨੇ ਰਿਸ਼ਤੇ ਵੇਲੇ ਹੰਕਾਰ ਵਿਚ ਆ ਕੇ ਮਾੜੇ ਸ਼ਬਦ ਬੋਲੇ ਸਨ, ਉਹੋ ਜਿਹੇ ਹੀ ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਬੋਲ ਦਿੱਤੇ ਹੋਣ ਕਿ ਇਹ ਕਰਤੂਤ ਮੈਂ ਜਹਾਂਗੀਰ ਨੂੰ ਕਹਿ ਕੇ ਕਰਵਾਈ ਹੈ। ਇਸ ਤੋਂ ਇਲਾਵਾ ਇਹ ਵੀ ਵਰਨਣਯੋਗ ਹੈ ਕਿ ਭਾਈ ਗੁਰਦਾਸ ਜੀ ਪੰਜਵੇਂ ਪਾਤਸ਼ਾਹ ਦੇ ਸਮਕਾਲੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਲਿਖੇ ਆਪਣੇ ਸ਼ਬਦ, "ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥ ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥" ਵਿਚ ਚੰਦੂ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਇਸ ਤੋਂ ਸਾਫ ਜ਼ਾਹਰ ਹੈ ਕਿ ਚੰਦੂ ਦੀਆਂ ਸਾਜ਼ਿਸ਼ਾਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਨਹੀਂ ਸਨ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਜਹਾਂਗੀਰ ਦਾ ਮੁਤੱਸਬੀ ਤਬੀਅਤ ਦਾ ਹੋਣਾ ਸੀ। ਆਪਣੇ ਪਿਤਾ ਅਕਬਰ ਮਹਾਨ ਦੇ ਉਲਟ ਉਹ ਧਾਰਮਿਕ ਪੱਖੋਂ ਅਸਹਿਣਸ਼ੀਲ ਅਤੇ ਕੱਟੜਵਾਦੀ ਸੀ। ਉਸ 'ਤੇ ਸ਼ੇਖ ਅਹਿਮਦ ਸਰਹੰਦੀ (ਜਿਸ ਦਾ ਮਜ਼ਾਰ ਰੋਜ਼ਾ ਸ਼ਰੀਫ, ਗੁਰਦਵਾਰਾ ਫਤਿਹਗੜ੍ਹ ਸਾਹਿਬ ਦੇ ਬਿਲਕੁਲ ਨਾਲ ਲੱਗਦਾ ਹੈ), ਵਰਗੇ ਕੱਟੜਪੰਥੀ ਮੁਲਾਣਿਆਂ ਦਾ ਬਹੁਤ ਪ੍ਰਭਾਵ ਸੀ। ਸ਼ੇਖ ਸਰਹੰਦੀ ਭਾਰਤ ਵਿਚ ਅਕਬਰ ਦੇ ਚਲਾਏ ਦੀਨੇ ਇਲਾਹੀ ਧਰਮ ਦਾ ਸਭ ਤੋਂ ਵੱਡਾ ਆਲੋਚਕ ਸੀ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਜਹਾਂਗੀਰ ਨੂੰ ਇੱਕ ਪ੍ਰਸ਼ੰਸਾਮਈ ਚਿੱਠੀ ਲਿਖੀ ਸੀ ਕਿ ਅੱਜ ਤੁਸੀਂ ਆਪਣੇ ਬਾਪ ਦੀਆਂ ਕੀਤੀਆਂ ਦੀਨ ਵਿਰੋਧੀ ਗਲਤੀਆਂ ਨੂੰ ਸੁਧਾਰ ਲਿਆ ਹੈ। ਆਪਣੀ ਸਵੈ ਜੀਵਨੀ ਵਿਚ ਜਹਾਂਗੀਰ ਲਿਖਦਾ ਹੈ, "ਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਮ ਦਾ ਸਾਧੂ ਆਪਣੇ ਝੂਠ ਦੀ ਦੁਕਾਨ ਚਲਾ ਰਿਹਾ ਹੈ। ਕਈ ਅੰਧ ਵਿਸ਼ਵਾਸੀ ਹਿੰਦੂ ਤੇ ਮੂਰਖ ਮੁਸਲਮਾਨ ਉਸ ਦੇ ਮੁਰੀਦ ਬਣ ਗਏ ਹਨ। ਮੈਂ ਬਹੁਤ ਦਿਨਾਂ ਤੋਂ ਸੋਚ ਰਿਹਾ ਸੀ ਕਿ ਜਾਂ ਤਾਂ ਇਸ ਨੂੰ ਸੱਚੇ ਧਰਮ ਵਿਚ ਲੈ ਆਵਾਂ ਤੇ ਜਾਂ ਯਾਸਾ ਅਧੀਨ ਸਜ਼ਾ ਦੇਵਾਂ।" ਯਾਸਾ ਧਾਰਮਿਕ ਪੁਰਸ਼ਾਂ ਨੂੰ ਸ਼ਹੀਦ ਕਾਰਨ ਦਾ ਇੱਕ ਮੰਗੋਲ ਤਰੀਕਾ ਹੈ, ਜਿਸ ਅਧੀਨ ਮਹਾਂਪੁਰਸ਼ ਦਾ ਖੂਨ ਪਾਪ ਲੱਗਣ ਦੇ ਡਰੋਂ ਧਰਤੀ ਉੱਪਰ ਨਹੀਂ ਡੁੱਲਣ ਦਿੱਤਾ ਜਾਂਦਾ। ਇਹ ਅਧੀਨ ਮਕਤੂਲ ਦਾ ਕੋਈ ਅੰਗ ਨਹੀਂ ਵੱਢਿਆ ਜਾ ਸਕਦਾ, ਬਲਕਿ ਪਾਣੀ ਵਿਚ ਉਬਾਲ ਕੇ, ਅੱਗ ਵਿਚ ਸਾੜ ਕੇ ਜਾਂ ਜਾਨਵਰ ਦੀ ਖੱਲ ਵਿਚ ਸਿਊਂ ਕੇ ਮਾਰਿਆ ਜਾਂਦਾ ਹੈ। ਇਸੇ ਕਾਰਨ ਗੁਰੂ ਸਾਹਿਬ ਨੂੰ ਦੇਗ ਵਿਚ ਉਬਾਲਿਆ ਗਿਆ ਤੇ ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿਚ ਗਰਮ ਰੇਤ ਪਾਈ ਗਈ। ਇਸ ਤੋਂ ਸਾਫ ਜ਼ਾਹਰ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਮੁਸਲਮਾਨ ਬਣਾਉਣ ਜਾਂ ਸ਼ਹੀਦ ਕਰਨ ਦਾ ਪਹਿਲਾਂ ਹੀ ਮਨਸੂਬਾ ਬਣਾਈ ਬੈਠਾ ਸੀ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਜਹਾਂਗੀਰ ਦੇ ਵੱਡੇ ਲੜਕੇ ਖੁਸਰੋ ਮਿਰਜ਼ਾ ਦੀ ਬਗਾਵਤ ਬਣਿਆ। ਜਹਾਂਗੀਰ ਦੀਆਂ ਭੈੜੀਆਂ ਆਦਤਾਂ ਅਤੇ ਅਨੇਕਾਂ ਬਗਾਵਤਾਂ ਕਾਰਨ ਅਕਬਰ ਉਸ ਤੋਂ ਬਹੁਤ ਨਾਰਾਜ਼ ਸੀ ਤੇ ਜਹਾਂਗੀਰ ਦੀ ਜਗ੍ਹਾ ਖੁਸਰੋ ਨੂੰ ਬਾਦਸ਼ਾਹ ਬਣਾਉਣ ਦਾ ਫੈਸਲਾ ਕਰ ਲਿਆ ਸੀ। ਪਰ ਬਦਕਿਸਮਤੀ ਨੂੰ ਸੰਨ 1605 ਵਿਚ ਅਕਬਰ ਦੀ ਹੋਈ ਅਚਾਨਕ ਮੌਤ ਕਾਰਨ ਜਹਾਂਗੀਰ ਬਾਦਸ਼ਾਹ ਬਣ ਗਿਆ। ਪਰ ਖੁਸਰੋ ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ 6 ਅਪ੍ਰੈਲ 1606 ਨੂੰ ਬਗਾਵਤ ਕਰ ਦਿੱਤੀ ਤੇ 8000 ਸੈਨਿਕਾਂ ਦੇ ਦਸਤੇ ਨਾਲ ਲਾਹੌਰ 'ਤੇ ਕਬਜ਼ਾ ਕਰਨ ਲਈ ਚੱਲ ਗਿਆ। ਰਸਤੇ ਵਿਚ ਗੋਇੰਦਵਾਲ ਦੇ ਸਥਾਨ 'ਤੇ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਜਿੱਤ ਦਾ ਅਸ਼ੀਰਵਾਦ ਮੰਗਿਆ। ਗੁਰੂ ਸਾਹਿਬ ਨੇ ਗੁਰੂ ਘਰ ਦੀ ਪ੍ਰੰਪਰਾ ਮੁਤਾਬਕ ਉਸ ਦਾ ਸਵਾਗਤ ਕੀਤਾ ਤੇ ਉਹ ਲਾਹੌਰ ਨੂੰ ਕੂਚ ਕਰ ਗਿਆ। ਉਸ ਨੇ ਲਾਹੌਰ ਨੂੰ ਘੇਰਾ ਪਾ ਲਿਆ ਪਰ ਕਬਜ਼ਾ ਨਾ ਕਰ ਸਕਿਆ ਤੇ ਐਨੇ ਨੂੰ ਜਹਾਂਗੀਰ ਦੀ ਕਮਾਂਡ ਹੇਠ ਮੁਗਲ ਫੌਜ ਪਹੁੰਚ ਗਈ। ਭੈਰੋਵਾਲ ਦੀ ਜੰਗ ਵਿਚ ਖੁਸਰੋ ਹਾਰ ਗਿਆ ਤੇ ਉਸ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਖੁਸਰੋ ਦੇ ਸਾਥੀਆਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸੂਲੀ 'ਤੇ ਟੰਗ ਦਿੱਤਾ ਗਿਆ ਤੇ ਖੁਸਰੋ ਨੂੰ ਅੱਖਾਂ ਦੀਆਂ ਪਲਕਾਂ ਸਿਊਂ ਕੇ ਕੈਦ ਵਿਚ ਸੁਟ ਦਿੱਤਾ, ਜਿੱਥੇ 1622 ਵਿਚ ਉਸ ਦੀ ਮੌਤ ਹੋ ਗਈ।


ਜਦੋਂ ਖੁਸਰੋ ਅਤੇ ਗੁਰੂ ਸਾਹਿਬ ਦੀ ਮੁਲਾਕਾਤ ਬਾਰੇ ਖਬਰ ਦਿੱਲੀ ਪਹੁੰਚੀ, ਤਾਂ ਪਹਿਲਾਂ ਹੀ ਮੌਕੇ ਦੀ ਭਾਲ ਵਿਚ ਬੈਠੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਸਾਹਮਣੇ ਜਾਨ ਬਚਾਉਣ ਲਈ ਮੁਸਲਮਾਨ ਬਣਨ, ਦੋ ਲੱਖ ਜ਼ੁਰਮਾਨਾ ਭਰਨ ਅਤੇ ਆਦਿ ਗ੍ਰੰਥ ਵਿਚ ਜਹਾਂਗੀਰ ਦੀ ਮਰਜ਼ੀ ਮੁਤਾਬਕ ਸੋਧ ਕਰਨ ਦੀ ਤਜ਼ਵੀਜ ਰੱਖੀ ਗਈ। ਗੁਰੂ ਸਾਹਿਬ ਨੇ ਸਾਰੀਆਂ ਸ਼ਰਤਾਂ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹੀਦੀ ਗਲੇ ਲਗਾਉਣ ਨੂੰ ਤਰਜ਼ੀਹ ਦਿੱਤੀ। ਸਾਈਂ ਮੀਆਂ ਮੀਰ ਨੇ ਗੁਰੂ ਸਾਹਿਬ ਨੂੰ ਬਚਾਉਣ ਦੀ ਬਹੁਤ ਵਾਹ ਲਗਾਈ ਪਰ ਸਫਲ ਨਾ ਹੋ ਸਕਿਆ। ਭਾਰੀ ਤਸੀਹੇ ਦੇ ਕੇ 30 ਮਈ 1606 ਵਾਲੇ ਦਿਨ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਵੱਲੋਂ ਕੋਈ ਅੱਖੀਂ ਡਿੱਠਾ ਵੇਰਵਾ ਨਹੀਂ ਮਿਲਦਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਵੀ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਆਧਾਰਿਤ ਹੈ। ਪਰ ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੈਵੀਅਰ (1549-1617 ਈਸਵੀ) ਨੇ ਵਿਸਥਾਰ ਨਾਲ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਦੇ ਕਬਜ਼ੇ ਵਾਲੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਗਏ ਸਾਰੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ (ਪੁਰਤਗਾਲ) ਨੂੰ ਲਿਖੀ ਆਪਣੀ ਚਿੱਠੀ ਵਿਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸ਼ਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ ਸੀ, ਸੰਬੰਧੀ ਬਹੁਤ ਹੀ ਪ੍ਰਸ਼ੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ। ਗੁਰੂ ਸਾਹਿਬ ਦੀ ਸ਼ਹੀਦੀ ਵਾਲੇ ਅਸਥਾਨ 'ਤੇ ਗੁਰਦੁਆਰਾ ਡੇਰਾ ਸਾਹਿਬ ਬਣਿਆ ਹੋਇਆ ਹੈ, ਜਿਸ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ।

## ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?

### ਜੂਨ 84 ਨੂੰ ਸਮਰਪਿਤ

ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ
ਤੂੰ ਦੱਸ ਕਦੋਂ ਸਿੱਖਾਂ ਨਾਲ ਕੀਤਾ ਨਹੀਂ ਕਹਿਰ ਤੂੰ
ਤੂੰ ਸਦਾ ਮੁੱਢ ਕਦੀਮ ਤੋਂ ਸਿੱਖਾਂ ਨਾਲ ਕੀਤਾ ਧਰੋਹ ਤੇ ਵਿਤਕਰਾ ਕੀਤਾ
ਕਦੀ ਤੂੰ ਸਾਡੇ ਗੁਰੂਆਂ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ।
ਦੇਗਾਂ ਵਿਚ ਉਬਾਲਿਆ ਉੱਤੇ ਤੱਤਾ ਰੇਤਾ ਤੂੰ ਪਾਇਆ।
ਦੱਸ ਨੀ ਤੂੰ ਦਿੱਲੀਏ ਸਿੱਖਾਂ ਨਾਲ ਕਿਹੜੇ-ਕਿਹੜੇ ਕਮਾਏ ਨਹੀਂ ਵੈਰ ਤੂੰ ?
ਦੱਸ ਨੀਂ ਤੂੰ ਦਿੱਲੀਏ ਉਹ ਕਿਹੜਾ ਕੰਮ ਨਹੀਂ ਕੀਤਾ,
ਤੂੰ ਜਿਸ ਨਾਲ ਆਪਣਾ ਮੂੰਹ ਕਾਲਾ ਨਹੀਂ ਕੀਤਾ।
ਸਾਡੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਨੂੰ,
ਚਾਂਦਨੀ ਚੌਕ ਵਿਚ ਸ਼ਹੀਦ ਕੀਤਾ।
ਇੱਥੇ ਹੀ ਬੱਸ ਨਹੀਂ, ਸਾਡੇ ਗੁਰੂ ਜੀ ਦੇ ਬੱਚਿਆਂ ਨੂੰ ਨੀਹਾਂ ਵਿਚ ਚਿਣਿਆ।
ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?
ਚੌਰਾਸੀ ਵਿਚ ਜਿਹੜਾ ਤੈਂ ਸਿੱਖਾਂ 'ਤੇ ਜ਼ੁਲਮ ਢਾਹਿਆ,
ਉਹ ਅਕਹਿ ਤੇ ਅਸਹਿ ਇਤਿਹਾਸ ਵਿਚ
ਸਿੱਖਾਂ ਨਾਲ ਹੋਏ ਜ਼ੁਲਮਾਂ ਦੀ ਹੱਦ ਪਾਰ ਕਰ ਗਿਆ।
ਪ੍ਰਸ਼ਨ ਠੀਕ ਗਲਤ ਦਾ ਨਹੀਂ,
ਪ੍ਰਸ਼ਨ ਤੇਰੇ ਵਹਿਸ਼ੀ ਤਰੀਕੇ ਨਾਲ ਕੀਤੇ ਜ਼ੁਲਮਾਂ ਦਾ ਹੈ।
ਇਹ ਕੰਮ ਨਹੀਂ ਸੀ ਬੰਦਿਆਂ ਦਾ,
ਇਹ ਕਾਰਾ ਸੀ ਜ਼ਾਲਮ, ਵਹਿਸ਼ੀ ਤੇ ਪਸ਼ੂ
ਪ੍ਰਵਿਰਤੀ ਰੱਖਣ ਵਾਲੇ ਲੋਕਾਂ ਦਾ।
ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?
ਅਨਿਆਂ ਤੂੰ ਕਦੋਂ ਨਹੀਂ ਕੀਤਾ ਜ਼ੁਲਮ ਤੇ ਵਿਤਕਰਾ ਸਿੱਖਾਂ ਨਾਲ,
ਤੂੰ ਸਾਰੇ ਪ੍ਰਾਂਤਾਂ ਦੀ ਕੀਤੀ ਵੰਡ ਬੋਲੀ ਦੇ ਆਧਾਰ 'ਤੇ,
ਪਰ ਪਤਾ ਨਹੀਂ ਤੈਨੂੰ ਕੀ ਸੱਪ ਲੜਿਆ,
ਪੰਜਾਬੀ ਸੂਬਾ ਬਣਾਉਣ ਲਈ।
ਪੰਜਾਬੀਆਂ ਨੂੰ ਇਸ ਦੇ ਲਈ ਘਾਲਣਾ ਘਾਲਣੀਆਂ ਪਈਆਂ
ਤੇ ਫੇਰੂਮਾਨ ਵਰਗਿਆਂ ਨੂੰ ਸ਼ਹੀਦੀਆਂ ਪਾਉਣੀਆਂ ਪਈਆਂ,
ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?



-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955

ਪੰਜਾਬ ਮੇਲ USA

## ਸੋਸ਼ਲ ਮੀਡੀਆ

ਤਮਾਸ਼ਬੀਨ ਹੈ ਦੁਨੀਆਂ, ਤਰਸ ਤੋਂ ਖਾਲੀ ਹੈ,
ਬੰਦਾ ਬਣਨ ਦਾ ਢੋਂਗ, ਇਨਸਾਨੀਅਤ ਜਾਅਲੀ ਹੈ।

ਹਾਦਸੇ ਦੇ ਸ਼ਿਕਾਰਾਂ ਦੀ, ਨਾ ਕੋਈ ਮਦਦ ਕਰੇ,
ਹਰ ਕੋਈ ਫਿਲਮ ਬਣਾ ਕੇ, ਮਾਲੋ ਮਾਲੀ ਹੈ।

ਸਸਤੀ ਸ਼ੋਹਰਤ ਦੀ ਦੌੜ, ਨੇ ਝੁੱਗੇ ਚੌੜ ਕੀਤੇ,
ਇੱਜ਼ਤਾਂ ਲਈ ਝੋਲੀ ਅੱਡਦਾ, ਸ਼ਰੀਫ ਸਵਾਲੀ ਹੈ।

ਉੱਚੀਆਂ ਕਦਰਾਂ ਕੀਮਤਾਂ, ਅੱਜ ਹੋਈਆਂ ਮਿੱਟੀ,
ਗੁਲਸ਼ਨ ਉਜਾੜਨ ਲੱਗਾ, ਅੱਜ ਖ਼ੁਦ ਮਾਲੀ ਹੈ।

ਘਰ-ਘਰ ਬੈਠੇ ਐਕਟਰ, ਡਰਾਮਾ ਨਿੱਤ ਕਰਦੇ,
ਨਾਇਕ ਹੈ ਅੱਜ ਪਤੀ, ਨਾਇਕਾ ਘਰ ਵਾਲੀ ਹੈ।

ਸਰਕਾਰਾਂ, ਸੈਂਸਰ, ਸੇਧਾਂ, ਛਿੱਕੇ ਟੰਗੀਆਂ ਨੇ,
ਕਾਨੂੰਨ ਦੇ ਉੱਤੇ ਛਾਈ, ਬਹੁਤ ਮੰਦਹਾਲੀ ਹੈ।

ਸੋਸ਼ਲ ਮੀਡੀਆ ਹੀ ਅੱਜ, ਸਭ ਦਾ ਧਰਮ ਹੋਇਆ,
ਇਸ ਧਰਮ ਗ੍ਰੰਥ ਦਾ ਪੱਤਰਾ, ਹਰ ਇੱਕ ਖਾਲੀ ਹੈ।

ਅਫਵਾਹਾਂ, ਝੂਠ ਨੇ ਵਿਕਦੇ, ਮਹਿੰਗੇ ਭਾਅ ਚੜ੍ਹ ਕੇ,
ਸੱਚ ਦਾ ਤਾਂ ਹੁਣ ਸਮਝੋ, ਰੱਬ ਹੀ ਵਾਲੀ ਹੈ।



-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.

ਪੰਜਾਬ ਮੇਲ USA

## ਜਾਂਬਾਜ਼ਾਂ ਨੂੰ ਪ੍ਰਣਾਮ

ਮਨਾ ਰਹੇ ਸੀ ਅਸੀਂ ਦਿਨ ਸ਼ਹੀਦੀ, ਸ਼ਹੀਦਾਂ ਦੇ ਸਿਰਤਾਜ ਦਾ
ਕਿਸੇ ਨੂੰ ਕੋਈ ਭੇਤ ਨਹੀਂ ਸੀ, ਦਿੱਲੀ ਦੇ ਅੰਦਾਜ਼ ਦਾ
ਓਧਰੋਂ ਹਿੰਦ ਦੀ ਫੌਜ ਚੜ੍ਹੀ, ਏਧਰ ਮੋਰਚਾ ਸੀ ਜਾਂ-ਬਾਜ਼ ਦਾ
ਅਕਾਲ ਤਖਤ ਨੂੰ ਢਾਹੁਣ ਲੱਗੇ, ਜੋ ਤਖਤ ਗੁਰੂ ਮਹਾਰਾਜ ਦਾ


ਦਰਸ਼ਨ ਨੂੰ ਆਈ ਸੰਗਤ ਨੂੰ, ਕੇਂਦਰ ਦੀ ਸਾਜ਼ਿਸ਼ ਘੇਰ ਲਿਆ
ਦਿੱਲੀ ਨੇ ਸਿੱਖਾਂ ਦੇ ਨਾਲ ਆਢਾ, ਇੱਕ ਨਹੀਂ ਕਈ ਵੇਰ ਲਿਆ
ਉਹ ਕੀ ਜਾਣੇ ਗੁਰੂ ਖਾਲਸਾ, ਹੈ ਇੱਕ ਬੱਬਰ ਸ਼ੇਰ ਜਿਹਾ
ਮੋਰਚੇ 'ਤੇ ਹਰ ਇੱਕ ਹੀ ਫੌਜੀ, ਬੈਠਾ ਬੁਲ੍ਹ ਉਟੇਰ ਰਿਹਾ

ਇੰਦਰਾਂ ਨੂੰ ਹੰਕਾਰ ਬੜਾ ਸੀ, ਉਹਦੇ ਕੋਲ ਹੈ ਫੌਜਾਂ ਦਾ ਬਲ
ਦਾਗਣ ਗੋਲੀਆਂ ਉਹਦੇ ਫੌਜੀ, ਸਾਡੇ ਸੀ ਹਰਮੰਦਰ ਦੇ ਵਲ
ਕਰਕੇ ਸਿੰਘਾਂ ਨੇ ਅਰਦਾਸਾ, ਸਭ ਮੋਰਚੇ ਲਏ ਸੀ ਮੱਲ
ਛਾਤੀਆਂ ਤਾਣ ਕੇ ਲੜੇ ਖਾਲਸੇ, ਫੌਜਾਂ ਨੂੰ ਪਾ ਦਿੱਤਾ ਸੀ ਠੱਲ੍ਹ

ਮਹਿੰਗਾ ਸਿੰਘ ਬੱਬਰ ਖਾਲਸੇ, ਪਹਿਲਾ ਜਾਮ ਸ਼ਹਾਦਤ ਪੀਤਾ
ਸਿੰਘ ਸੀ ਛੱਡਦਾ ਰਿਹਾ ਜੈਕਾਰੇ, ਦੇਹ ਹੋਈ ਸੀ ਫੀਤਾ ਫੀਤਾ
ਟੌਹੜੇ ਲੌਂਗੋਵਾਲ ਨੇ ਦਿੱਲੀ ਨਾਲ ਸੀ ਅੱਖ ਮਟੱਕਾ ਕੀਤਾ
ਪੁੱਛੋ ਨਾ ਜੋ ਆਪਣਿਆਂ ਨੇ, ਖਾਲਸਾ ਜੀ ਨਾਲ ਧੋਖਾ ਕੀਤਾ

ਪਾਣੀਓਂ ਸੰਗਤ ਰਹੀ ਪਿਆਸੀ, ਆਈ ਸੀ ਜੋ ਕਰਨ ਦੀਦਾਰੇ
ਹਰਿਮੰਦਰ ਨੂੰ ਗੋਲੀਆਂ ਵੱਜੀਆਂ, ਜਾਨਾਂ ਵਾਰਨ ਗੁਰੂ ਪਿਆਰੇ
ਜੱਗੋਂ ਤੇਰਵੀਂ ਕੀਤੀ ਜਿਹਨੇ, ਪੁੱਛੋ ਨਾ ਇੰਦਰਾਂ ਦੇ ਕਾਰੇ
ਸਿੱਖਾਂ ਦੇ ਜੋ ਲਹੂ ਪਿਆਸੇ, ਆਗੂ ਹੋ ਗਏ ਸੀ ਹਤਿਆਰੇ

ਭਿੰਡਰਾਂ ਵਾਲਿਆਂ ਦੀ ਅਗਵਾਈ, ਲਹੂ ਵੀਟਵਾਂ ਜੰਗ ਹੋ ਗਿਆ
ਸੁਬੇਗ ਸਿੰਘ ਦੀ ਰਣਨੀਤੀ 'ਤੇ, ਕੇਂਦਰ ਬਹੁਤਾ ਦੰਗ ਹੋ ਗਿਆ
ਖਬਰਾਂ ਸੁਣਦੀ ਇੰਦਰਾਂ ਦਾ ਵੀ, ਕਾਫੀਆ ਬਹੁਤਾ ਤੰਗ ਹੋ ਗਿਆ
ਪਛਤਾਵੇ ਨੇ ਘੇਰ ਲਈ ਉਹ, ਚੈਨ ਸਦਾ ਲਈ ਭੰਗ ਹੋ ਗਿਆ
'ਢੇਸੀ' ਰੱਤ ਸ਼ਹੀਦਾਂ ਦੀ ਨਾਲ, ਅੰਮ੍ਰਿਤ
ਸਰੋਵਰ ਰੰਗ ਹੋ ਗਿਆ



-ਕੁਲਵੰਤ ਸਿੰਘ ਢੇਸੀ

ਪੰਜਾਬ ਮੇਲ USA

# ਆਦਮ-ਬੋਅ

## ਛੇ ਜੂਨ 'ਤੇ ਵਿਸ਼ੇਸ਼

ਤੋਤੇ ਨੂੰ ਪਈ ਮੈਨਾਂ ਪੁੱਛਦੀ, ਕਿਉਂ ਸਾਰੀ ਕਾਇਨਾਤ ਹੈ ਰੁੱਸਗੀ..?
ਨਾ ਕੋਈ ਬੋਲੇ, ਨਾ ਕੋਈ ਹੱਸੇ, ਦਿਲ ਦੀ ਗੱਲ ਨਾ ਕੋਈ ਦੱਸੇ
ਨਾ ਕੋਈ ਝਰਨਾ ਕਲ-ਕਲ ਵਗਦਾ, ਨਾ ਸੀਤਲ ਕੋਈ ਪੌਣ ਵਗੇਂਦੀ
ਨਾ ਬਾਬਲ ਦੇ ਵਿਹੜੇ ਵਿਚ ਅੱਜ, ਧੀ-ਰਾਣੀ ਕੋਈ ਰਾਗ ਗਵੇਂਦੀ!
ਪੰਛੀ ਨੇ ਅੱਜ ਕਿਉਂ ਕੁਰਲਾਉਂਦੇ, ਲੱਗਦਾ ਹੈ ਕੁਛ ਕਹਿਣਾ ਚਾਹੁੰਦੇ?
ਕੋਇਲ ਵੀ ਅੱਜ ਕਿਉਂ ਵੈਣ ਜੇ ਪਾਵੇ, ਗਾਉਣਾ ਕਾਹਤੋਂ ਭੁੱਲਦੀ ਜਾਵੇ?
ਬੁਲਬੁਲ ਬੈਠੀ ਹੰਝੂ ਕੇਰੇ, ਲੱਗਦੈ ਭੁੱਲਗੀ ਖ਼ੁਸ਼ੀਆਂ ਖੇੜੇ
ਮੋਰ ਵੀ ਭੁੱਲਿਆ ਪੈਲ੍ਹਾਂ ਪਾਉਣੋਂ, ਕੁਦਰਤ ਭੁੱਲਗੀ ਨਾਦ ਵਜਾਉਣੋਂ
ਐਡੀ ਕੀ ਅੱਜ ਆਫ਼ਤ ਆ-ਗੀ? ਜੱਗ 'ਤੇ ਐਡੀ ਚੁੱਪ ਕਿਉਂ ਛਾਅ-ਗੀ?
ਹਵਾ ਕੀਰਨੇ ਪਾਉਂਦੀ ਵਗਦੀ, ਪਤਾ ਨੀ ਕੀ ਇਹਨੂੰ ਚੌਂਧੀ ਲੱਗ-ਗੀ?
ਨਾ ਕੋਈ ਕਾਗ ਸੁਨੇਹਾਂ ਦਿੰਦੇ, ਬੈਠ ਬਨੇਰੀਂ ਹੰਝੂ ਕੇਰਨ
ਘੋਰ ਉਦਾਸ ਚਕੋਰਾਂ ਵੀ ਅੱਜ, ਕਾਹਤੋਂ ਚੰਦ ਤੋਂ ਮੂੰਹ ਜਿਹਾ ਫੇਰਨ?
ਕੀ ਹੈ ਦੁਖੜਾ ਇਨ੍ਹਾਂ ਦਾ ਦੱਸ, ਕਿਉਂ ਸਾਰੇ ਇਹ ਦੁਖੀ ਨੇ ਹੋਏ?
ਚਿੜੀਆਂ ਵੀ ਨਾ ਚੂਕਦੀਆਂ ਅੱਜ, ਕਿਹੜੇ ਦਰਦ ਨੇ ਜਿਗਰ ਸਮੋਏ??
ਜਾਂ ਪ੍ਰਹਿਲਾਦ ਕੋਈ ਥੰਮ੍ਹ ਹੈ ਬੱਧਾ, ਜਾਂ ਗੁਰੂ ਦਾ ਲਾਲ ਕੋਈ ਫ਼ੜਿਆ?
ਜਾਂ ਕੋਈ ਤੱਤੀ ਤਵੀ ਬਿਠਾਇਆ, ਜਾਂ ਕੋਈ ਈਸਾ ਸੂਲੀ ਚੜ੍ਹਿਆ?
ਜਾਂ ਕੰਧਾਂ ਵਿਚ ਚਿਣ-ਤਾ ਕੋਈ, ਜਾਂ ਰਾਜਾ, ਜਾਂ ਬਲੀ ਕੋਈ ਮੋਇਆ?
ਜਾਂ ਕੋਈ ਸੂਰਜ ਟੁਕੜੇ ਕਰਤਾ, ਜਾਂ ਚੰਦਰਮਾਂ ਫੱਟੜ ਹੋਇਆ?
ਜਾਂ ਫਿਰ ਮੁੜ ਅਬਦਾਲੀ ਆਇਆ, ਮੱਸਾ ਰੰਘੜ ਕਿਸੇ ਨੇ ਤੱਕਿਆ?
ਜਾਂ ਫ਼ਿਰ ਨੰਨ੍ਹੇ ਬਾਲ ਦਾ ਦਿਲ ਅੱਜ, ਫ਼ੇਰ ਬਾਪ ਦੇ ਮੂੰਹ ਵਿਚ ਧੱਕਿਆ?
ਐਡੀ ਕੀ ਅਣਹੋਣੀ ਬੀਤੀ, ਐਨਾਂ ਸੋਗ ਕਿਉਂ ਜੱਗ ਨੇ ਕਰਿਆ?
ਜਾਂ ਕਿਸੇ ਵਿਧਵਾ ਮਾਤਾ ਦਾ, ਕੋਈ ਅਕੇਲਾ ਪੁੱਤਰ ਮਰਿਆ?....
....ਜੱਗੋਂ ਤੇਰ੍ਹਵੀਂ ਹੋਗੀ ਮੈਨਾਂ? ਧਰਤੀ ਅਤੇ ਪਤਾਲ ਹੈ ਰੋਂਦਾ
ਰੈਣਾਂ ਨੂੰ ਦਿਨ ਪੀੜ ਸੁਣਾਵੇ, ਸੀਨੇਂ ਤੱਤੀ ਸੀਖ ਪਰੋਂਦਾ
ਕਟਕ ਫ਼ੌਜ ਦੇ ਚੜ੍ਹ ਕੇ ਆਏ, ਦਿੱਲੀਓਂ ਚੱਲੀ ਧਾੜ ਨੀ ਮੈਨਾਂ
ਦੁੱਧ ਚੁੰਘਦੇ ਉਨ੍ਹਾਂ ਬੱਚੇ ਮਾਰੇ, ਸੀਨਾਂ ਹੋਇਆ ਭਰਾੜ੍ਹ ਨੀ ਮੈਨਾਂ
ਐਡਾ ਕਹਿਰ ਹਰਿਮੰਦਰ ਵਰ੍ਹਿਆ, ਗੋਲੇ ਦਾਗੇ, ਸੰਗਤ ਮਾਰੀ
ਆਦਮ ਨਾ ਅੱਜ ਰੱਬ ਤੋਂ ਡਰਦਾ, ਕਰਨੀ ਭਰਨੀ ਪੈਣੀ ਭਾਰੀ
ਕਿਸੇ ਦੇ ਹੱਥ ਵਿਚ ਜਾਮ ਛਲਕਦਾ, ਕੋਈ ਪਿਆ ਕਿਤੇ ਲੱਡੂ ਵੰਡੇ
ਦਿੱਲੀ ਘਰ ਚਿਰਾਗ ਪਏ ਬਲਦੇ, ਚੁੱਲ੍ਹੇ ਨੇ ਪਏ ਸਾਡੇ ਠੰਢੇ
ਬੰਦੇ ਨਾਲੋਂ ਪੰਛੀ ਚੰਗੇ, ਜਿਹੜੇ ਪੀੜ ਦਿਲਾਂ ਦੀ ਜਾਨਣ
ਕਈ ਜਿੰਨ ਦਿੱਲੀ ਵਿਚ ਬੈਠੇ, ਸੁਣ-ਸੁਣ ਖ਼ਬਰਾਂ ਖ਼ੁਸ਼ੀਆਂ ਮਾਨਣ
"ਆਦਮ ਬੋ - ਆਦਮ ਬੋ" ਕਰਦਾ, ਪਾਪੀ ਕੀ-ਕੀ ਪਾਪ ਕਮਾਉਂਦਾ,
ਤਖ਼ਤਾਂ ਦੇ ਓਸ ਤਖ਼ਤ ਦੇ ਅੱਗੇ, "ਜੱਗੀ ਕੁੱਸਾ" ਸੀਸ ਝੁਕਾਉਂਦਾ...



-ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

# ਤੱਤੀ ਤਵੀ ਨੂੰ

ਨਾ ਕਰ ਐਨਾ ਕਹਿਰ ਨੀਂ ਤਵੀਏ
ਨਾ ਹੋ ਐਨੀ ਲਾਲ।
ਸਤਿਗੁਰ ਬੈਠੇ ਮਾਰ ਚੌਂਕੜਾ
ਕੁਝ ਤਾਂ ਕਰ ਤੂੰ ਖਿਆਲ।

ਤਵੀ ਦੇ ਹੇਠਾਂ ਬਲਦੀਏ ਅੱਗੇ
ਨਾ ਕੱਢ ਐਨੀਆਂ ਲਾਟਾਂ,
ਸਾੜ ਦੇਈਂ ਨਾ ਜਿਸਮ ਗੁਰਾਂ
ਦਾ ਸੰਗਤ ਤਕਦੀ ਵਾਟਾਂ,
ਲੱਗਿਆ ਚੰਦੂ ਦੇਣ ਤਸੀਹੇ
ਇਹ ਪਾਪੀ ਦੀ ਚਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।

ਸੀਸ ਦੇ ਉਪਰ ਪੈਂਦੀਏ ਰੇਤੇ
ਇੱਕ ਦਮ ਠੰਡੀ ਹੋਜਾ,
ਕੜਸੇ ਭਰਕੇ ਪਾਉਣ ਵਾਲਿਆ
ਤੂੰ ਵੀ ਜ਼ਰਾ ਖਲੋਜਾ
ਮੋਮ ਦੇ ਵਾਂਗੂੰ ਜਿਸਮ ਗੁਰਾਂ ਦਾ
ਨਾ ਦੇਵੀਂ ਤੂੰ ਢਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।

ਸਤਿਗੁਰ ਅਰਜਨ ਦੇਵ ਸਾਹਿਬ ਜੀ
ਹਨ ਦੁਖੀਆਂ ਦੇ ਦਰਦੀ,
ਵਿਚ ਲਹੌਰ ਦੇ ਵੇਖ ਸਕੇ ਨਾ
ਦੁਨੀਆਂ ਹੈਅ ਹੈਅ ਕਰਦੀ,
ਨਾਮ ਦੀਆਂ ਸਦਾ ਦਾਤਾਂ ਵੰਡਦਾ
ਮਾਂ ਭਾਨੀ ਦਾ ਲਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।

ਜ਼ਾਲਮੋ ਜ਼ੁਲਮ ਕਰੋ ਨਾ ਭਾਰੀ
ਇਹ ਤਾਂ ਰੂਪ ਨੇ ਰੱਬ ਦਾ,
ਚਰਨੀਂ ਡਿੱਗ ਕੇ ਭੁੱਲ ਬਖਸ਼ਾਲੋ
ਭਲਾ ਜੇ ਚਾਹੁੰਦੇ ਸਭ ਦਾ,
"ਗਿੱਲ ਮਲਕੀਤ" ਨਾ ਲੱਭਦੇ ਮੁੜਕੇ
ਕਦੇ ਗੁਆਚੇ ਲਾਲ।
ਨਾ ਕਰ ਐਨਾ ਕਹਿਰ ਨੀ ਤਵੀਏ
ਨਾ ਹੋ ਐਨੀ ਲਾਲ।



ਮਲਕੀਤ ਸਿੰਘ ਗਿੱਲ (ਭੱਠਲਾਂ)
ਜ਼ਿਲ੍ਹਾ ਬਰਨਾਲਾ।
ਸੰਪਰਕ : 94174-90943

# ਫਤਹਿ ਦਾ ਐਲਾਨ

ਕਰ ਦਿੱਤਾ ਫਤਹਿ ਦਾ, ਐਲਾਨ ਸਿੰਘਾਂ ਨੇ
ਜਿੱਤਾਂ ਵਾਲੇ ਗੱਡਤੇ, ਨਿਸ਼ਾਨ ਸਿੰਘਾਂ ਨੇ

ਦੱਸ ਦਿੱਤਾ ਜਿਉਂਦੀਆਂ ਜ਼ਮੀਰਾਂ ਸਾਡੀਆਂ
ਪੂਰੀਆਂ ਨੇ ਗਰਮ ਤਸੀਰਾਂ ਸਾਡੀਆਂ
ਕਰ ਦਿੱਤਾ ਫਤਹਿ ਜੀ, ਮੈਦਾਨ ਸਿੰਘਾਂ ਨੇ
ਜਿੱਤਾਂ ਵਾਲੇ ਗੱਡਤੇ, ਨਿਸ਼ਾਨ ਸਿੰਘਾਂ ਨੇ

ਖਾਲਸੇ ਨੇ ਬੜੇ-ਬੜੇ, ਥੰਮ੍ਹ ਸੁੱਟਤੇ
ਆਕੜਾਂ ਦਿਖਾਉਂਦੇ, ਆਟੇ ਵਾਂਗੂੰ ਗੁੰਨਤੇ
ਵੱਡੇ-ਵੱਡੇ ਢਾਹ ਲੇ, ਅੱਜ ਸਾਹਨ ਸਿੰਘਾਂ ਨੇ
ਜਿੱਤਾਂ ਵਾਲੇ ਗੱਡਤੇ, ਨਿਸ਼ਾਨ ਸਿੰਘਾਂ ਨੇ

ਖਾਲਸਾਈ ਰੰਗਾਂ ਵਿਚ ਪਿੰਡ ਰੰਗਣੇ
ਲੱਡੂ ਨਹੀਂ ਘਰਾਂ ਬੂਟੇ ਵੰਡਣੇ
ਵੱਖਰਾ ਹੀ ਕਰਤਾ ਐਲਾਨ ਸਿੰਘਾਂ ਨੇ
ਗੱਡ ਦਿੱਤੇ ਕੇਸਰੀ, ਨਿਸ਼ਾਨ ਸਿੰਘਾਂ ਨੇ

ਕਰਤੀ ਸਫਾਈ ਤੇ ਹੰਕਾਰੇ ਹੂੰਝਤੇ
ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜਦੇ
ਦਿੱਲੀ ਬੈਠੇ ਕਰਤੇ, ਹੈਰਾਨ ਸਿੰਘਾਂ ਨੇ
ਜਿੱਤਾ ਵਾਲੇ ਗੱਡਤੇ, ਨਿਸ਼ਾਨ ਸਿੰਘਾਂ ਨੇ

ਅੱਜ ਵੀ ਪੰਜਾਬ ਪੰਥ ਨਾਲ ਖੜ੍ਹਾ ਏ
ਤਾਹੀਓਂ ਅੱਜ ਕਰਤਾ ਮੈਦਾਨ ਰੜਾ ਏ
ਫੇਰ ਹੱਥ ਫੜ ਲੀ, ਕਮਾਣ ਸਿੰਘਾਂ ਨੇ
ਜਿੱਤਾਂ ਵਾਲੇ ਗੱਡਤੇ, ਨਿਸ਼ਾਨ ਸਿੰਘਾਂ ਨੇ

ਕੇਸਰੀ ਝੁਲਾਤੇ ਹੋਗੀ ਚੜਦੀ ਕਲਾ
ਜੜ੍ਹਾਂ ਤੋਂ ਹਿਲਾਤੇ, ਐਸੀ ਵਰਤੀ ਕਲਾ
ਸਾਹੋਤੇਆ ਲਿਆਤੇ ਬਈ, ਤੂਫ਼ਾਨ ਸਿੰਘਾਂ ਨੇ
ਕੇਸਰੀ ਝੁਲਾਤੇ ਆ, ਨਿਸ਼ਾਨ ਸਿੰਘਾਂ ਨੇ



-ਕੁਲਵੀਰ ਸਿੰਘ ਡਾਨਸੀਵਾਲ,
ਬੀ.ਸੀ. ਕੈਨੇਡਾ
778-863-2472

# ਤਪਦਾ ਸੂਰਜ ਮੱਚਦੀ ਧਰਤੀ

ਹਾਹਾਕਾਰ ਮੱਚੀ ਚਹੁੰ ਪਾਸੀਂ,
ਗਰਮੀ ਨੇ ਤਾਂ ਹੱਦ ਹੀ ਕਰ 'ਤੀ।
ਪਾਰਾ ਰੋਜ਼ ਹੀ ਚੜ੍ਹਦਾ ਜਾਵੇ,
ਤਪਦਾ ਸੂਰਜ ਮੱਚਦੀ ਧਰਤੀ।

ਦਾਨਿਸ਼ਵਰਾਂ ਨੇ ਸੱਚ ਕਿਹਾ ਹੈ :
ਜੋ ਬੀਜੇਗਾ ਸੋਈ ਖਾਵੇ।
ਸੋਲਾਂ ਆਨੇ ਗੱਲ ਹੈ ਸੱਚੀ :
ਆਪਣਾ ਕੀਤਾ ਆਪੇ ਪਾਵੇ।

ਜੰਗਲ ਸਾਰੇ ਵੱਢ ਸੁੱਟੇ ਨੇ,
ਕਿੱਥੋਂ ਭਾਲਦੈਂ ਠੰਡੀਆਂ ਛਾਵਾਂ।
ਬੰਜਰ ਸੁੰਨੀ ਧਰਤੀ ਹੋਈ,
ਰੁੱਖ ਹੈ ਕੋਈ ਟਾਵਾਂ ਟਾਵਾਂ।

ਖੰਭੇ, ਸਿਗਨਲ, ਟਾਵਰ ਦਿੱਸਦੇ,
ਤਕਨਾਲੋਜੀ ਨੇ ਜਾਲ ਵਿਛਾਇਆ।
ਧਰਤੀ, ਪਾਣੀ, ਪੌਣ ਬਚਾਈਏ,
ਏਹੋ ਹੈ ਅਸਲੀ ਸਰਮਾਇਆ।

ਨਵੇਂ ਯੁੱਗ ਦੇ ਲੋਕਾਂ ਨੂੰ ਮੈਂ,
ਬਸ ਇੱਕੋ ਗੱਲ ਹੈ ਕਹਿਣੀ।
ਕੁਦਰਤ ਨਾਲ ਨਾ ਪੰਗਾ ਲਈਏ,
ਸਾਦਾ ਰੱਖੀਏ ਰਹਿਣੀ ਬਹਿਣੀ।

ਆਲਮੀ ਤਪਸ਼ ਤੋਂ ਜੇਕਰ ਬਚਣਾ,
ਅੱਜ ਤੋਂ ਸਾਰੇ ਮਤਾ ਪਕਾਈਏ।
ਪ੍ਰਦੂਸ਼ਣ ਤੋਂ ਬਚ ਜਾਵਾਂਗੇ,
ਸਾਰੇ ਇੱਕ-ਇੱਕ ਰੁੱਖ ਲਗਾਈਏ।

ਅਜੇ ਵੀ ਵੇਲਾ ਬਣੋ ਸਿਆਣੇ,
ਨਾ ਕਰੀਏ ਇਹ ਮੂਰਖਤਾਈ।
ਰੁੱਖਾਂ ਦਾ ਕੋਈ ਬਦਲ ਨਹੀਂ ਹੈ,
ਰੁੱਖ ਲਗਾਈਏ ਥਾਓਂ-ਥਾਈਂ।



-ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ, ਤਲਵੰਡੀ
ਸਾਬੋ (ਬਠਿੰਡਾ)
94176-92015

# ਦੇਸੀ ਫਰਿੱਜਾਂ



ਪਿੱਲੀ ਮਿੱਟੀ ਦੇ ਘੜੇ, ਮੱਟੀਆਂ,
ਗਰੀਬਾਂ ਦੇ ਹੁੰਦੇ ਸੀ ਫਰਿੱਜ।
ਤੱਪਦੀ ਸਿਖ਼ਰ ਦੁਪਹਿਰ ਨੂੰ,
ਪਾਣੀ ਪੀਣ ਗਏ ਸਨ ਗਿੱਝ।

ਸੁਰਾਹੀ ਹੋਵੇ ਜਾਂ ਝੱਜਰ ਹੁੰਦੀ,
ਪਾਣੀ ਝੱਟ ਕਰੇ ਠੰਢਾ ਠਾਰ।
ਇੱਕ ਵਾਰੀ ਫਿਰ ਜਾ ਕੇ ਪੁੱਛੋ,
ਕੀ ਮਿਲਦੇ ਨੇ ਹੱਟ ਘੁਮਿਆਰ?

ਜੇ ਮਿਲੇ ਤਾਂ ਲੈ ਆਉਣੀਆਂ ਦੋ,
ਇੱਕ ਰੱਖੋ ਘਰੇ ਇੱਕ ਮੈਨੂੰ ਦੇਵੋ।
ਚਿੰਤਾ ਮੁੱਕ ਜਾਏ ਜੇਠ ਹਾੜ੍ਹ ਦੀ,
ਅਲਵਿਦਾ ਮਰਜ਼ ਨੂੰ ਕਹਿ ਦੇਵੋ।

ਆਈਆਂ ਗਰਮੀਆਂ ਡਾਢੀਆਂ,
ਤਾਪਮਾਨ ਗਿਆ ਹੈ ਛਾਲ ਮਾਰ ।
ਫਰਿੱਜ ਦਾ ਠੰਢਾ ਪਾਣੀ ਪੀ ਕੇ,
ਬਹੁਤੇ ਰਹਿੰਦੇ ਨੇ ਸਦਾ ਬਿਮਾਰ।

ਕੱਚੇ ਰਾਸਤੇ ਤੇ ਲੰਬੀਆਂ ਵਾਟਾਂ,
ਲੋਕੀਂ ਪੈਦਲ ਵਾਂਢੇ ਸੀ ਕੱਢਦੇ ।
ਰੁੱਖਾਂ ਦੇ ਥੱਲੇ ਪਾਣੀ ਦੇ ਮੱਟਕੇ,
ਠੰਢੀਆਂ ਛਾਂਵਾਂ ਮਸਾਂ ਸੀ ਲੱਭਦੇ ।

ਰੁੱਖੀ ਮਿੱਸੀ ਖਾ ਸ਼ੁਕਰ ਮਨਾਂਦੇ,
ਪੇਟ ਨੂੰ ਉਦੋਂ ਸੀ ਝੁਲਕਾ ਪਾਂਦੇ।
ਸਾਦਾ ਪਾਣੀ ਘੜੇ 'ਚੋਂ ਪੀ ਕੇ,
ਬੈਠ ਕੇ ਹੀਰ ਰਾਂਝਾ ਸੀ ਗਾਂਦੇ।

ਸਾਦੇ ਜ਼ਮਾਨੇ ਦੀਆਂ ਸਨ ਗੱਲਾਂ,
ਪੈਸੇ ਦੇ ਫੈਲਾਅ ਨੇ ਸ਼ੌਕ ਬਦਲੇ।
ਅੱਧਿਉਂ ਵੱਧ ਬੀਮਾਰ ਰਹਿੰਦੇ ਨੇ,
ਡਾਕਟਰ ਵੀ ਨਿੱਤ ਪੈਣੇ ਬਦਲੇ ।



-ਸੇਵਾ ਸਿੰਘ "ਨੂਰਪੁਰੀ"

# ਜੂਨ 1984

ਸ਼ਹੀਦਾਂ ਦੇ ਸਰਤਾਜ ਦਾ ਸ਼ਹੀਦੀ ਵਾਲਾ ਦਿਨ ਆਇਆ, ਸੰਗਤਾਂ ਨੇ ਆਈਆਂ ਦੂਰੋਂ-ਦੂਰੋਂ ਚੱਲ ਜੀ।
ਮੌਕੇ ਦੀ ਹਕੂਮਤ ਨੇ ਘੇਰਾ ਪਾਇਆ ਸੱਚਖੰਡ, ਫੌਜਾਂ ਜੰਗੀਆਂ ਸਮੇਤ ਲਏ ਮੋਰਚੇ ਨੇ ਮੱਲ ਜੀ।
ਮੀਂਹ ਵਾਂਗ ਵੈਰੀਆਂ ਵਰਾਤੇ ਗੋਲੇ ਗੋਲੀਆਂ ਨੇ, ਪਵਿੱਤਰ ਪਰਿਕਰਮਾ 'ਚ ਹੋਇਆ ਖ਼ੂਨ ਖ਼ੂਨ ਜੀ।
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ, ਮਹੀਨਾ ਭੁੱਲਣਾ ਨਹੀਂ ਸਿੱਖਾਂ ਨੂੰ 84 ਵਾਲਾ ਜੂਨ ਜੀ।
ਸੋਹਣੀ ਬੜੀ ਧਰਤੀ ਸਿਫਤ ਕੀ ਮੈਂ ਬੋਲ ਗਾਵਾਂ, ਜੱਗ ਤੋਂ ਨਿਆਰਾ ਸ੍ਰੀ ਅੰਮ੍ਰਿਤਸਰ ਜੀ।
ਸੱਚਖੰਡ ਸੋਭਦਾ ਲੋਕਾਈ ਇਹ ਤਾਰਨ ਨੂੰ, ਸ੍ਰੀ ਹਰਿਮੰਦਰ ਇਹ ਸਿਫਤੀ ਦਾ ਘਰ ਜੀ।
ਹਿਕ ਤਾਣ ਖੜ੍ਹਾ ਹੈ ਅਕਾਲ ਦਾ ਤਖ਼ਤ ਅੱਗੇ, ਦੁਨੀਆਂ ਦੇ ਨਾਲੋਂ ਜੀ ਦਾ ਵੱਖਰਾ ਕਾਨੂੰਨ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਹੱਕ ਸਾਨੂੰ ਮਿਲਦੇ ਜੇ ਮੋਰਚੇ ਕਿਉਂ ਲਾਉਣੇ ਪੈਂਦੇ, ਹਿੱਕਾਂ ਵਿਚ ਗੋਲੀਆਂ ਅਸੀਂ ਵੀ ਕਦੇ ਖਾਂਦੇ ਨਾ।
ਭਾਈ ਭਾਈ ਆਖ ਸਾਨੂੰ ਪਿੱਠ ਵਿਚ ਛੁਰਾ ਖੋਭ, ਬਣਦੀ ਆਜ਼ਾਦੀ ਸਾਡੀ ਖੋਹ ਕੇ ਲੈ ਜਾਂਦੇ ਨਾ।
ਊੜੇ ਉੱਤੇ ਹਮਲਾ ਤੇ ਜੂੜੇ ਉੱਤੇ ਹਮਲਾ ਜੀ, ਸਿੱਖੀ ਵਾਲਾ ਸਾਡੇ ਵਿਚ ਰੋਲਦੇ ਜਨੂੰਨ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਪਾਣੀ ਸਾਡੇ ਖੋਹੇ ਨਾਲੇ ਰੋਲੀ ਕਿਰਸਾਣੀ ਸਾਡੀ, ਪੰਜਾਬੀ ਬੋਲਦੇ ਇਲਾਕੇ ਵੀ ਨੇ ਖੋ ਕੇ ਸਾਥੋਂ ਲੈ ਗਏ।
ਹਮਲਾ ਜਵਾਨੀ ਉਤੇ ਨਸ਼ਿਆਂ ਦੇ ਦੌਰ ਦੇ ਕੇ, ਬਹੁਤ ਸਾਰੇ ਸਾਡੇ ਗੁਰੂ ਘਰ ਵੀ ਨੇ ਢਹਿ ਗਏ।
78 ਵਾਲਾ ਕਾਂਡ ਵੀ ਭੁਲਾਇਆ ਨਹੀਂਓਂ ਜਾਣਾ ਸਾਥੋਂ, ਕਿਵੇਂ ਕਿੰਨੇ ਵਾਰ ਲੱਗਾ ਸਾਡੇ ਜ਼ਖਮਾਂ 'ਤੇ ਲੂਣ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਹੱਕਾਂ ਲਈ ਲਗਾਇਆ ਧਰਮ ਯੁੱਧ ਮੋਰਚਾ ਹੈ, ਅਨੰਦਪੁਰ ਵਾਲਾ ਮਤਾ ਲਾਗੂ ਕਰਵਾਉਣ ਲਈ।
ਪੈ ਗਈ ਆ ਏਜੰਸੀਆਂ ਨੂੰ ਹੱਥਾਂ-ਪੈਰਾਂ ਦੀ ਹੈ ਫਿਰ, ਸਿੱਖਾਂ ਦੀ ਇਹ ਤਾਕਤ ਨੂੰ ਮੁੱਢ ਤੋਂ ਦਬਾਉਣ ਲਈ।
ਅਣਖੀ ਦਲੇਰ ਸੂਰਾ ਮੁਖੀ ਇਸ ਮੋਰਚੇ ਦਾ, ਸੰਤ ਜਰਨੈਲ ਸਿੰਘ ਵਿਚ ਨਾ ਕੋਈ ਊਣ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਕੀਤਾ ਹਰਿਮੰਦਰ 'ਤੇ ਹਮਲਾ ਹੈ ਹਾਕਮਾਂ ਨੇ, ਚਾਰੇ ਪਾਸੋਂ ਗੋਲੀਆਂ ਦੀ ਚਲਦੀ ਬੁਛਾੜ ਜੀ।
ਸ੍ਰੀ ਹਰਿਮੰਦਰ 'ਚ ਲੱਗੀਆਂ ਕਈ ਗੋਲੀਆਂ ਨੇ, ਮੱਥਾ ਟੇਕਦੇ ਕਈ ਸਿੱਖ ਥਾਏ ਦਿੱਤੇ ਮਾਰ ਜੀ।
ਗੋਲੀ ਇੱਕ ਲੱਗੀ ਗੁਰੂ ਗ੍ਰੰਥ ਜੀ ਸਰੂਪ ਵਿਚ, ਪੜ੍ਹ ਸੁਣ ਜਿਸ ਨੂੰ ਹੈ ਮਿਲਦਾ ਸਕੂਨ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਗੋਲਿਆਂ ਨਾਲ ਢਾਹਤਾ ਜੀ ਅਕਾਲ ਦਾ ਤਖ਼ਤ ਸਾਹਿਬ, ਮੀਰੀ ਪੀਰੀ ਵਾਲੀ ਜਿੱਥੋਂ ਆਵਦੀ ਆਵਾਜ਼ ਜੀ।
ਨਿਹੱਥੇ ਲੋਕ ਬੱਚੇ ਬੁੱਢੇ ਜਵਾਨ ਬਹੁਤੇ ਮਾਰ ਦਿੱਤੇ, ਗੁਰੂ ਘਰ ਜਾਣਕੇ ਵੀ ਕੀਤੀ ਨਾ ਲਿਹਾਜ਼ ਜੀ।
153 ਦਿਨ ਦੇਖਣ ਨਾ ਦਿੱਤੇ ਫਿਰ, ਮੋੜਦੇ ਨੇ ਭਾਜੀ ਸਦਾ ਸਿੰਘਾਂ ਦਾ ਜਨੂੰਨ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ....
ਸਤਪਾਲ ਸਿੰਘਾ ਦਿਲ ਸਾਡਾ ਹਰਿਮੰਦਰ ਹੈ, ਹੋਏ ਦਿਲ ਉੱਤੇ ਹਮਲੇ ਨੂੰ ਕਿਵੇਂ ਹੈ ਭੁਲਾ ਦਈਏ।
ਅੱਜ ਵੀ ਹੈ ਕੰਬ ਜਾਂਦੀ ਰੂਹ ਸੁਣ ਸਾਕਾ ਇਹ, ਹੰਝੂ ਅੱਖਾਂ ਵਿਚ ਆਉਂਦੇ ਨੇ ਜੇ ਕਿਸੇ ਨੂੰ ਸੁਣਾ ਦਈਏ।
ਅਕਾਲ ਤਖ਼ਤ ਮਹਾਨ ਹੈ ਤੇ ਪੰਥ ਦੀ ਸ਼ਾਨ ਇਹ, ਸੱਚ ਫਰਵਾਹੀ ਸ਼ਾਂਤ ਕਿਤੋਂ ਵੱਧ ਮੂਨ ਜੀ....
ਬੱਚੇ ਬੁੱਢੇ ਔਰਤਾਂ ਬੇਦੋਸ਼ੇ ਕਿੰਨੇ ਸਿੰਘ ਮਾਰੇ, ਮਹੀਨਾ ਭੁੱਲਣਾ ਨਹੀਂ ਸਿੰਘਾਂ ਨੂੰ ਚੁਰਾਸੀ ਵਾਲਾ ਜੂਨ ਜੀ



-ਗਿਆਨੀ ਸਤਪਾਲ ਸਿੰਘ ਫਰਵਾਹੀ
98147-32793

# ਸੂਰਤ-ਸੀਰਤ

ਤੇਰੀ ਤਾਂ ਇਸ ਦੁਨੀਆਂ 'ਤੇ ਸਰਦਾਰੀ ਏ।
ਤੇਰੀ ਸੂਰਤ-ਸੀਰਤ ਸਭ ਤੋਂ ਨਿਆਰੀ ਏ।

ਤੇਰੇ ਮੁੱਖ 'ਤੇ ਇੱਦਾਂ ਹਾਸਾ ਰਹਿੰਦਾ ਹੈ,
ਫੁੱਲਾਂ ਦੀ ਕੋਈ ਜਿੱਦਾਂ ਖਿੜੀ ਕਿਆਰੀ ਏ।

ਚਾਰ-ਚੰਨ ਤਾਂ ਲੱਗਦਾ ਹੋਰ ਸੁਹੱਪਣ ਨੂੰ,
ਸਿਰ 'ਤੇ ਤੂੰ ਜਦ ਲਈ ਹੁੰਦੀ ਫੁੱਲਕਾਰੀ ਏ।

ਤੇਰਾ ਦਿਲ ਝਰਨੇ ਦੇ ਵਾਂਗੂੰ ਨਿਰਮਲ ਹੈ,
ਤੈਨੂੰ ਰਹਿੰਦੀ ਹਰਦਮ ਚੜ੍ਹੀ ਖ਼ੁਮਾਰੀ ਏ।

ਮੇਰੇ ਕੋਲੋਂ ਤੇਰੀ ਸਿਫਤ ਨ੍ਹੀਂ ਹੋ ਸਕਦੀ,
ਤੇਰੇ ਤੋਂ ਤਾਂ ਕੁਦਰਤ ਵੀ ਬਲਿਹਾਰੀ ਏ।

ਸਿਦਕ-ਸਿਰੜ ਦੇ ਨਾਲ ਸਿਰੇ ਤੂੰ ਚਾੜ੍ਹ ਲਵੇਂ,
ਗੱਲ ਜਦੋਂ ਵੀ ਦਿਲ ਦੇ ਵਿਚ ਤੂੰ ਧਾਰੀ ਏ।

ਸੁੰਦਰਤਾ ਦੀ ਗੱਲ ਜਦੋਂ ਵੀ ਤੁਰਦੀ ਰਹੀ,
ਮੱਲ ਹਮੇਸ਼ਾ ਹੁਸਨ ਤੇਰੇ ਨੇ ਮਾਰੀ ਏ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ:+1-360-448-1989




REALTY ONE GROUP

**Gurjatinder S. Randhawa**

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com